ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ : ੬੭ ਵੈਸਾਖ-ਜੇਠ ਸੰਮਤ ਨਾਨਕਸ਼ਾਹੀ ੫੫੫ ਮਈ ੨੦੨੩ ਅੰਕ :੨
Vol. : 67 May 2023 Issue : 2

## ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

ਵਿਸ਼ੇਸ਼ ਅੰਕ



# ਸੰਦੇਸ਼

ਸਿੱਖ ਇਤਿਹਾਸ ਅਨੇਕਾਂ ਸੂਰਬੀਰ ਯੋਧਿਆਂ ਦੁਆਰਾ ਖਾਲਸਾ-ਪੰਥ ਦੀ ਚੜ੍ਹਦੀ ਕਲਾ ਅਤੇ ਸਿੱਖ ਰਾਜ ਦੇ ਵਿਸਥਾਰ ਲਈ ਘਾਲੀਆਂ ਗਈਆਂ ਬੇਅੰਤ ਘਾਲਣਾਵਾਂ ਤੇ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਦੇਸ਼ ਧਰਮ ਦੇ ਰਾਖੇ ਸਿੱਖ ਜਰਨੈਲਾਂ ਨੇ ਭਾਰਤ ਦੀ ਇੱਜ਼ਤ-ਆਬਰੂ ਤੇ ਮਾਲ-ਅਸਬਾਬ ਨੂੰ ਵੀ ਵਿਦੇਸ਼ੀ ਹਮਲਾਵਰਾਂ ਤੋਂ ਬਚਾਇਆ। ਇਨ੍ਹਾਂ ਜਰਨੈਲਾਂ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਨਾਮ ਮੂਹਰਲੀ ਕਤਾਰ ਵਿਚ ਸ਼ੁਮਾਰ ਹੈ। ਸਰਦਾਰ ਸਾਹਿਬ ਦਾ ਜਨਮ 5 ਮਈ, 1723 ਈ. ਨੂੰ ਈਚੋਗਿੱਲ ਦੇ ਸਥਾਨ 'ਤੇ ਪਿਤਾ ਸਰਦਾਰ ਭਗਵਾਨ ਸਿੰਘ ਦੇ ਘਰ ਮਾਤਾ ਗੰਗ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ ਦੇ ਦਾਦਾ ਭਾਈ ਹਰਦਾਸ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮੇਂ ਸ਼ਸਤਰ ਬਣਾਉਣ ਦੀ ਸੇਵਾ ਕਰਦੇ ਸਨ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੇ ਪਿਤਾ ਜੀ ਦੀ ਸ਼ਹੀਦੀ ਤੋਂ ਬਾਅਦ ਖਾਲਸਾ-ਪੰਥ ਨੂੰ ਜੋ ਸੇਵਾਵਾਂ ਦਿੱਤੀਆਂ ਉਹ ਲਾਮਿਸਾਲ ਹਨ। ਆਪ ਨੇ ਆਪਣੇ ਸਾਥੀ ਸਿੰਘਾਂ ਨਾਲ ਮਿਲ ਕੇ ਜਿਸ ਤਰ੍ਹਾਂ ਅਹਿਮਦਸ਼ਾਹ ਅਬਦਾਲੀ ਵਰਗਿਆਂ ਨੂੰ ਭਾਰਤ ਦੀ ਧਰਤੀ ਤੋਂ ਦੁੜਾਇਆ ਉਸ ਦੀ ਮਿਸਾਲ ਭਾਰਤ ਦੇ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦੀ। ਸਰਦਾਰ ਸਾਹਿਬ ਪੂਰਨ ਰੂਪ ਵਿਚ ਖਾਲਸਾ-ਪੰਥ ਨੂੰ ਸਮਰਪਿਤ ਸਨ। ਉਨ੍ਹਾਂ ਅੰਦਰ ਗੁਰੂ-ਘਰ ਪ੍ਰਤੀ ਅਥਾਹ ਸ਼ਰਧਾ ਤੇ ਸਤਿਕਾਰ ਸੀ। ਸਾਨੂੰ ਮਾਣ ਹੈ ਕਿ ਅਸੀਂ ਅਜਿਹੇ ਸੂਰਬੀਰਾਂ ਦੀ ਕੌਮ ਦੇ ਵਾਰਿਸ ਹਾਂ।

੨੨ ਵੈਸਾਖ, ਸੰਮਤ ਨਾਨਕਸ਼ਾਹੀ ੫੫੫ (5 ਮਈ, 2023 ਈ.) ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ 300 ਸਾਲਾ ਜਨਮ ਦਿਹਾੜਾ ਸੰਗਤ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਇਸ ਸੁਭਾਗੇ ਮੌਕੇ 'ਤੇ ਸੰਗਤ ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਮਹਾਨ ਪਰਉਪਕਾਰੀ ਜੀਵਨ-ਸੰਘਰਸ਼ ਤੋਂ ਜਾਣੂ ਕਰਵਾਉਣ ਲਈ ਧਰਮ ਪ੍ਰਚਾਰ ਕਮੇਟੀ,ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਗੁਰਮਤਿ ਪ੍ਰਕਾਸ਼' ਦਾ ਵਿਸ਼ੇਸ਼ ਅੰਕ ਵੱਖ-ਵੱਖ ਵਿਦਵਾਨਾਂ ਪਾਸੋਂ ਖੋਜ-ਭਰਪੂਰ ਲੇਖ ਲਿਖਵਾ ਕੇ ਤਿਆਰ ਕਰਵਾਇਆ ਗਿਆ ਹੈ। ਮੈਂ ਇਨ੍ਹਾਂ ਵਿਦਵਾਨ ਲੇਖਕਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਅੰਕ ਲਈ ਵਡਮੁੱਲੇ ਲੇਖ ਭੇਜੇ ਹਨ। ਮੈਨੂੰ ਆਸ ਹੈ ਕਿ ਸੰਗਤ ਇਸ ਅੰਕ ਨੂੰ ਪੜ੍ਹ ਕੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ-ਇਤਿਹਾਸ ਤੋਂ ਜਾਣੂ ਹੋ ਕੇ ਆਪਣੇ ਅਮੀਰ ਇਤਿਹਾਸਕ ਵਿਰਸੇ ਉੱਪਰ ਮਾਣ ਕਰੇਗੀ।

ਇਸ ਸ਼ੁਭ ਮੌਕੇ 'ਤੇ ਮੈਂ ਸਮੁੱਚੀ ਨਾਨਕ ਨਾਮ ਲੇਵਾ ਸਿੱਖ ਸੰਗਤ ਨੂੰ ਬਹੁਤ-ਬਹੁਤ ਵਧਾਈ ਦਿੰਦਾ ਹਾਂ। ਮੇਰੀ ਸੰਗਤ ਨੂੰ ਅਪੀਲ ਹੈ ਕਿ ਆਪਣੇ ਪੁਰਖਿਆਂ ਦੇ ਪਵਿੱਤਰ ਦਿਹਾੜੇ ਮਨਾਉਂਦਿਆਂ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੀਏ,ਆਪਣੇ ਬੱਚਿਆਂ ਨੂੰ ਬਾਣੀ ਅਤੇ ਬਾਣੇ ਨਾਲ ਜੋੜੀਏ ਤਾਂ ਹੀ ਇਹ ਦਿਹਾੜੇ ਮਨਾਉਣੇ ਸਫਲ ਹੋਣਗੇ।

ਗੁਰੂ-ਪੰਥ ਦਾ ਦਾਸ

(ਐਡਵੋਕੇਟ ਹਰਜਿੰਦਰ ਸਿੰਘ)
ਪ੍ਰਧਾਨ,ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

੧ਓ ਸਤਿਗੁਰ ਪ੍ਰਸਾਦਿ॥
ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਵੈਸਾਖ-ਜੇਠ, ਸੰਮਤ ਨਾਨਕਸ਼ਾਹੀ ੫੫੫ ਮਈ 2023

ਜਿਲਦ ੬੭ (Vol. 67) ਅੰਕ ੨ (Issue 2)

ਸੰਪਾਦਕ
ਸਤਵਿੰਦਰ ਸਿੰਘ

ਸਹਾਇਕ ਸੰਪਾਦਕ
ਬਿਕਰਮਜੀਤ ਸਿੰਘ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

ਫੋਨ: 0183-2553956-59 ਐਕਸ 304 ਫੈਕਸ: 0183-2553919
website : www.sgpc.net
e-mail :gurmatparkashmonthly@gmail.com,
gyan_gurmat@yahoo.com

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਕੌਮੀ ਚਿੰਤਨ ਹੋਵੇ ਸ਼ਤਾਬਦੀਆਂ ਦਾ ਉਦੇਸ਼ | -ਸਤਵਿੰਦਰ ਸਿੰਘ ਫੂਲਪੁਰ | ੮ |
| ਆਇਆ ਤਿਨ ਕਾ ਸਫਲੁ ਭਇਆ ਹੈ | -ਪ੍ਰੋ. ਮਨਜੀਤ ਸਿੰਘ | ੧੨ |
| ਪੰਥ ਦੀ ਸ਼ਾਨ : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੧੫ |
| ਸਰਦਾਰ ਜੱਸਾ ਸਿੰਘ ਰਾਮਗੜ੍ਹੀਆ: ਅਦੁੱਤੀ ਦੇਣ | -ਸ. ਤਰਲੋਚਨ ਸਿੰਘ | ੨੧ |
| ਵਿਰਾਸਤ ਦਾ ਪਹਿਰੇਦਾਰ : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ | -ਸ. ਜੈਤੇਗ ਸਿੰਘ ਅਨੰਤ | ੨੩ |
| ਮਿਸਲਦਾਰੀ ਕਾਲ ਦਾ ਸਿੱਖ ਰੋਲ-ਮਾਡਲ . . . | -ਪ੍ਰੋ. ਬਲਕਾਰ ਸਿੰਘ | ੨੬ |
| . . . ਸਿੱਖ ਰਾਜ ਦਾ ਉਸਰੱਈਆ ਤੇ ਦੂਰਦਰਸ਼ੀ ਨੇਤਾ | -ਸ. ਗਿਆਨ ਸਿੰਘ | ੩੨ |
| ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਬਾਰੇ ਪਾਏ ਭੁਲੇਖੇ ਦਾ ਸੱਚ ਕੀ ਹੈ? | -ਡਾ. ਅਮਰਜੀਤ ਕੌਰ ਇੱਬਣ ਕਲਾਂ | ੩੮ |
| ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਸ਼ਖ਼ਸੀਅਤ | -ਡਾ. ਪਰਮਵੀਰ ਸਿੰਘ | ੪੧ |
| ਸਿੱਖੀ ਸਿਦਕ ਦਾ ਮੁਜੱਸਮਾ : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ | -ਸ. ਉਜਾਗਰ ਸਿੰਘ | ੫੨ |
| ਪੰਥ ਦਾ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ | -ਸ. ਹਰਜਿੰਦਰ ਸਿੰਘ ਮੰਡੇਰ | ੫੫ |
| ਬਹੁਪੱਖੀ ਸ਼ਖ਼ਸੀਅਤ : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ | -ਡਾ. ਇੰਦਰਜੀਤ ਸਿੰਘ ਵਾਸੂ | ੬੧ |
| ਰੋਲ ਮਾਡਲ ਸਿੱਖ ਜਰਨੈਲ : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ | -ਸ. ਸੁਰਿੰਦਰ ਸਿੰਘ | ੬੯ |
| . . . ਪ੍ਰਸੰਗ ਜੱਸਾ ਸਿੰਘ ਰਾਮਗੜ੍ਹੀਆ | -ਡਾ. ਧਰਮ ਸਿੰਘ | ੭੪ |
| ਰਾਮਗੜ੍ਹੀਆ ਮਿਸਲ ਦੇ ਬਾਨੀ : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ | -ਡਾ. ਚਰਨਜੀਤ ਸਿੰਘ ਗੁਮਟਾਲਾ | ੭੯ |
| ਫ਼ਤਹ ਨਿਸ਼ਾਨ : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ | -ਡਾ. ਜਸਬੀਰ ਸਿੰਘ ਸਰਨਾ | ੮੩ |
| ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਕਿਰਦਾਰ | -ਬਿਕਰਮਜੀਤ ਸਿੰਘ ਜੀਤ | ੮੫ |
| ਇਤਿਹਾਸਕਾਰਾਂ ਦੀ ਨਜ਼ਰ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ | -ਸ. ਦੇਵਿੰਦਰ ਸਿੰਘ (ਜੀਆ ਨੱਥਾ) | ੯੧ |
| ਸਿੱਖ ਰਾਜਵੇਤਾ : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ | -ਡਾ. ਪਰਮਜੀਤ ਕੌਰ | ੯੬ |
| ਖ਼ਬਰਨਾਮਾ | | ੧੦੩ |

# ਗੁਰਬਾਣੀ ਵਿਚਾਰ

*ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥*
*ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥*
*ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥*
*ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥*
*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥*
*ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥*
*ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥*
*ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥*
*ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥੪॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ "ਬਾਰਹ ਮਾਹਾ ਮਾਂਝ" ਦੀ ਇਸ ਪਾਵਨ ਪਉੜੀ ਅੰਦਰ ਜੇਠ ਮਹੀਨੇ ਦੇ ਸਖ਼ਤ ਮੌਸਮ ਤੇ ਖਾਸ ਵਾਤਾਵਰਨ ਦੇ ਸੰਕੇਤਕ ਵਰਣਨ ਦੁਆਰਾ ਮਨੁੱਖ-ਮਾਤਰ ਨੂੰ ਪਰਮਾਤਮਾ ਦੇ ਪਵਿੱਤਰ ਨਾਮ ਨਾਲ ਜੁੜਦਿਆਂ, ਸੱਚੇ ਗੁਰੂ ਗਿਆਨ ਤੇ ਚੰਗੀ ਸੰਗਤ ਕਰਦਿਆਂ ਦੁਰਲੱਭ ਮਨੁੱਖਾ ਜਨਮ ਸਫ਼ਲ ਕਰਨ ਦਾ ਗੁਰਮਤਿ ਗਾਡੀ ਮਾਰਗ ਪ੍ਰਦਾਨ ਕਰਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜੇਠ ਮਹੀਨੇ ਵਿਚ ਹਰੀ ਪਰਮਾਤਮਾ, ਜਿਸ ਦੀ ਸਰਬ-ਸ਼ਕਤੀ ਮਾਨਤਾ ਕਰਕੇ ਸਾਰੇ ਹੀ ਜੀਵ ਉਸ ਅੱਗੇ ਝੁਕਦੇ ਹਨ, ਮਨੁੱਖ-ਮਾਤਰ ਨੂੰ ਉਸ ਦੇ ਪਵਿੱਤਰ ਨਾਮ ਨਾਲ ਹੀ ਜੁੜਨਾ ਚਾਹੀਦਾ ਹੈ। ਜੇਕਰ ਅਸਲ ਸੱਜਣ ਨੂੰ ਪਛਾਣ ਕੇ ਉਸ ਦਾ ਪੱਲਾ ਫੜ ਲਈਏ ਤਾਂ ਉਹ ਸ਼ਰਨ ਪਏ ਮਨੁੱਖ ਦੀ ਰੱਖਿਆ ਜ਼ਰੂਰ ਕਰਦਾ ਹੈ ਤੇ ਜੀਵ ਨੂੰ ਕਿਸੇ ਦੁਆਰਾ ਬੰਨ੍ਹੇ ਜਾਣ ਦਾ ਡਰ ਨਹੀਂ ਰਹਿੰਦਾ। ਦੂਜੇ ਸ਼ਬਦਾਂ ਵਿਚ ਮਨੁੱਖ ਪ੍ਰਭੂ-ਨਾਮ ਨਾਲ ਜੁੜ ਕੇ ਜਮਾਂ ਦੀ ਫਾਹੀ ਜਾਂ ਤ੍ਰਾਸ ਤੋਂ ਬਚਿਆ ਰਹਿੰਦਾ ਹੈ। ਗੁਰੂ ਪਾਤਸ਼ਾਹ ਜੀ ਕਥਨ ਕਰਦੇ ਹਨ ਕਿ ਪਰਮਾਤਮਾ ਦਾ ਨਾਮ ਅਜਿਹਾ ਕੀਮਤੀ ਮੋਤੀ ਹੈ ਜਿਸ ਨੂੰ ਜੀਵ ਪ੍ਰਾਪਤ ਕਰ ਲਵੇ ਤਾਂ ਇਹ ਉਸ ਤੋਂ ਕੋਈ ਵੀ ਸੰਨ੍ਹ ਲਾ ਕੇ ਖੋਹ ਨਹੀਂ ਸਕਦਾ। ਨਾਮ ਚੇਤੇ ਰੱਖਣ ਕਰਕੇ ਪਰਮਾਤਮਾ ਦੇ ਜਿੰਨੇ ਵੀ ਰੰਗ ਹਨ ਉਹ ਸਾਰੇ ਇਸ ਨਾਲ ਜੁੜਨ ਵਾਲੇ ਨੂੰ ਚੰਗੇ ਲਗਦੇ ਹਨ ਭਾਵ ਨਾਮ ਨਾਲ ਜੁੜਨ ਵਾਲਾ ਹਰ ਘਟਨਾ ਜਾਂ ਵਰਤਾਰੇ ਨੂੰ ਸਹਿਜ ਰੂਪ 'ਚ ਲੈਂਦਾ ਹੋਇਆ ਪ੍ਰੇਸ਼ਾਨ ਨਹੀਂ ਹੁੰਦਾ। ਸਤਿਗੁਰੂ ਜੀ ਤੱਤਸਾਰ ਬਖਸ਼ਦੇ ਹੋਏ ਫੁਰਮਾਉਂਦੇ ਹਨ ਕਿ ਪਰਮਾਤਮਾ ਜੋ ਚਾਹੁੰਦਾ ਹੈ ਉਹੀ ਕਰਦਾ ਹੈ। ਉਹ ਜਿਵੇਂ ਜੀਵਾਂ ਤੋਂ ਕਰਾਉਂਦਾ ਹੈ ਜੀਵ ਉਵੇਂ ਕਰਦੇ ਹਨ। ਅਜਿਹੇ ਸੁਭਾਗੇ-ਜਨ ਹੁੰਦੇ ਹਨ ਜਿਨ੍ਹਾਂ ਨੂੰ ਮਾਲਕ ਆਪਣਾ ਬਣਾ ਲੈਂਦਾ ਹੈ। ਉਨ੍ਹਾਂ ਨੂੰ ਸ਼ੋਭਾ, ਧੰਨਤਾ ਦੇ ਪਾਤਰ ਆਖੋ। ਆਪਣੇ ਨਾਲ ਜੋੜ ਲੈਣਾ ਉਸ ਮਾਲਕ ਦੀ ਕਿਰਪਾ-ਬਖ਼ਸ਼ਿਸ਼ ਦੁਆਰਾ ਹੀ ਹੋ ਸਕਦਾ ਹੈ। ਜੇਕਰ ਮਨੁੱਖ ਦੇ ਸਿਰਫ ਆਪਣੇ ਯਤਨ ਫਲਦਾਇਕ ਹੋ ਸਕਦੇ ਹੋਣ ਤਾਂ ਫਿਰ ਉਹ ਮਾਲਕ ਤੋਂ ਕਿਉਂ ਵਿੱਛੜਨਗੇ ਤੇ ਕਿਉਂ ਰੋਣਗੇ? ਸਾਧੂ ਭਾਵ ਸੱਚੇ ਗੁਰੂ ਦਾ ਸਾਥ ਮਿਲ ਜਾਵੇ ਤਦ ਹੀ ਰੂਹਾਨੀ ਜੀਵਨ ਮਿਲ ਸਕਦਾ ਹੈ ਜਿਸ ਵਿਚ ਅਸਲ ਅਨੰਦ ਹੈ। ਜਿਸ ਮਨੁੱਖ ਦੇ ਮੱਥੇ ਦੇ ਭਾਗ ਪ੍ਰਗਟ ਹੋਣ, ਮਨੁੱਖਾ ਜੀਵਨ ਰੂਪੀ ਜੇਠ ਦਾ ਮਹੀਨਾ ਉਸ ਲਈ ਦੁਖਦਾਈ ਨਹੀਂ ਬਲਕਿ ਰੰਗੀਲਾ ਤੇ ਅਨੰਦ-ਦਾਇਕ ਹੈ। ■

ਸੰਪਾਦਕੀ...

# ਦੇਸ਼ ਦੀ ਅਜ਼ਮਤ ਦਾ ਰਾਖਾ . . .

ਹਜ਼ਾਰਾਂ ਸਾਲਾਂ ਤੋਂ ਗ਼ੁਲਾਮੀ ਹੇਠ ਨਪੀੜੇ ਇਸ ਦੇਸ਼ ਅੰਦਰ ਲੱਗਭਗ ਦੋ ਸੌ ਚਾਲੀ ਕੁ ਸਾਲ ਦੀ ਇਤਿਹਾਸਿਕ ਆਯੂ ਵਾਲੀ ਕੌਮ ਇਸ ਸਦੀਆਂ ਬੱਧੀ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜ ਕੇ ਸੁਤੰਤਰ ਰਾਜ ਸਥਾਪਿਤ ਕਰ ਲਵੇ, ਅਜਿਹਾ ਮਹਾਂ-ਇਨਕਲਾਬ ਸਿੱਖ ਕੌਮ ਤੋਂ ਇਲਾਵਾ ਦੁਨੀਆ ਦੇ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦਾ। ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਵਿਚ ਦੇਸ਼-ਧਰਮ ਦੀ ਰਾਖੀ ਲਈ ਬੇਅੰਤ ਸਿੰਘਾਂ ਸਿੰਘਣੀਆਂ ਨੇ ਲਾਮਿਸਾਲ ਘਾਲਣਾਵਾਂ ਘਾਲੀਆਂ ਹਨ। ਸਿੱਖ ਧਰਮ ਦੇ ਮਹਾਨ ਯੋਧਿਆਂ ਨੇ ਆਪਣੀਆਂ ਵਡਮੁੱਲੀਆਂ ਸੇਵਾਵਾਂ ਦੇ ਕੇ ਸਿੱਖੀ ਦੇ ਮਹੱਲ ਦੀਆਂ ਨੀਹਾਂ, ਮਜ਼ਬੂਤ ਕੀਤੀਆਂ। ਇਨ੍ਹਾਂ ਮਹਾਨ ਸੂਰਬੀਰ ਯੋਧਿਆਂ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਨਾਮ ਵਿਸ਼ੇਸ਼ ਵਰਣਨਯੋਗ ਹੈ। ਦੇਸ਼ ਦੀ ਅਜ਼ਮਤ ਦੇ ਰਾਖੇ ਸਰਦਾਰ ਸਾਹਿਬ ਨੇ ਜਿੱਥੇ ਬਾਹਰੋਂ ਆਉਂਦੇ ਹਮਲਾਵਰਾਂ ਦੇ ਮੂੰਹ ਭੰਨੇ ਉੱਥੇ ਉਨ੍ਹਾਂ ਨੇ ਸਿੱਖ-ਪੰਥ ਦੀ ਆਨ-ਬਾਨ ਤੇ ਸ਼ਾਨ ਨੂੰ ਕਾਇਮ ਰਖਣ ਹਿੱਤ ਕਈ ਉਪਰਾਲੇ ਕੀਤੇ। ਉਹ 'ਬੰਦੀ ਛੋੜ' ਬਣ ਕੇ ਭਾਰਤ ਦੀਆਂ ਬਹੂ-ਬੇਟੀਆਂ ਦੇ ਵੀ ਰਾਖੇ ਬਣੇ ਤੇ ਉਨ੍ਹਾਂ ਪੰਥਕ ਮਾਣ-ਮਰਯਾਦਾ ਨੂੰ ਬਹਾਲ ਰਖਿਆ। ਉਨ੍ਹਾਂ ਆਪਣੇ ਗੁਰਦੁਆਰਾ ਸਾਹਿਬਾਨ ਅਤੇ ਆਪਣੀਆਂ ਪਰੰਪਰਾਵਾਂ ਨੂੰ ਸੁਰਜੀਤ ਰੱਖਣ ਲਈ ਕਈ ਮਹੱਤਵਪੂਰਨ ਯੋਗਦਾਨ ਪਾਏ। ਅਠਾਰ੍ਹਵੀਂ ਸਦੀ ਦੇ ਇਤਿਹਾਸ ਦੀ ਗੱਲ ਉਦੋਂ ਤਕ ਸੰਪੂਰਨ ਨਹੀਂ ਹੁੰਦੀ ਜਾਪੇਗੀ ਜਦ ਤਕ ਅਸੀਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦੀਆਂ ਦਿੱਤੀਆਂ ਲਾ-ਮਿਸਾਲ ਸੇਵਾਵਾਂ ਦਾ ਜ਼ਿਕਰ ਨਹੀਂ ਕਰਦੇ।

ਆਪਣੇ ਪੁਰਖਿਆਂ ਨੂੰ ਸਦਾ ਯਾਦ ਰੱਖਣਾ ਜਾਗਦੀਆਂ ਕੌਮਾਂ ਦੀ ਨਿਸ਼ਾਨੀ ਹੁੰਦੀ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਲਾਸਾਨੀ ਸਿੱਖ ਇਤਿਹਾਸ ਨੂੰ ਪ੍ਰਚਾਰਨ ਪ੍ਰਸਾਰਨ ਲਈ ਸਦਾ ਯਤਨਸ਼ੀਲ ਹੈ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ੩੦੦ ਸਾਲਾ ਜਨਮ ਦਿਹਾੜੇ ਨੂੰ ਸਮਰਪਿਤ ਮਈ ਮਹੀਨੇ 'ਗੁਰਮਤਿ ਪ੍ਰਕਾਸ਼' ਦਾ *ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵਿਸ਼ੇਸ਼ ਅੰਕ* ਪ੍ਰਕਾਸ਼ਿਤ ਕੀਤਾ ਗਿਆ ਹੈ। ਹਥਲੇ ਵਿਸ਼ੇਸ਼ ਅੰਕ ਵਿਚ ਅਸੀਂ ਸਰਕਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜੀਵਨ-ਸੰਘਰਸ਼ ਬਾਰੇ ਪਾਠਕਾਂ ਨਾਲ ਸਾਂਝ ਪਵਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਅੰਕ ਵਿਚ ਦੇਸ਼-ਵਿਦੇਸ਼ ਤੋਂ ਪ੍ਰਸਿੱਧ

ਵਿਦਵਾਨਾਂ ਪਾਸੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ, ਸ਼ਖ਼ਸੀਅਤ, ਕਾਰਜ ਅਤੇ ਪ੍ਰਾਪਤੀਆਂ ਬਾਰੇ ਉੱਚੇਚੇ ਤੌਰ ਤੇ ਲੇਖ ਲਿਖਵਾ ਕੇ ਪ੍ਰਕਾਸ਼ਿਤ ਕੀਤੇ ਗਏ ਹਨ।

ਇਸ ਅੰਕ ਰਾਹੀਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਇਤਿਹਾਸ ਬਾਰੇ ਪਏ ਕੁਝ ਭੁਲੇਖਿਆਂ ਨੂੰ ਦੂਰ ਕਰ ਕੇ ਪਾਠਕਾਂ ਦੇ ਸਨਮੁਖ ਸਹੀ ਜਾਣਕਾਰੀ ਪੇਸ਼ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ ਹੈ। ਇੱਕੋ ਸ਼ਖ਼ਸੀਅਤ ਬਾਰੇ ਸਾਰੇ ਲੇਖ ਹੋਣ ਕਾਰਨ ਦੁਹਰਾਓ ਦੀ ਸੰਭਾਵਨਾ ਨੂੰ ਕਾਫੀ ਹੱਦ ਤਕ ਘੱਟ ਕਰਨ ਦਾ ਯਤਨ ਕੀਤਾ ਗਿਆ ਹੈ। ਲੇਖਕਾਂ ਦੁਆਰਾ ਲੇਖ ਲਿਖਣ ਸਮੇਂ ਵੱਖ-ਵੱਖ ਸ੍ਰੋਤਾਂ ਨੂੰ ਆਧਾਰ ਬਣਾਇਆ ਜਾਂਦਾ ਹੈ ਜਿਸ ਕਾਰਨ ਤੱਥਾਂ, ਗਿਣਤੀਆਂ-ਮਿਣਤੀਆਂ ਦੇ ਵਖਰੇਵੇਂ ਦੀ ਸੰਭਾਵਨਾ ਬਣ ਜਾਂਦੀ ਹੈ। ਅਸੀਂ ਇਨ੍ਹਾਂ ਵਖਰੇਵਿਆਂ ਨੂੰ ਕਾਫੀ ਹੱਦ ਤਕ ਖਤਮ ਕਰ ਕੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਸ਼ਖ਼ਸੀਅਤ ਨੂੰ ਉਭਾਰਨ ਦਾ ਵਧੇਰੇ ਯਤਨ ਕੀਤਾ ਹੈ।

ਹਥਲੇ ਅੰਕ ਦੇ ਅਕਾਰ ਦੀ ਸੀਮਾ ਕਾਰਨ ਕੁਝ ਵਿਦਵਾਨਾਂ ਦੇ ਲੇਖ ਇਸ ਅੰਕ ਵਿਚ ਪ੍ਰਕਾਸ਼ਿਤ ਨਹੀਂ ਹੋ ਸਕੇ, ਜਿਨ੍ਹਾਂ ਨੂੰ ਅਗਾਮੀ ਅੰਕ ਵਿਚ ਪ੍ਰਕਾਸ਼ਿਤ ਕੀਤਾ ਜਾਵੇਗਾ। ਅਜਿਹੇ ਵਿਸ਼ੇਸ਼ ਅੰਕਾਂ ਰਾਹੀਂ ਪਾਠਕਾਂ ਅਤੇ ਖਾਸਕਰ ਨੌਜੁਆਨ ਪੀੜ੍ਹੀ ਨੂੰ ਆਪਣੇ ਪੁਰਖਿਆਂ ਦੇ ਸ਼ਾਨਾਂਮੱਤੇ ਇਤਿਹਾਸ ਬਾਰੇ ਪੜ੍ਹ ਕੇ ਮਾਣ ਮਹਿਸੂਸ ਹੁੰਦਾ ਹੈ। ਆਸ ਹੈ ਕਿ ਨੌਜੁਆਨ ਪੀੜ੍ਹੀ ਇਸ ਵਿਸ਼ੇਸ਼ ਅੰਕ ਨੂੰ ਪੜ੍ਹ ਕੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਪਰਉਪਕਾਰੀ ਜੀਵਨ-ਸੰਘਰਸ਼ ਤੋਂ ਪ੍ਰੇਰਨਾ ਲੈਂਦਿਆਂ ਆਪਣੇ ਧਰਮ ਵਿਚ ਪ੍ਰਪੱਕ ਰਹਿ ਕੇ ਕੌਮ ਅਤੇ ਮਨੁੱਖਤਾ ਦੀ ਸੇਵਾ ਲਈ ਤਿਆਰ ਹੋਵੇਗੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ ਜੀਵਨ ਕੌਮ ਲਈ ਸਦਾ ਹੀ ਚਾਨਣ-ਮੁਨਾਰਾ ਰਹੇਗਾ। ਸਰਦਾਰ ਸਾਹਿਬ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਜੇਕਰ ਅਸੀਂ ਨਿੱਜ-ਸਵਾਰਥ ਤੋਂ ਉੱਪਰ ਉੱਠ ਕੇ ਤਿਆਗ ਦੀ ਭਾਵਨਾ ਨਾਲ ਕੌਮੀ ਸੇਵਾ ਲਈ ਵਚਨਬੱਧ ਹੋਵਾਂਗੇ ਤਾਂ ਇਹ ਜਨਮ ਸ਼ਤਾਬਦੀ ਮਨਾਉਣੀ ਸਫਲ ਹੋਵੇਗੀ।

*-ਸਤਵਿੰਦਰ ਸਿੰਘ ਫੂਲਪੁਰ*

*ਮੋ : +੯੧ ੯੯੧੪੪-੧੯੪੯੪*

■

*ਸੰਪਾਦਕੀ ਲੇਖ*

# ਕੌਮੀ ਚਿੰਤਨ ਹੋਵੇ ਸ਼ਤਾਬਦੀਆਂ ਦਾ ਉਦੇਸ਼

*-ਸਤਵਿੰਦਰ ਸਿੰਘ ਫੂਲਪੁਰ**

ਕਿਸੇ ਕੌਮ ਦੇ ਕਿਰਦਾਰ ਦੀ ਸਿਰਜਣਾ ਧਰਮ ਆਗੂਆਂ ਦੁਆਰਾ ਦਰਸਾਏ ਆਦਰਸ਼ਾਂ ਉੱਪਰ ਨਿਰਭਰ ਕਰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਹਾਨੀ ਅਤੇ ਮਨੁੱਖਤਾਵਾਦੀ ਵਿਚਾਰਾਂ ਨੇ ਸਦੀਆਂ ਤੋਂ ਗ਼ੁਲਾਮੀ ਸਹਿ ਕੇ ਮਾਨਸਿਕ ਤੌਰ 'ਤੇ ਮੁਰਦਾ ਹੋ ਚੁੱਕੀ ਲੋਕਾਈ ਨੂੰ ਸੁਰਜੀਤ ਕੀਤਾ। ਦੇਸ਼-ਕੌਮ ਦੀਆਂ ਹੱਦਬੰਦੀਆਂ ਤੋਂ ਉੱਪਰ ਸਮੁੱਚੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲਿਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਲਵਾਨ ਸੁਰਤ ਦੇ ਨਾਲ-ਨਾਲ ਸਰੀਰਿਕ ਬਲਵਾਨਤਾ ਨੂੰ ਵੀ ਲਾਜ਼ਮੀ ਸਮਝਦਿਆਂ ਮੱਲ ਅਖਾੜਿਆਂ ਦਾ ਨਿਰਮਾਣ ਕਰਵਾਇਆ। ਇਕੱਲੀ ਬਲਵਾਨ ਸੁਰਤ ਜਾਂ ਇਕੱਲਾ ਬਲਵਾਨ ਸਰੀਰ ਸ਼ਸਤਰ ਦੀ ਸਹੀ ਵਰਤੋਂ ਨਹੀਂ ਕਰ ਸਕਦਾ। ਦੋਹਾਂ ਦਾ ਸੁਮੇਲ ਹੋ ਜਾਣ 'ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੌਮ ਨੂੰ ਸ਼ਸਤਰਧਾਰੀ ਬਣਾਇਆ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਸ਼ਸਤਰਧਾਰੀ ਖਾਲਸਾ ਪੰਥ ਦੀ ਸਿਰਜਣਾ ਕੀਤੀ। ਗੁਰੂ ਸਾਹਿਬਾਨ ਦੁਆਰਾ ਦਰਸਾਏ ਆਦਰਸ਼ਾਂ ਉੱਪਰ ਚੱਲ ਕੇ ਗੁਰਸਿੱਖਾਂ ਨੇ ਅਜਿਹੇ ਉੱਚੇ-ਸੁੱਚੇ ਕੌਮੀ ਕਿਰਦਾਰ ਦੀ ਸਿਰਜਣਾ ਕੀਤੀ ਜਿਸ ਦਾ ਆਦਰਸ਼ ਕੌਮੀਅਤ ਦੇ ਨਾਲ-ਨਾਲ ਹਮੇਸ਼ਾ ਮਨੁੱਖਤਾਵਾਦੀ ਰਿਹਾ। ਬਾਬਾ ਬੰਦਾ ਸਿੰਘ ਬਹਾਦਰ, ਮਿਸਲ ਕਾਲ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਮਨੁੱਖਤਾਵਾਦੀ ਰਾਜ ਪ੍ਰਬੰਧ ਇਸ ਦੀ ਆਦਰਸ਼ਕ ਮਿਸਾਲ ਰਿਹਾ ਹੈ।

ਸਰਬੰਸਦਾਨੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਦੀ ਧਰਤੀ ਤੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੰਘ ਸਜਾ ਕੇ ਜ਼ੁਲਮ ਦਾ ਨਾਸ਼ ਕਰਨ ਲਈ ਪੰਜਾਬ ਵੱਲ ਤੋਰਿਆ। ਗੁਰੂ ਸਾਹਿਬਾਨ ਦੇ ਆਸ਼ਿਆਂ ਵਾਲੇ ਹਲੀਮੀ ਰਾਜ ਦੀ ਸਥਾਪਤੀ ਲਈ ਬੇਅੰਤ ਸਿੰਘਾਂ-ਸਿੰਘਣੀਆਂ, ਬੱਚਿਆਂ, ਬਜ਼ੁਰਗਾਂ ਸਮੇਤ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਹਕੂਮਤ ਵੱਲੋਂ ਸਿੱਖਾਂ ਉੱਪਰ ਸ਼ੁਰੂ ਹੋਏ ਜ਼ੁਲਮ ਵਿਰੁੱਧ ਸਿੱਖ ਸੰਗਰਾਮ ਦੀ ਬੜੀ ਲੰਮੀ ਦਾਸਤਾਨ ਹੈ। ਇਸ ਵਿਚ ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਬਘੇਲ ਸਿੰਘ ਆਦਿ ਸਿੰਘਾਂ ਨੇ ਹਕੂਮਤੀ ਜ਼ੁਲਮ ਵਿਰੁੱਧ ਸਿੱਖ ਸੰਘਰਸ਼ ਨੂੰ ਅੱਗੇ ਤੋਰਿਆ।

---

**ਸੰਪਾਦਕ, ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ। ਮੋ:- +੯੧ ੯੯੧੪੪-੧੯੪੯੪*

ਲੰਮਾਂ ਸਮਾਂ ਗ਼ੁਲਾਮੀ ਸਹਿ ਕੇ ਭਾਰਤੀ ਸਮਾਜ ਬੇ-ਗ਼ੈਰਤ ਜੀਵਨ ਜਿਊਣ ਦਾ ਆਦੀ ਹੋ ਚੁੱਕਾ ਸੀ। ਇਹ ਬੇ-ਗ਼ੈਰਤ ਸਮਾਜ ਮਾਨਸਿਕ ਗ਼ੁਲਾਮੀ ਪ੍ਰਵਾਨ ਕਰ ਕੇ ਆਪਣੀ ਬੋਲੀ, ਆਪਣੇ ਪਹਿਰਾਵੇ ਅਤੇ ਆਪਣੇ ਸੱਭਿਆਚਾਰ ਨੂੰ ਤਿਲਾਂਜਲੀ ਦੇ ਕੇ ਜਲਾਲਤ ਭਰਪੂਰ ਜ਼ਿੰਦਗੀ ਜਿਊਣ ਲਈ ਰਜ਼ਾਮੰਦ ਹੋ ਚੁੱਕਾ ਸੀ। ਅਠਾਰ੍ਹਵੀਂ ਸਦੀ ਦੇ ਸਿੱਖ ਸੂਰਬੀਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਸਾਥੀ ਸਿੰਘਾਂ ਨੇ ਗੁਰਮਤਿ ਵਿਚਾਰਧਾਰਾ *ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥* ਅਨੁਸਾਰ ਅਣਖ ਭਰਪੂਰ ਜੀਵਨ ਜਿਊਣ ਲਈ ਜ਼ੁਲਮੀ ਮੁਗ਼ਲ ਹਕੂਮਤ ਨਾਲ ਲੰਮਾ ਸਮਾਂ ਸੰਘਰਸ਼ ਕੀਤਾ ਅਤੇ ਵਿਦੇਸ਼ੀ ਹਮਲਾਵਰਾਂ ਦੇ ਸਾਹਮਣੇ ਢਾਲ ਵਾਂਗੂ ਖੜ੍ਹ ਕੇ ਭਾਰਤ-ਵਾਸੀਆਂ ਦੀ ਪੱਤ ਦੇ ਰਾਖੇ ਬਣੇ। ਸਿੱਖ ਤਵਾਰੀਖ ਨੂੰ ਫਰੋਲ ਕੇ ਵੇਖੀਏ ਤਾਂ ਇਕ ਇਕ ਦਿਨ ਦਾ ਇਤਿਹਾਸ ਜੋ ਸਾਡੇ ਪੁਰਖਿਆਂ— ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਸਾਥੀ ਸਿੰਘਾਂ ਨੇ ਸਿਰਜਿਆ ਹੈ, ਸਦੀਵ ਕਾਲ ਤਕ ਮਨੁੱਖਤਾ ਲਈ ਪ੍ਰੇਰਨਾ ਸਰੋਤ ਬਣਿਆ ਰਹੇਗਾ।

ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਨਾਮ ਮੂਹਰਲੀ ਕਤਾਰ ਵਿਚ ਆਉਂਦਾ ਹੈ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇਜ ਪ੍ਰਤਾਪ ਵਾਲੇ, ਨਿਪੁੰਨ ਨੀਤੀਵਾਨ, ਬਹਾਦਰ, ਸੂਝਵਾਨ, ਦਿਆਲੂ, ਨਿਆਂਕਾਰੀ ਸ਼ਖ਼ਸੀਅਤ ਅਤੇ ਦੂਰ-ਅੰਦੇਸ਼ੀ ਸੋਚ ਦੇ ਮਾਲਕ ਸਨ। ਸਰਦਾਰ ਸਾਹਿਬ ਜੀ ਨੇ ਮਨੁੱਖੀ ਹੱਕਾਂ, ਪੰਥ ਦੀ ਚੜ੍ਹਦੀ ਕਲਾ, ਦੇਸ਼ ਦੀ ਰਾਖੀ ਅਤੇ ਮਜ਼ਲੂਮਾਂ ਦੀ ਸੇਵਾ ਲਈ ਆਪਣਾ ਪੂਰਾ ਜੀਵਨ ਸਮਰਪਿਤ ਕਰ ਦਿੱਤਾ। ਉਨ੍ਹਾਂ ਨੇ ਵਿਦੇਸ਼ੀ ਜ਼ਾਲਮਾਂ ਦੀ ਤਲਵਾਰ ਅੱਗੇ ਸੀਨਾ ਡਾਹ ਕੇ ਸਦੀਆਂ ਤੋਂ ਜ਼ੁਲਮ ਹੇਠ ਨਪੀੜੇ ਆ ਰਹੇ ਭਾਰਤੀਆਂ ਨੂੰ ਸਕੂਨ ਦੀ ਜ਼ਿੰਦਗੀ ਜਿਊਣ ਦਾ ਮੌਕਾ ਬਖ਼ਸ਼ਿਆ। ਗ਼ਜ਼ਨੀ ਦੇ ਬਜ਼ਾਰਾਂ ਵਿਚ ਬੇ-ਪੱਤ ਹੁੰਦੀਆਂ ਭਾਰਤੀ ਇਸਤਰੀਆਂ ਦੀ ਆਬਰੂ ਨੂੰ ਬਚਾਇਆ। ਪਹਾੜੀ ਇਲਾਕੇ ਕਟੋਚੀ, ਚੰਬਾ, ਹਰੀਪੁਰ ਆਦਿ ਤੋ ਲੈ ਕੇ ਦਿੱਲੀ ਮੇਰਠ ਤਕ ਮੱਲਾਂ ਮਾਰੀਆਂ। ਬਹੁਤ ਸਾਰੇ ਕਿਲ੍ਹਿਆਂ ਦਾ ਨਿਰਮਾਣ ਕਰਵਾਇਆ।

ਅਜਿਹੇ ਮਹਾਨ ਸਿੱਖ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ ਮਨਾਉਂਦਿਆਂ ਉਨ੍ਹਾਂ ਦੇ ਜੀਵਨ-ਸੰਘਰਸ਼ ਅਤੇ ਪੰਥ-ਪ੍ਰਸਤ ਸੋਚ ਤੋਂ ਸੇਧ ਲੈ ਕੇ ਕੌਮ ਦੀ ਚੜ੍ਹਦੀ ਕਲਾ ਲਈ ਉੱਦਮਸ਼ੀਲ ਹੋਣ ਦੀ ਲੋੜ ਹੈ। ਇਸ ਮੌਕੇ ਪੰਥ ਦੇ ਮੌਜੂਦਾ ਹਾਲਾਤ ਉੱਪਰ ਚਿੰਤਨ ਕਰਨ ਦੀ ਵੀ ਲੋੜ ਹੈ। ੧੮ਵੀਂ ਸਦੀ ਵਿਚ ਜਦੋਂ ਸਿੱਖ ਦੀਵਾਲੀ, ਵੈਸਾਖੀ ਮੌਕੇ ਇਕੱਠੇ ਹੁੰਦੇ ਤਾਂ ਮੁਗ਼ਲ ਹਕੂਮਤ ਇਨ੍ਹਾਂ ਪੰਥਕ ਇਕੱਠਾਂ ਨੂੰ ਨਾ-ਕਾਮਯਾਬ ਕਰਨ ਦੀਆਂ ਕੋਸ਼ਿਸ਼ਾਂ ਕਰਦੀ ਸੀ। ਪਰ ਅੱਜ ਅਜ਼ਾਦ ਭਾਰਤ ਵਿਚ, ਜਿਸ ਦੀ ਅਜ਼ਾਦੀ ਲਈ ਮੁਗ਼ਲ ਹਕੂਮਤ ਅਤੇ ਅੰਗਰੇਜ਼ ਕਾਲ ਵਿਚ ਸਭ ਤੋਂ ਵੱਧ ਕੁਰਬਾਨੀਆਂ ਸਿੱਖਾਂ ਨੇ ਦਿੱਤੀਆਂ ਹਨ, ਉਸ ਕੌਮ ਦੀ ਵੈਸਾਖੀ

ਦੇ ਪਾਵਨ ਪੁਰਬ ਉੱਪਰ ਤਖਤ ਸ੍ਰੀ ਦਮਦਮਾ ਸਾਹਿਬ ਜਾਂਦਿਆਂ ਪੰਜਾਬ ਸਰਕਾਰ ਦੁਆਰਾ ਪੁਲਿਸ ਰਾਹੀਂ ਤਲਾਸ਼ੀ ਲੈਣੀ ਜਿੱਥੇ ਸ਼ਰਮਨਾਕ ਵਰਤਾਰਾ ਹੈ, ਉੱਥੇ ਸਿੱਖਾਂ ਲਈ ਇਹ ਵਰਤਾਰਾ ਬੇਗਾਨਗੀ ਦਾ ਅਹਿਸਾਸ ਕਰਾਉਣ ਵਾਲਾ ਹੈ। ਸਰਕਾਰ ਦਾ ਇਹ ਵਰਤਾਰਾ ਸਿੱਖਾਂ ਨੂੰ ਮਾਨਸਿਕ ਪੀੜਾ ਦੇਣ ਵਾਲਾ ਹੈ। ਜਿਸ ਖਿੱਤੇ ਵਿਚ ਸਰਬ-ਧਰਮ ਨਿਆਂਕਾਰੀ ਰਾਜ ਸਥਾਪਿਤ ਕਰਨ ਲਈ ਖਾਲਸਾ-ਪੰਥ ਨੇ ਲੰਮਾ ਸਮਾਂ ਸੰਘਰਸ਼ ਕੀਤਾ ਸੀ, ਉਸ ਧਰਤੀ ਉੱਪਰ ਜੇਕਰ ਅੱਜ ਗੁਰਧਾਮਾਂ ਦੇ ਦਰਸ਼ਨ ਕਰਨ ਜਾਂਦੀ ਸਿੱਖ-ਸੰਗਤ ਦੀ ਤਲਾਸ਼ੀ ਲਈ ਜਾਂਦੀ ਹੈ ਤਾਂ ਆਉਣ ਵਾਲੇ ਸਮੇਂ ਵਿਚ ਕੀ ਹਾਲਾਤ ਹੋਣਗੇ? ਇਸ ਬਾਰੇ ਚਿੰਤਨ ਕਰਨ ਦੀ ਲੋੜ ਹੈ। ਅੱਜ ਦੇਸ਼ ਅੰਦਰ ਅਖੌਤੀ ਨੈਸ਼ਨਲ ਮੀਡੀਆ ਦੁਆਰਾ ਬਹਾਦਰ ਸਿੱਖ ਕੌਮ ਨੂੰ ਅੱਤਵਾਦੀ, ਵੱਖਵਾਦੀ ਗਰਦਾਨਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਨਿਰਦੋਸ਼ ਸਿੱਖ ਨੌਜੁਆਨਾਂ ਉੱਪਰ ਯੂ. ਏ. ਪੀ. ਏ. ਲਗਾ ਕੇ ਜੇਲ੍ਹਾਂ ਅੰਦਰ ਡੱਕਿਆ ਜਾ ਰਿਹਾ ਹੈ। ਆਪਣੇ ਜਰਨੈਲਾਂ ਦੀਆਂ ਸ਼ਤਾਬਦੀਆਂ ਮਨਾਉਂਦਿਆਂ ਇਸ ਬਾਰੇ ਵੀ ਚਿੰਤਨ ਕਰਕੇ ਇਸ ਝੂਠੇ ਪ੍ਰਚਾਰ ਵਿਰੁੱਧ ਰਣਨੀਤੀ ਤਿਆਰ ਕਰਨ ਦੀ ਲੋੜ ਹੈ।

ਚਾਹੀਦਾ ਤਾਂ ਸੀ ਕਿ ਭਾਰਤ ਵਿਚ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਤਕ ਇਤਿਹਾਸ ਦੇ ਪਾਠਕ੍ਰਮ (Syllabus) ਵਿਚ ਦੇਸ਼ ਦੀ ਪੱਤ ਦੇ ਰਾਖੇ ਬਾਬਾ ਬੰਦਾ ਸਿੰਘ ਬਹਾਦਰ, ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਬਾਬਾ ਬਘੇਲ ਸਿੰਘ, ਅਕਾਲੀ ਫੂਲਾ ਸਿੰਘ, ਸਰਦਾਰ ਹਰੀ ਸਿੰਘ ਨਲਵਾ, ਜਰਨਲ ਜ਼ੋਰਾਵਰ ਸਿੰਘ, ਸਰਦਾਰ ਸ਼ਾਮ ਸਿੰਘ ਅਟਾਰੀ, ਭਾਈ ਮਹਾਰਾਜ ਸਿੰਘ ਆਦਿ ਅਤੇ ਗ਼ਦਰੀ ਬਾਬਿਆਂ ਦਾ ਇਤਿਹਾਸ ਵਿਸਥਾਰ ਨਾਲ ਸ਼ਾਮਲ ਕਰ ਕੇ ਪੜ੍ਹਾਇਆ ਜਾਂਦਾ। ਪਰ ਸਿੱਖ ਸੂਰਬੀਰਾਂ ਦੀ ਬਹਾਦਰੀ ਦੀਆਂ ਗਾਥਾਵਾਂ ਪੜ੍ਹਾਉਣਾ ਤਾਂ ਦੂਰ ਦੀ ਗੱਲ ਰਹੀ ਸਗੋਂ ਉਲਟਾ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਸਿੱਖਾਂ ਦੀਆਂ ਕੁਰਬਾਨੀਆਂ ਨੂੰ ਵਿਸਾਰ ਕੇ ਅੱਜ ਸਿੱਖਾਂ ਦਾ ਅਕਸ ਖਰਾਬ ਕੀਤਾ ਜਾ ਰਿਹਾ ਹੈ। ਇਸ ਲਈ ਆਪਣੇ ਸਿੱਖ ਜਰਨੈਲਾਂ ਦਾ ਇਤਿਹਾਸ ਲਿਖਣ, ਸਾਂਭਣ ਤੇ ਪ੍ਰਚਾਰਨ ਦੇ ਯਤਨ ਸਾਨੂੰ ਖੁਦ ਹੀ ਕਰਨੇ ਪੈਣੇ ਹਨ। ਸਾਡੇ ਸਿੱਖ ਜਰਨੈਲਾਂ ਦੀਆਂ ਤਸਵੀਰਾਂ ਸਾਡੇ ਘਰਾਂ ਦਾ ਸ਼ਿੰਗਾਰ ਬਣਨੀਆਂ ਚਾਹੀਦੀਆਂ ਹਨ ਤਾਂ ਕਿ ਸਾਡੇ ਬੱਚਿਆਂ ਅੰਦਰ ਇਨ੍ਹਾਂ ਦਾ ਇਤਿਹਾਸ ਜਾਣਨ ਦਾ ਚਾਅ ਪੈਦਾ ਹੋਵੇ।

ਧਰਮੀ ਸਿੱਖ ਜਰਨੈਲਾਂ ਦੀਆਂ ਸ਼ਤਾਬਦੀਆਂ ਮਨਾਉਂਦਿਆਂ ਕੌਮੀ ਸਵੈ-ਪੜਚੋਲ ਦੀ ਵੀ ਲੋੜ ਹੈ। ਗੁਰੂ ਸਾਹਿਬਾਨ ਦੁਆਰਾ ਵਰਸੋਈ ਧਰਤੀ ਪੰਜਾਬ ਜਿੱਥੇ ਕਦੀ ਸਾਡੇ ਪੁਰਖਿਆਂ ਸੂਰਬੀਰ ਯੋਧਿਆਂ ਨੇ ਹੱਕ-ਸੱਚ, ਨਿਆਂ ਦੀ ਖਾਤਰ ਤੇਗਾਂ ਮਾਰੀਆਂ ਸਨ, ਆਪਣਾ ਘਰ-ਪਰਵਾਰ ਦਾਅ 'ਤੇ ਲਾ ਕੇ ਪੰਥ ਦੀ ਚੜ੍ਹਦੀ ਕਲਾ ਨੂੰ

ਬਰਕਰਾਰ ਰੱਖਿਆ ਸੀ। ਜਿਸ ਧਰਤੀ ਉੱਪਰ ਖਾਲਸਾ ਜੀ ਨੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਈ ਸੀ, ਉਸ ਪੰਜਾਬ ਦੀ ਧਰਤੀ ਉੱਪਰ ਨਸ਼ੇ ਅਤੇ ਪਤਿਤਪੁਣੇ ਦਾ ਰੁਝਾਨ ਅੱਜ ਸਾਡੇ ਲਈ ਚਿੰਤਨ ਦਾ ਵਿਸ਼ਾ ਹੈ।

ਆਪਣੇ ਸਿੱਖ ਜਰਨੈਲਾਂ ਦੀਆਂ ਸ਼ਤਾਬਦੀਆਂ ਮਨਾਉਂਦਿਆਂ ਸਾਡਾ ਸਮੂਹ ਸਿੱਖ ਜਥੇਬੰਦੀਆਂ ਦਾ ਫ਼ਰਜ਼ ਬਣਦਾ ਹੈ ਕਿ ਆਪਣੀ ਨੌਜੁਆਨ ਪੀੜ੍ਹੀ ਨੂੰ ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਦੁਆਰਾ ਬੇਅੰਤ ਸ਼ਹਾਦਤਾਂ ਨਾਲ ਸਿਰਜੇ ਲਾਸਾਨੀ ਇਤਿਹਾਸ ਤੋਂ ਜਾਣੂ ਕਰਵਾਉਣ ਦੇ ਯਤਨ ਕਰੀਏ। ਆਪਣੇ ਬੱਚਿਆਂ ਨੂੰ ਗੁਰਮਤਿ ਸਿਧਾਂਤਾਂ ਵਿਚ ਪ੍ਰਪੱਕ ਕਰਨ ਅਤੇ ਸਿੱਖੀ ਵਿਰਸੇ ਨਾਲ ਜੋੜਨ ਦੇ ਯਤਨ ਕਰੀਏ ਤਾਂਕਿ ਉਨ੍ਹਾਂ ਨੂੰ ਕੋਈ ਕੁਰਾਹੇ ਨਾ ਪਾ ਸਕੇ। ਨੌਜੁਆਨ ਪੀੜ੍ਹੀ ਅੰਦਰ ਪੈਦਾ ਹੋ ਚੁੱਕੇ ਪਤਿਤਪੁਣੇ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਇਸ ਦੇ ਕਾਰਨ ਤਲਾਸ਼ ਕੇ ਸਮਾਧਾਨ ਲਈ ਸਾਰਥਕ ਹੱਲ ਲੱਭੀਏ। ਸਿੱਖੀ ਸਰੂਪ ਤੋਂ ਮੁਨਕਰ ਹੋ ਰਹੇ ਨੌਜੁਆਨਾਂ ਦੇ ਮਾਪੇ ਇਸ ਪ੍ਰਤੀ ਆਪਣੀ ਪਰਵਾਰਿਕ ਜ਼ਿੰਮੇਵਾਰੀ ਸਮਝ ਕੇ ਆਪਣੇ ਘਰਾਂ ਅੰਦਰ ਗੁਰਮਤਿ ਦਾ ਅਜਿਹਾ ਮਾਹੌਲ ਸਿਰਜਣ ਲਈ ਵਚਨਬੱਧ ਹੋਣ ਤਾਂ ਕਿ ਬੱਚੇ ਪਤਿਤਪੁਣਾ ਤਿਆਗ ਕੇ ਬਾਣੀ ਅਤੇ ਬਾਣੇ ਦੇ ਧਾਰਨੀ ਹੋ ਸਕਣ। ਇਨ੍ਹਾਂ ਸ਼ਤਾਬਦੀਆਂ ਨੂੰ ਮਨਾਉਂਦਿਆਂ ਹਰ ਨਾਨਕ ਨਾਮ ਲੇਵਾ ਸਿੱਖ ਇਹ ਪ੍ਰਣ ਕਰੇ ਕਿ ਅਸੀਂ ਡੇਰਾ ਵਾਦ, ਦੇਹ-ਧਾਰੀ ਗੁਰੂ-ਡੰਮ, ਨਸ਼ੇ, ਪਤਿਤਪੁਣਾ, ਭਰੂਣ ਹੱਤਿਆ ਅਤੇ ਦਹੇਜ਼ ਆਦਿ ਵਰਗੀਆਂ ਅਲਾਮਤਾਂ ਨੂੰ ਖਤਮ ਕਰਨ ਲਈ ਹਮੇਸ਼ਾਂ ਤਤਪਰ ਰਹਾਂਗੇ।

ਸਿੱਖ ਮਾਪਿਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਗੁਰਮਤਿ ਦੇ ਧਾਰਨੀ ਉੱਚੇ ਇਖ਼ਲਾਕ ਵਾਲੇ ਜੱਜ, ਵਕੀਲ, ਆਈ. ਏ. ਐਸ., ਆਈ. ਪੀ. ਐੱਸ, ਅਫ਼ਸਰ ਆਦਿ ਬਣਾਉਣ ਦੇ ਯਤਨ ਕਰਨ ਤਾਂ ਕਿ ਪੰਜਾਬ ਵਿਚ ਸਿੱਖਾਂ ਦਾ ਸਮਾਜਿਕ, ਰਾਜਨੀਤਿਕ ਆਧਾਰ ਹੋਰ ਮਜ਼ਬੂਤ ਹੋ ਸਕੇ। ਸਿੱਖ ਨੌਜੁਆਨ ਪੀੜ੍ਹੀ ਅੰਦਰ ਵਿਦੇਸ਼ਾਂ ਵਿਚ ਜਾਣ ਦਾ ਵਧ ਰਿਹਾ ਰੁਝਾਨ ਵੀ ਚਿੰਤਨ ਦਾ ਵਿਸ਼ਾ ਹੈ। ਇਸ ਰੁਝਾਨ ਦੇ ਚਲਦਿਆਂ ਕਿਤੇ ਇਹ ਨਾ ਹੋਵੇ ਕਿ ਅਸੀਂ ਆਪਣੇ ਮੂਲ ਖਿੱਤੇ ਪੰਜਾਬ ਅੰਦਰ ਹੀ ਘੱਟ ਗਿਣਤੀ ਬਣ ਜਾਈਏ ਅਤੇ ਜਿਸ ਖਿੱਤੇ ਵਿਚ ਰਾਜ-ਭਾਗ ਲਈ ਕਦੇ ਖਾਲਸੇ ਨੇ ਤੇਗਾਂ ਮਾਰੀਆਂ ਸਨ ਓਥੇ ਕੋਈ ਹੋਰ ਆ ਕੇ ਸਾਡੇ ਉੱਪਰ ਰਾਜ ਕਰੇ। ਸਿੱਖ ਜਰਨੈਲਾਂ ਦੀਆਂ ਸ਼ਤਾਬਦੀਆਂ ਮਨਾਉਂਦਿਆਂ ਇਸ ਬਾਰੇ ਵੀ ਡਾਢਾ ਚਿੰਤਨ ਕਰਨਾ ਬਣਦਾ ਹੈ।

ਸ਼ਤਾਬਦੀਆਂ ਮਨਾਉਂਦਿਆਂ ਪੰਜਾਬ ਦੇ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਮਸਲਿਆਂ ਬਾਰੇ ਕੌਮ ਨੂੰ ਸਿਰ ਜੋੜ ਕੇ ਚਿੰਤਨ ਕਰਨ ਦੀ ਲੋੜ ਹੈ, ਤਾਂ ਕਿ ਪੰਜਾਬ ਹਰਿਆ-ਭਰਿਆ, ਹੱਸਦਾ-ਵਸਦਾ ਰਹੇ ਅਤੇ ਸਾਡਾ ਸ਼ਤਾਬਦੀਆਂ ਮਨਾਉਣਾ ਸਫਲ ਹੋਵੇ। ■

# ਆਇਆ ਤਿਨ ਕਾ ਸਫਲੁ ਭਇਆ ਹੈ

*-ਪ੍ਰੋ. ਮਨਜੀਤ ਸਿੰਘ**

ਗੁਰਮਤਿ ਜੀਵਨ ਜੁਗਤ ਨੂੰ ਮਨੁੱਖ ਤੋਂ ਸਿੱਖ ਅਤੇ ਸਿੱਖ ਤੋਂ ਦੇਵਤਾ ਹੋਣ ਤਕ ਦੀ ਰੂਹਾਨੀ ਯਾਤਰਾ ਆਖਿਆ ਗਿਆ ਹੈ। ਇੱਥੇ ਦੇਵਤਾ ਤੋਂ ਭਾਵ, "*ਗੁਣੀ ਨਿਧਾਨ ਪ੍ਰਭੁ*" ਵਾਲੇ ਦੈਵੀ ਗੁਣਾਂ ਦਾ ਧਾਰਨੀ ਹੋਣਾ ਹੈ। ਇਸੇ ਲਈ ਇਹ ਇਆਣਪ ਤੋਂ ਸਿਆਣਪ ਤਕ ਦੀ ਜਾਂ ਅਗਿਆਨ ਤੋਂ ਗਿਆਨ ਤਕ ਦੀ ਅਥਵਾ ਵਿਕਾਰੀ ਬਿਰਤੀਆਂ ਤੋਂ ਦੈਵੀ ਬਿਰਤੀਆਂ ਵੱਲ ਆਪਣੇ ਆਪ ਨੂੰ ਸੋਧਣ ਦੀ ਗਾਥਾ ਹੈ। ਪ੍ਰਭੂ ਰੂਪ ਸਤਿਗੁਰੂ ਇਸਦੇ ਲਈ ਪ੍ਰੀਤਮ ਪਿਆਰਾ ਪੱਥ-ਪਰਦਰਸ਼ਕ ਹੈ। ਇਸੇ ਲਈ ਉਹ *ਗੁਰਦੇਵ ਮਾਤਾ ਗੁਰਦੇਵ ਪਿਤਾ* ਦੇ ਤੌਰ ਤੇ ਪਹਿਰੇਦਾਰ ਵੀ ਹੈ। ਲੋੜ ਤਾਂ ਆਪਣੀ ਅਨੰਦ ਭਰੀ ਜੀਵਨ ਮੁਕਤ ਅਵਸਥਾ ਲਈ ਐਸੇ ਸਤਿਗੁਰੂ ਨਾਲ ਸਿਦਕ, ਸਮਰਪਣ ਅਤੇ ਅਣਤਿੜਕੇ ਭਰੋਸੇ ਵਾਲਾ ਰੂਹਾਨੀ ਰਿਸ਼ਤਾ ਬਣਾਉਣ ਦੀ ਹੈ।

ਦਰਅਸਲ ਮਨੁੱਖ ਤੋਂ ਸਿੱਖ ਬਣਨ ਤਕ ਦੀ ਅਧਿਆਤਮਿਕ ਯਾਤਰਾ ਦਾ ਪ੍ਰਸੰਗ ਸਿਰਜਿਆ ਹੀ ਉਦੋਂ ਜਾਂਦਾ ਹੈ, ਜਦੋਂ *ਮਨਿ ਰਖੀਐ ਭਾਉ* ਦੀ ਸੁਰਤ ਸਮਝ ਨਾਲ ਗੁਰਉਪਦੇਸ਼ ਨੂੰ ਸੁਣਨ-ਮੰਨਣ ਤੇ ਫਿਰ ਕਮਾਉਣ ਦੀ ਅਮਲੀ ਖੇਡ ਸ਼ੁਰੂ ਹੁੰਦੀ ਹੈ। ਗੁਰੂ ਨਾਨਕ ਪਾਤਸ਼ਾਹ ਹਜ਼ੂਰ ਤੋਂ ਅਰੰਭ ਹੋਇਆ "*ਨਾਨਕ ਨਿਰਮਲ ਪੰਥ*" ਦਾ ਇਤਿਹਾਸ, ਇਸ ਦੈਵੀ ਸੱਚ ਦਾ ਗਵਾਹ ਹੈ।

ਸ੍ਰੀ ਗੁਰੂ ਅਮਰਦਾਸ ਜੀ ਦੇ ਫ਼ੁਰਮਾਨ ਅਨੁਸਾਰ, ਮਨੁੱਖ ਦਾ ਜੀਵਨ ਸਫਰ, ਮਾਤ ਗਰਭ ਦੀ "ਜਠਰਾਗਨ" ਵਾਂਗ ਵਿਕਾਰੀ ਔਗਣਾਂ ਵਾਲੇ ਪ੍ਰਭਾਵ ਤੋਂ ਅਰੰਭ ਹੁੰਦਾ ਹੈ :

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥*
*ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥*
*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*
*ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੧)*

ਪੰਜਾਂ ਤੱਤਾਂ ਦੇ ਮੇਲ ਤੋਂ ਨਿਰਮਿਤ ਹੋਏ ਸਰੀਰ ਵਿਚ ਸਿਰਜਣਹਾਰ ਨਾਲੋਂ ਟੁੱਟੀ ਹੋਈ ਲਿਵ, ਮਨੁੱਖ ਨੂੰ ਪੰਜਾਂ ਵਿਕਾਰਾਂ ਵੱਲ ਰੁਚਿਤ ਕਰਦੀ ਅਤੇ ਨਿਰੰਤਰ ਖੁਆਰੀ ਦਾ ਕਾਰਨ ਬਣਦੀ ਹੈ। ਆਮ ਤੌਰ 'ਤੇ ਵਿਕਾਰਾਂ ਦੀ "ਹਠੀਲੀ ਮੁਹਕਮ ਫੌਜ" ਦੇ ਪ੍ਰਭਾਵ ਹੇਠ ਵਿਚਰਦਾ ਮਨੁੱਖੀ ਮਨ ਆਪਣੇ ਆਪ ਨੂੰ ਕੁਰਾਹੇ ਪੈਣ ਤੋਂ ਰੋਕ ਨਹੀਂ

**ਸਾਬਕਾ ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ।*

ਪਾਉਂਦਾ, ਸਗੋਂ ਐਸੀਆਂ ਹੀ ਰੋਗੀ ਬਿਰਤੀਆਂ ਵਾਲਿਆਂ ਦੀ ਭੀੜ ਵਿਚ ਵਿਚਰਨਾ, ਪਰਚਣਾ ਅਤੇ ਗੁਆਚਣਾ ਉਸ ਨੂੰ ਭਾਉਂਦਾ ਹੈ, ਭਾਵੇਂ ਕਿ ਇਹ ਸੁਭਾਅ ਉਸ ਨੂੰ ਰੂਹਾਂ ਦੇ ਰਿਸ਼ਤਿਆਂ ਦੀ ਸੁੱਚਮਤਾ ਤੋਂ ਵਾਂਝਿਆਂ ਕਰੀ ਰੱਖਦਾ ਹੈ। ਆਪਣੇ ਅਤੇ ਬੇਗਾਨੇਪਣ ਦੀ ਸੋਚ ਅਧੀਨ ਬੰਦਾ ਮੋਹ ਤੇ ਈਰਖਾ ਭਰੇ ਵਖਰੇਵਿਆਂ ਦੇ ਜੰਜਾਲ ਵਿਚ ਜਕੜ ਕੇ

*ਫਿਰਿ ਫਿਰਿ ਫਾਹੀ ਫਾਸੈ ਕਊਆ॥*
*ਫਿਰਿ ਪਛੁਤਾਨਾ ਅਬ ਕਿਆ ਹੂਆ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੫)*

ਦੀ ਨਿੰਮੋਝੂਣੀ ਹਾਲਤ ਵਿਚ ਵਿਚਰਦਾ ਰਹਿੰਦਾ ਹੈ। ਪਰ ਕਿਸੇ ਸੁਲੱਖਣੀ ਘੜੀ ਦੀ ਤਾਂਘ ਵਿਚ ਵਿਲਕਦੇ ਮਨੁੱਖ ਨੂੰ ਜੇ ਕਿਤੇ ਗੁਰੂ ਅਤੇ ਗੁਰੂ ਪਿਆਰਿਆਂ ਦੀ ਸੰਗਤ ਦਾ ਸੁਭਾਗ ਪ੍ਰਾਪਤ ਹੋ ਜਾਏ, ਤਾਂ ਮਾਇਆਵੀ ਅਗਨੀ ਰੂਪ ਸੰਸਾਰ ਵਿਚ ਰਹਿੰਦਿਆਂ ਹੀ ਅਨੰਦ ਸਰੂਪ ਪ੍ਰਭੂ ਨਾਲ ਲਿਵਲੀਨਤਾ ਦੀ ਸੰਭਾਵਨਾ ਬਣ ਜਾਂਦੀ ਹੈ:

*ਗੁਰ ਉਪਦੇਸਿ ਸਾਧ ਕੀ ਸੰਗਤਿ ਬਿਨਸਿਓ ਸਗਲ ਸੰਤਾਪੁ॥*
*ਮਿਤ੍ਰ ਸਤ੍ਰ ਪੇਖਿ ਸਮਤੁ ਬੀਚਾਰਿਓ ਸਗਲ ਸੰਭਾਖਨ ਜਾਪ॥੧॥*
*ਤਪਤਿ ਬੁਝੀ ਸੀਤਲ ਆਘਾਨੇ ਸੁਨਿ ਅਨਹਦ ਬਿਸਮ ਭਏ ਬਿਸਮਾਦ॥*
*ਅਨਦੁ ਭਇਆ ਨਾਨਕ ਮਨਿ ਸਾਚਾ ਪੂਰਨ ਪੂਰੇ ਨਾਦ॥੨॥੪੬॥੬੯॥*
*(ਸ੍ਰੀ ਗੁਰੂ ਗ੍ਰੰਥ ਸਾਹਿਬ ੧੨੧੭)*

ਇਸੇ ਅਵਸਥਾ ਨੂੰ ਗੁਰਬਾਣੀ ਵਿਚ 'ਰਾਜ ਜੋਗ' ਦੱਸਿਆ ਗਿਆ ਹੈ:

*ਕਟੀਐ ਤੇਰਾ ਅਹੰ ਰੋਗੁ॥ ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ॥*
*ਹਰਿ ਰਸੁ ਜਿਨਿ ਜਨਿ ਚਾਖਿਆ॥ ਤਾ ਕੀ ਤ੍ਰਿਸਨਾ ਲਾਥੀਆ॥੨॥*
*ਹਰਿ ਬਿਸ੍ਰਾਮ ਨਿਧਿ ਪਾਇਆ॥ ਸੋ ਬਹੁਰਿ ਨ ਕਤ ਹੀ ਧਾਇਆ॥੩॥*
*ਹਰਿ ਹਰਿ ਨਾਮੁ ਜਾ ਕਉ ਗੁਰਿ ਦੀਆ॥*
*ਨਾਨਕ ਤਾ ਕਾ ਭਉ ਗਇਆ॥੪॥੮॥੧੪੬॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੧ )*

ਐਸੀ ਅਵਸਥਾ ਦੇ ਧਾਰਨੀ ਨੂੰ 'ਸੂਰਾ ਵਰੀਆਮ' ਅਤੇ 'ਖਾਲਸੇ' ਪਦ ਨਾਲ ਸਤਿਕਾਰਿਆ ਗਿਆ ਹੈ:

*ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥*
*ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ॥*
*ਆਪਿ ਹੋਆ ਸਦਾ ਮੁਕਤੁ ਸਭੁ ਕੁਲੁ ਨਿਸਤਾਰਿਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ ੮੬)*

ਅਥਵਾ :

*ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ॥*
*ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥੪॥੩॥*
*(ਸ੍ਰੀ ਗੁਰੂ ਗ੍ਰੰਥ ਸਾਹਿਬ ੬੫੪)*

ਸੋ ਮਨੁੱਖੀ ਜੀਵਨ ਦੀ ਐਸੀ ਘਾੜਤ ਹੀ ਧਰਮ ਅਤੇ ਧਰਮ ਉਪਦੇਸ਼ਕ ਦਾ

ਮਕਸਦ ਹੁੰਦਾ ਹੈ। ਸਿੱਖ ਜੀਵਨ ਜੁਗਤ ਦੇ ਬਖਸ਼ਣਹਾਰਿਆਂ ਨੇ ਨਾ ਕੇਵਲ ਆਪ ਇਸ ਤਰ੍ਹਾਂ ਦਾ ਪ੍ਰਭੂ ਮਿਹਰ ਭਰਿਆ ਜੀਵਨ ਜੀਵਿਆ, ਸਗੋਂ ਆਪਣੀ ਸ਼ਰਣ ਵਿਚ ਆਉਣ ਵਾਲੇ ਅਣਗਿਣਤ ਮਨੁੱਖਾਂ ਨੂੰ ਵੀ *"ਜੈ ਜੈ ਕਾਰੁ ਕਰੇ ਸਭੁ ਕੋਈ"* ਵਾਲੀ ਸਫ਼ਲ ਜ਼ਿੰਦਗੀ ਦਾ ਅਧਿਕਾਰੀ ਬਣਾਇਆ। ਸਿੱਖ ਇਤਿਹਾਸ ਐਸੇ ਸਾਜੇ ਨਿਵਾਜੇ ਗੁਰਸਿੱਖਾਂ ਦੀ ਘਾਲਣਾ ਨਾਲ ਸ਼ਿੰਗਾਰਿਆ ਪਿਆ ਹੈ। ਅਜਿਹੇ ਹੀ ਗੁਰਮੁਖਾਂ ਦੀ "ਕਮਾਈ" ਦਾ ਧਿਆਨ ਧਰਨ ਦੀ ਸਿੱਖਿਆ ਗੁਰੂ-ਕਿਆਂ ਨੂੰ ਦ੍ਰਿੜ੍ਹ ਕਰਵਾਈ ਗਈ ਹੈ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਜੀਵਨ ਉਸੇ ਘਾਲ ਕਮਾਈ ਦੀ ਹੀ ਇਕ ਮਾਣਮੱਤੀ ਮਿਸਾਲ ਹੈ ਅਤੇ ਇਸੇ ਨੂੰ ਗੁਰਮਤਿ ਜੁਗਤ ਦੇ ਅਮਲੀ ਰੂਪ ਪੱਖੋਂ ਵਿਚਾਰਿਆ ਜਾ ਸਕਦਾ ਹੈ।

ਸਰਦਾਰ ਜੱਸਾ ਸਿੰਘ ਦੇ ਜੀਵਨ ਵਿਚ ਜਿੱਥੇ ਪਿਤਾ-ਪੁਰਖੀ ਸਿੱਖੀ ਸੰਸਕਾਰ ਵੀ ਹਨ, ਉੱਥੇ ਨਾਲ ਹੀ ਉਨ੍ਹਾਂ ਦੇ ਅੰਦਰਲੇ ਗੁਰੂ ਪਿਆਰ ਦਾ ਅਹਿਸਾਸ ਵੀ ਸਮੇਂ ਸਮੇਂ 'ਤੇ ਪ੍ਰਗਟ ਹੁੰਦਾ ਹੈ। ਸਰਦਾਰ ਜੱਸਾ ਸਿੰਘ ਦੀ ਅੰਦਰਲੀ ਸਿੱਖ ਸੁਰਤ ਨੇ ਗੁਰੂ-ਗ੍ਰੰਥ ਅਤੇ ਗੁਰੂ-ਪੰਥ ਅੱਗੇ ਸਮਰਪਿਤ ਹੋਣ ਨੂੰ ਹੀ ਆਪਣਾ, *ਇਹ ਲੋਕ ਸੁਖੀਏ ਪਰਲੋਕ ਸੁਹੇਲੇ* ਬਣਾਉਣ ਲਈ ਲਾਹੇਵੰਦਾ ਜਾਣਿਆ। ਇਹ ਵੀ ਸਿੱਖ ਇਤਿਹਾਸ ਦਾ ਵਿਸਮਾਦੀ ਸੱਚ ਹੈ ਕਿ ਗੁਰੂ-ਕਿਆਂ ਨੇ ਵੀ, *"ਜੋ ਸਰਣਿ ਆਵੈ ਤਿਸੁ ਕੰਠਿ ਲਾਵੈ"* ਦੇ ਗੁਰੂ ਬਿਰਦ ਨੂੰ ਉਵੇਂ ਹੀ ਪਾਲਿਆ, ਜਿਵੇਂ ਗੁਰੂ ਸਾਹਿਬਾਨ ਨੇ ਆਪਣੇ ਸਮੇਂ ਵਿਚ—

*ਸੁਤੁ ਅਪਰਾਧ ਕਰਤ ਹੈ ਜੇਤੇ ॥*
*ਜਨਨੀ ਚੀਤਿ ਨ ਰਾਖਸਿ ਤੇਤੇ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੮)*

ਦੇ ਇਲਾਹੀ ਬਚਨਾਂ ਅਨੁਸਾਰ ਪਾਲਦੇ ਰਹਿਣ ਦਾ ਕੌਤਕ ਕੀਤਾ ਸੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ, ਗੁਰੂ ਅਤੇ ਗੁਰੂ-ਕਿਆਂ ਦੇ ਚਰਨਾਂ ਵਿਚ ਢੱਠਣ ਉਪਰੰਤ, ਗੁਰੂ-ਪੰਥ ਦੀ ਬਾਦਸ਼ਾਹੀ ਦਾ ਤਾਜ ਪਹਿਨਾ ਦਿੱਤਾ ਗਿਆ! *ਹਰਿ ਕੀ ਵਡਿਆਈ ਦੇਖਹੁ ਸੰਤਹੁ ਹਰਿ ਨਿਮਾਣਿਆ ਮਾਣੁ ਦੇਵਾਏ॥* ਦਾ ਦੈਵੀ ਸੱਚ ਪ੍ਰਤੱਖ ਹੋ ਗਿਆ!

ਉਨ੍ਹਾਂ ਦੀ ਸ਼ਤਾਬਦੀ ਰੂਪ ਯਾਦ ਨੂੰ ਮਨਾਉਣ ਅਤੇ ਚਰਚਿਤ ਕਰਨ ਵਾਲੇ, ਪੰਥ ਦੇ ਵਾਰਸ ਕਹਾਉਣ ਵਾਲਿਆਂ ਨੂੰ ਇਹ ਤਾਂ ਸੋਚਣਾ ਵਿਚਾਰਨਾ ਹੀ ਪਵੇਗਾ ਕਿ ਗੁਰੂ-ਗ੍ਰੰਥ ਅਥਵਾ ਗੁਰੂ-ਪੰਥ ਲਈ ਜਿਊਣ ਮਰਨ ਦੇ ਸੁੱਚੇ ਅਹਿਸਾਸ ਅਤੇ ਅਮਲ ਦਾ ਅਨੰਦਮਈ ਨਤੀਜਾ ਕੀ ਹੁੰਦਾ ਹੈ? ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਗੁਰਮਤਿ ਜੁਗਤ ਦੇ ਅਮਲ ਵਾਲੀ ਸੰਸਾਰਕ ਯਾਤਰਾ ਦਾ ਗੁਰੂ ਮਿਹਰ ਭਰਿਆ ਅੰਤ, ਉਨ੍ਹਾਂ ਦੇ ਵਾਰਸਾਂ ਲਈ ਨਿਸਚੇ ਹੀ ਪ੍ਰੇਰਨਾ-ਸ੍ਰੋਤ ਹੈ। ■

# ਪੰਥ ਦੀ ਸ਼ਾਨ : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਦਾਦਾ ਭਾਈ ਹਰਦਾਸ ਸਿੰਘ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਦੇ ਨਜ਼ਦੀਕ ਪਿੰਡ ਸੁਰ ਸਿੰਘ ਦੇ ਵਸਨੀਕ ਸਨ। ਇਹ ਨਗਰ ਸੁਰ ਸਿੰਘ ਸਿੱਖ ਇਤਿਹਾਸ ਵਿੱਚ ਬਹੁਤ ਮਹੱਤਵ ਰੱਖਦਾ ਹੈ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਇਸੇ ਪਿੰਡ ਤੋਂ ਆਪਣੇ ਮਹਾਨ ਕਾਰਨਾਮਿਆਂ ਕਰਕੇ ਜਾਣੇ ਜਾਂਦੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵਿਸ਼ਵਾਸਪਾਤਰ ਭਾਈ ਬਿਧੀ ਚੰਦ ਸਨ। ਇਸੇ ਤਰ੍ਹਾਂ ਸਿੱਖਾਂ ਅੰਦਰ ਜੋਸ਼ ਅਤੇ ਜਜ਼ਬਾ ਪੈਦਾ ਕਰਨ ਹਿੱਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰ ਵਿਚ ਢਾਡੀ ਵਾਰਾਂ ਗਾਉਣ ਵਾਲੇ ਅਬਦੁੱਲਾ ਅਤੇ ਨੱਥ ਮੱਲ ਵੀ ਇਸੇ ਨਗਰ ਤੋਂ ਸਨ। ਇਹ ਨਗਰ ਹਮੇਸ਼ਾ ਪੰਥਕ, ਧਾਰਮਿਕ ਅਤੇ ਰਾਜਨੀਤਕ ਗਤੀਵਿਧੀਆਂ ਦਾ ਕੇਂਦਰ ਬਣਿਆ ਰਿਹਾ ਹੈ। ਭਾਈ ਹਰਦਾਸ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ ਸੀ। ਗੁਰੂ ਨੂੰ ਪੂਰਨ ਰੂਪ ਵਿਚ ਸਮਰਪਿਤ ਹੋਣ ਕਰਕੇ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਸਿੰਘਾਂ ਵਿੱਚੋਂ ਸਨ। ਗੁਰੂ ਸਾਹਿਬ ਦੇ ਦੱਖਣ ਨੂੰ ਜਾਣ ਸਮੇਂ ਇਹ ਉਨ੍ਹਾਂ ਦੇ ਨਾਲ ਸਨ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਆਏ ਤਾਂ ਇਹ ਉਨ੍ਹਾਂ ਦੇ ਨਾਲ ਪੰਜਾਬ ਆਏ ਅਤੇ ਲੜਾਈਆਂ ਵਿਚ ਸ਼ਾਮਲ ਹੋਏ। ਇਹ ਬਜਵਾੜਾ ਦੀ ਲੜਾਈ ਵਿਚ ਸ਼ਹੀਦ ਹੋ ਗਏ। ਇਨ੍ਹਾਂ ਦੇ ਪੁੱਤਰ ਸਰਦਾਰ ਭਗਵਾਨ ਸਿੰਘ ਇਨ੍ਹਾਂ ਵਾਂਗ ਹੀ ਯੋਧੇ ਸਨ। ਭਾਈ ਭਗਵਾਨ ਸਿੰਘ ਪੂਰਨ ਗੁਰਸਿੱਖ ਸਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਵਾਲੇ, ਗੁਰ-ਸ਼ਬਦ ਦੀ ਵੀਚਾਰ ਕਰਨ ਵਾਲੇ, ਉੱਚੇ ਆਚਰਨ ਵਾਲੇ ਪੱਕੇ ਨਿੱਤਨੇਮੀ ਸਨ। ਇਨ੍ਹਾਂ ਗੁਣਾਂ ਕਰਕੇ ਉਨ੍ਹਾਂ ਨੂੰ 'ਗਿਆਨੀ' ਭਗਵਾਨ ਸਿੰਘ ਵੀ ਕਿਹਾ ਜਾਂਦਾ ਸੀ। ਭਾਈ ਹਰਦਾਸ ਸਿੰਘ ਜੀ ਦੇ ਸ਼ਹੀਦੀ ਪਾਉਣ ਉਪਰੰਤ ਉਨ੍ਹਾਂ ਦੇ ਸਪੁੱਤਰ ਸਰਦਾਰ ਭਗਵਾਨ ਸਿੰਘ ਜਥੇ ਦੇ ਮੁਖੀ ਬਣੇ। ਸਮੇਂ ਦੇ ਹਾਲਾਤਾਂ ਅਨੁਸਾਰ ਉਨ੍ਹਾਂ ਨੂੰ ਲਾਹੌਰ ਨੇੜੇ ਈਚੋਗਿੱਲ(ਇੱਛੋਗਿੱਲ) (ਹੁਣ ਪਾਕਿਸਤਾਨ) ਵਿਖੇ ਜਾ ਕੇ ਵੱਸਣਾ ਪਿਆ।ਇੱਥੇ ਆ ਕੇ ਵੱਸਣ ਕਾਰਨ ਇਨ੍ਹਾਂ ਨੂੰ ਗਿਆਨੀ ਭਗਵਾਨ ਸਿੰਘ ਈਚੋਗਿੱਲ ਵਾਲਾ ਕਰਕੇ ਜਾਣਿਆ ਜਾਣ ਲੱਗਾ। ਨਾਦਰਸ਼ਾਹ ਤੋਂ ਡਰਦਿਆਂ ਪੰਜਾਬ ਦੇ ਸੂਬੇਦਾਰ ਜ਼ਕਰੀਆ ਖਾਨ ਨੇ ਸਿੰਘਾਂ ਦੀ ਮਦਦ ਮੰਗੀ। ਸਿੱਖਾਂ ਉਤੇ ਅੰਨ੍ਹਾਂ ਜੁਲਮ ਕਰਨ ਵਾਲਾ ਜਕਰੀਆ ਖਾਨ ਜਦੋਂ ਖਾਲਸਾ ਪੰਥ ਦੇ ਸਾਹਮਣੇ ਆਜ਼ਜੀ ਬਣ ਕੇ ਸਹਾਇਤਾ ਲਈ ਆਇਆ ਤਾਂ ਸਰਦਾਰ ਭਗਵਾਨ ਸਿੰਘ ਨੇ ਸਤਿਗੁਰਾਂ ਦੇ ਸਿਧਾਂਤ, '*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ*

**ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਸੰਪਰਕ ਨੰ. ੦੯੯੧੫੮੦੫੧੦੦*

*ਸੰਦਾ'* ਨੂੰ ਮੁੱਖ ਰੱਖਦਿਆਂ ਮਦਦ ਕਰਨ ਦਾ ਫੈਸਲਾ ਕਰ ਲਿਆ। ਇਸ ਤਰ੍ਹਾਂ ਸਰਦਾਰ ਭਗਵਾਨ ਸਿੰਘ ਖੁਸ਼ੀ ਨਾਲ ਸੂਬਾ ਲਾਹੌਰ ਦੇ ਕੋਲ ੧੦੦ ਸਵਾਰਾਂ ਦਾ ਸਰਦਾਰ ਬਣ ਕੇ ਰਹਿਣ ਲੱਗੇ। ਸਰਦਾਰ ਭਗਵਾਨ ਸਿੰਘ ਦੇ ਪੰਜ ਪੁੱਤਰ- ਸਰਦਾਰ ਜੱਸਾ ਸਿੰਘ, ਸਰਦਾਰ ਜੈ ਸਿੰਘ, ਸਰਦਾਰ ਖੁਸ਼ਹਾਲ ਸਿੰਘ, ਸਰਦਾਰ ਮਾਲੀ ਸਿੰਘ ਅਤੇ ਸਰਦਾਰ ਤਾਰਾ ਸਿੰਘ ਸਨ। ਸਰਦਾਰ ਜੱਸਾ ਸਿੰਘ ਇਨ੍ਹਾਂ ਵਿੱਚੋਂ ਸਭ ਤੋਂ ਵੱਡੇ ਸਨ। ਸਰਦਾਰ ਜੱਸਾ ਸਿੰਘ ਦਾ ਜਨਮ ੧੭੨੩ ਈ. ਵਿਚ ਹੋਇਆ। ਦੇਖਦੇ-ਦੇਖਦੇ ਬਾਲਕ ਜੱਸਾ ਸਿੰਘ ਸੁਡੋਲ ਸਰੀਰ, ਸੁੰਦਰ ਚਿਹਰਾ, ਚੌੜਾ ਮੱਥਾ, ਵਿਸ਼ਾਲ ਚੌੜੀ ਛਾਤੀ, ਉਚਾ-ਲੰਮਾ, ਮੋਟੀਆਂ ਅੱਖਾਂ ਵਾਲਾ ਬਲਵਾਨ ਯੋਧਾ ਬਣ ਗਿਆ ਸੀ। ਭਾਵੇਂ ਉਸ ਨੇ ਸਕੂਲੀ ਵਿੱਦਿਆ ਤਾਂ ਪ੍ਰਾਪਤ ਨਹੀਂ ਕੀਤੀ ਪ੍ਰੰਤੂ ਉਹ ਨਿਰਮਲ ਬੁੱਧੀ ਵਾਲਾ, ਸ਼ਸਤਰ ਵਿੱਦਿਆ ਵਿਚ ਨਿਪੁੰਨ ਅਤੇ ਗੁਰਬਾਣੀ ਰੰਗ ਵਿਚ ਰੰਗਿਆ ਹੋਇਆ ਨੇਕ ਇਨਸਾਨ, ਯੁੱਧ ਨੀਤੀ ਅਤੇ ਪ੍ਰਬੰਧਕ ਮਾਮਲਿਆਂ ਵਿਚ ਨਿਪੁੰਨ ਅਤੇ ਸਤਿਗੁਰਾਂ ਨੂੰ ਪੂਰੀ ਤਰ੍ਹਾਂ ਸਮਰਪਿਤ ਸੀ। ੧੭੩੮ ਈ. ਵਿਚ ਨਾਦਰਸ਼ਾਹ ਨਾਲ ਹੋਈ ਜੰਗ ਦੌਰਾਨ ਸਰਦਾਰ ਭਗਵਾਨ ਸਿੰਘ ਨੇ ਆਪਣੀ ਸ਼ਹੀਦੀ ਦਿੱਤੀ ਸੀ। ਇਸ ਦੇ ਬਦਲੇ ਜ਼ਕਰੀਆ ਖਾਨ ਨੇ ਉਨ੍ਹਾਂ ਨੂੰ ਪੰਜ ਪਿੰਡਾਂ - ਵੱਲਾ, ਵੇਰਕਾ, ਸੁਲਤਾਨਵਿੰਡ, ਤੁੰਗ ਅਤੇ ਚੱਬਾ ਦੀ ਮਾਲਕੀ ਦਿੱਤੀ ਅਤੇ ਸਰਦਾਰ ਜੱਸਾ ਸਿੰਘ ਨੂੰ ਰਸਾਲਦਾਰ ਦਾ ਅਹੁੱਦਾ ਦੇ ਦਿੱਤਾ। ਭਾਵ ਸਰਦਾਰ ਭਗਵਾਨ ਸਿੰਘ ਦੇ ਪੰਜਾਂ ਪੁੱਤਰਾਂ ਨੂੰ ਇਕ-ਇਕ ਪਿੰਡ ਮਿਲ ਗਿਆ। ਸਰਦਾਰ ਜੱਸਾ ਸਿੰਘ ਦੇ ਹਿੱਸੇ ਵੱਲਾ ਪਿੰਡ ਆਇਆ। ਸ਼ੁਰੂ ਵਿਚ ਸਰਦਾਰ ਜੱਸਾ ਸਿੰਘ ਪਿੰਡ ਈਚੋਗਿੱਲ ਦੇ ਨਾਮ ਉਤੇ ਸਰਦਾਰ ਜੱਸਾ ਸਿੰਘ ਈਚੋਗਿੱਲੀਆ ਦੇ ਨਾਲ ਹੀ ਮਸ਼ਹੂਰ ਹੋਇਆ। ਸਰਦਾਰ ਜੱਸਾ ਸਿੰਘ ਆਪਣੇ ਪਿਤਾ ਭਾਈ ਭਗਵਾਨ ਸਿੰਘ ਵਾਂਗ ਪੱਕਾ ਨਿਤਨੇਮੀ, ਗੁਰਬਾਣੀ ਦੇ ਰੰਗ ਵਿਚ ਰੰਗਿਆ ਮਹਾਨ ਯੋਧਾ, ਨਿਪੁੰਨ ਨੀਤੀਵਾਨ ਅਤੇ ਆਦਰਸ਼ ਆਚਰਨ ਵਾਲਾ ਗੁਰਮੁਖ ਪਿਆਰਾ ਸੀ।

ਸਰਦਾਰ ਜੱਸਾ ਸਿੰਘ ਯੋਧਾ ਹੋਣ ਦੇ ਨਾਲ-ਨਾਲ ਨੀਤੀਵਾਨ ਅਤੇ ਗੁਣਵਾਨ ਵੀ ਸੀ। ਸਰਦਾਰ ਜੱਸਾ ਸਿੰਘ ਰਾਜਨੀਤੀ ਦੇ ਚਾਰੇ ਲੱਛਣਾਂ- ਸਾਮ, ਦਾਮ, ਦੰਡ ਅਤੇ ਭੇਦ ਤੋਂ ਪੂਰੀ ਤਰ੍ਹਾਂ ਜਾਣੂ ਸੀ। ਉਸ ਨੇ ਪੰਥ-ਪ੍ਰਸਤੀ ਦੇ ਨਾਲ-ਨਾਲ ਰਾਜਨੀਤੀ ਦੇ ਖੇਤਰ ਵਿਚ ਇਨ੍ਹਾਂ ਚਾਰਾਂ ਲੱਛਣਾਂ ਅਨੁਸਾਰ ਵੱਡੀਆਂ ਪ੍ਰਾਪਤੀਆਂ ਕੀਤੀਆਂ। ਸਰਦਾਰ ਜੱਸਾ ਸਿੰਘ ਦੀ ਸਲਾਹ ਨਾਲ ਸਿੰਘਾਂ ਨੇ ਸ੍ਰੀ ਅੰਮ੍ਰਿਤਸਰ ਦੇ ਨੇੜੇ ਇਕ ਕਿਲ੍ਹਾ ਬਣਾਇਆ। ਪਹਿਲਾਂ ਇਸ ਦਾ ਨਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਉੱਤੇ ਰਾਮ ਰੌਣੀ ਸੀ ਤੇ ਬਾਅਦ ਵਿਚ ਰਾਮਗੜ੍ਹ ਪੈ ਗਿਆ। ਇਸੇ ਤਰ੍ਹਾਂ ਨਵ-ਉਸਾਰਿਆ ਇਹ ਕਿਲ੍ਹਾ 'ਰਾਮ ਰੌਣੀ' ਨਵੀਂ ਉਭਰ ਰਹੀ ਸਿੱਖ ਰਾਜਧਾਨੀ ਦਾ ਕੇਂਦਰ ਬਿੰਦੂ ਬਣ ਗਿਆ ਸੀ। ਇਸੇ ਕਰਕੇ ਸ਼ਕਤੀ ਦੇ ਇਸ ਕੇਂਦਰ ਬਿੰਦੂ ਉੱਤੇ ਕਬਜ਼ਾ ਕਰਨ ਹਿੱਤ ਸਿੱਖ ਮਿਸਲਾਂ ਵਿਚਕਾਰ ਵੀ ਰਸਾ-ਕੱਸੀ ਚੱਲਦੀ ਰਹੀ। ਕਿਲ੍ਹਾ 'ਰਾਮ ਰੌਣੀ' ਪਿੱਛੋਂ ਕਿਲ੍ਹਾ 'ਰਾਮਗੜ੍ਹ' ਨਾਮ ਨਾਲ ਜਾਣੇ ਜਾਂਦੇ ਸਿੱਖ ਸ਼ਕਤੀ ਦੇ ਕੇਂਦਰ ਨੂੰ ਵਾਰ-ਵਾਰ ਬਾਹਰਲੇ ਜਰਵਾਣਿਆਂ ਵੱਲੋਂ ਤਬਾਹ ਕੀਤਾ ਗਿਆ। ਸਰਦਾਰ ਜੱਸਾ ਸਿੰਘ

ਰਾਮਗੜ੍ਹੀਆ ਕੂਟਨੀਤੀ ਕਰਕੇ ਅਦੀਨਾ ਬੇਗ ਪਾਸ ਚਲਾ ਗਿਆ। ਸਮੇਂ ਅਤੇ ਨੀਤੀ ਅਨੁਸਾਰ ਇਹ ਫੈਸਲਾ ਬੜਾ ਸੂਝ-ਬੂਝ ਵਾਲਾ ਸੀ। ਸਰਦਾਰ ਜੱਸਾ ਸਿੰਘ ਨੂੰ ਪਤਾ ਸੀ ਕਿ ਉਹ ਲੋਕ ਉਸ ਦੇ ਮੁਲਕ ਉੱਤੇ ਨਜਾਇਜ਼ ਕਾਬਜ ਹਨ ਅਤੇ ਦੇਰ-ਸਵੇਰ ਉਨ੍ਹਾਂ ਨਾਲ ਹੀ ਮੁਕਾਬਲਾ ਹੋਵੇਗਾ। ਸਰਦਾਰ ਜੱਸਾ ਸਿੰਘ ਦੇ ਉਨ੍ਹਾਂ ਨਾਲ ਮਿਲ ਕੇ ਕੰਮ ਕਰਨ ਨਾਲ ਉਨ੍ਹਾਂ ਦੀ ਸ਼ਕਤੀ ਅਤੇ ਯੁੱਧ ਦੇ ਦਾਅ-ਪੇਚਾਂ ਬਾਰੇ ਪੂਰੀ ਜਾਣਕਾਰੀ ਹਾਸਲ ਕਰਨ ਲਈ ਇਹ ਯੋਗ ਮੌਕਾ ਸੀ। ਜਿਸ ਦਾ ਉਸ ਨੇ ਭਰਪੂਰ ਲਾਭ ਉਠਾਇਆ। ੧੭੪੮ ਈ. ਵਿਚ ਦੀਵਾਲੀ ਦੇ ਮੌਕੇ 'ਤੇ ਸਿੱਖ ਮੁੜ ਸ੍ਰੀ ਅੰਮ੍ਰਿਤਸਰ ਇਕੱਠੇ ਹੋਏ। ਮੀਰ ਮਨੂੰ ਦੇ ਕਹਿਣ 'ਤੇ ਅਦੀਨਾ ਬੇਗ ਨੇ ਸਿੱਖਾਂ ਉਤੇ ਹਮਲਾ ਕਰ ਦਿੱਤਾ। ਸਿੱਖਾਂ ਨੇ ਰਾਮ ਰੌਣੀ ਦੇ ਕਿਲ੍ਹੇ ਵਿਚ ਡੇਰਾ ਲਾਇਆ। ਅਦੀਨਾ ਬੇਗ ਨੇ ਕਈ ਮਹੀਨੇ ਕਿਲ੍ਹੇ ਨੂੰ ਘੇਰਾ ਪਾਈ ਰੱਖਿਆ। ਸਿੱਖਾਂ ਦੇ ਸਾਰੇ ਯਤਨਾਂ ਦੇ ਬਾਵਜੂਦ ਫਤਹ ਹਾਸਲ ਨਹੀਂ ਸੀ ਹੋ ਰਹੀ। ਸਗੋਂ ਸਿੱਖਾਂ ਦਾ ਭਾਰੀ ਜਾਨੀ ਨੁਕਸਾਨ ਹੋ ਚੁੱਕਾ ਸੀ। ਸਰਦਾਰ ਜੱਸਾ ਸਿੰਘ ਆਪਣੇ ਧਰਮ ਭਰਾਵਾਂ ਨੂੰ ਉਹ ਇਉਂ ਮੌਤ ਦੇ ਮੂੰਹ ਪੈਂਦੇ ਨਹੀਂ ਸੀ ਵੇਖ ਸਕਦਾ। ਉਨ੍ਹਾਂ ਨੇ ਇਕ ਚਿੱਠੀ ਤੀਰ ਨਾਲ ਬੰਨ੍ਹ ਕੇ ਭੇਜ ਦਿੱਤੀ ਕਿ ਜੇ ਖਾਲਸਾ ਪੰਥ ਚਾਹੁੰਦਾ ਹੈ ਤਾਂ ਉਹ ਉਨ੍ਹਾਂ ਨਾਲ ਮਿਲਣ ਨੂੰ ਤਿਆਰ ਹੈ। ਸਿੱਖਾਂ ਨੇ ਉਸਦੀ ਬੇਨਤੀ ਮੰਨ ਲਈ ਤੇ ਸਰਦਾਰ ਜੱਸਾ ਸਿੰਘ ਅਦੀਨਾ ਬੇਗ ਨੂੰ ਛੱਡ ਕੇ ਆਪਣੇ ਜਥੇ ਸਮੇਤ ਸਿੰਘਾਂ ਨਾਲ ਜਾ ਮਿਲਿਆ। ਇਸ ਪੰਥਕ ਏਕਤਾ ਕਾਰਨ ਲੜਾਈ ਦਾ ਪਾਸਾ ਹੀ ਪਲਟ ਗਿਆ। ਮੀਰ ਮਨੂੰ ਨੂੰ ਸਿੱਖਾਂ ਨਾਲ ਸੁਲਾਹ ਕਰਨੀ ਪਈ। ਖਾਲਸਾ ਪੰਥ ਦੀ ਜਿੱਤ ਹੋਈ। ਸਰਦਾਰ ਜੱਸਾ ਸਿੰਘ ਦੀ ਇਹ ਕਾਰਵਾਈ ਪੰਥ ਦੇ ਇਤਿਹਾਸ ਵਿਚ ਬਹੁਤ ਮਹੱਤਵ ਰੱਖਦੀ ਹੈ। ਇਸ ਤਰ੍ਹਾਂ ਸਰਦਾਰ ਜੱਸਾ ਸਿੰਘ ਦੀ ਮਦਦ ਨਾਲ ਦਲ ਖਾਲਸਾ ਪੰਥ ਨੇ ਰਾਮ ਰੌਣੀ ਦਾ ਕਿਲ੍ਹਾ ਜਿੱਤਿਆ ਅਤੇ ਕਿਲ੍ਹੇ ਅੰਦਰ ਘਿਰੇ ਸਿੱਖ ਯੋਧਿਆਂ ਦੀ ਜਾਨ ਬਚਾਈ। ਅੱਜ ਇਹ ਪੰਥਕ ਏਕਤਾ ਦੀ ਭਾਵਨਾ ਪੰਥ-ਪ੍ਰਸਤੀ ਦਾ ਜਜਬਾ ਅਤੇ ਕੁਰਬਾਨੀ ਦਾ ਚਾਅ ਤਕਰੀਬਨ ਅਲੋਪ ਹੀ ਹੋ ਗਿਆ ਹੈ। ਹਾਂ! ਇਕ-ਦੂਜੇ ਉੱਤੇ ਮਨਘੜਤ ਦੋਸ਼ ਲਾ ਕੇ ਬਦਨਾਮ ਕਰਨ ਦਾ ਸਿਲਸਿਲਾ ਆਮ ਦੇਖਣ ਨੂੰ ਮਿਲ ਰਿਹਾ ਹੈ। ਜਿਸ ਨਾਲ ਕੌਮ ਦੀ ਨਿਰਾਦਰੀ ਹੋ ਰਹੀ ਹੈ ਅਤੇ ਕੌਮ ਕਮਜ਼ੋਰ ਅਤੇ ਪੰਥ-ਦੋਖੀ ਸ਼ਕਤੀਆਂ ਖੁਸ਼ ਹੋ ਰਹੀਆਂ ਹਨ।

ਖਾਲਸੇ ਨੇ ਜਦੋਂ ਕੌੜਾ ਮੱਲ ਦੇ ਕਹਿਣ 'ਤੇ ਮੁਲਤਾਨ ਵੱਲ ਸ਼ਾਹ ਨਿਵਾਜ ਖਾਂ ਨੂੰ ਬੇਦਖਲ ਕਰਨ ਲਈ ਕੂਚ ਕੀਤਾ ਤਾਂ ਸਰਦਾਰ ਜੱਸਾ ਸਿੰਘ ਨੂੰ ਰਾਮਗੜ੍ਹ ਦਾ ਕਿਲ੍ਹਾ ਪੱਕੇ ਤੌਰ ਉੱਤੇ ਸੌਂਪ ਦਿੱਤਾ ਗਿਆ। ਇਸ ਤਰ੍ਹਾਂ ਇਹ ਸਿੱਖ ਮਿਸਲਾਂ ਵੱਲੋਂ ਸਰਦਾਰ ਜੱਸਾ ਸਿੰਘ ਦੀ ਪੰਥ-ਪ੍ਰਸਤੀ, ਤਿਆਗ, ਕੁਰਬਾਨੀ, ਸੂਝ-ਬੂਝ ਅਤੇ ਸ਼ਕਤੀ ਨੂੰ ਪ੍ਰਵਾਨ ਕਰ ਲੈਣਾ ਹੀ ਸੀ। ਇਸ ਉਪਰੰਤ ਉਹ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਤੌਰ 'ਤੇ ਪ੍ਰਸਿੱਧ ਹੋ ਗਏ। ਉਹ ਭਾਈ ਲਾਲੋ ਜੀ ਦੀ ਤਰਖਾਣ ਬਰਾਦਰੀ ਨਾਲ ਸੰਬੰਧ ਰਖਦੇ ਸਨ। ਮੱਸਾ ਰੰਗੜ ਦਾ ਸਿਰ ਵੱਢ ਕੇ ਖਾਲਸਾ ਪੰਥ ਦੇ ਹਵਾਲੇ ਕਰਨ ਵਾਲਾ ਸਰਦਾਰ ਮਹਿਤਾਬ ਸਿੰਘ ਭੰਗੂ ਨਾਲ ਦੂਜਾ ਸਿੰਘ ਭਾਈ ਸੁੱਖਾ ਸਿੰਘ 'ਮਾੜੀ

ਕੰਬੋਕੀ' ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵੀ ਇਸੇ ਬਰਾਦਰੀ ਨਾਲ ਸੰਬੰਧਿਤ ਸੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਨਾਂ 'ਤੇ ਸਾਰੀ ਤਰਖਾਣ ਬਰਾਦਰੀ ਦੇ ਸਿੱਖਾਂ ਨੂੰ ਰਾਮਗੜ੍ਹੀਏ ਕਿਹਾ ਜਾਂਦਾ ਹੈ। ਸਰਦਾਰ ਜੱਸਾ ਸਿੰਘ ਵਿਚ ਆਪਣੇ ਪਿਤਰੀ ਤਰਖਾਣ ਦੇ ਕਿੱਤੇ ਨਾਲੋਂ ਜੰਗਾਂ-ਯੁੱਧਾਂ ਲਈ ਬਹਾਦਰੀ, ਯੁੱਧ-ਨੀਤੀ ਅਤੇ ਸਿੱਖੀ-ਜਜ਼ਬਾ ਭਰਪੂਰ ਸੀ। ਉਹ ਕਸੂਰ ਸਰਹੰਦ ਆਦਿ ਅਨੇਕਾਂ ਲੜਾਈਆਂ ਵਿਚ ਅਗਰਸਰ ਹੋ ਕੇ ਖ਼ਾਲਸਾ ਪੰਥ ਦੇ ਨਾਲ ਸ਼ਾਮਲ ਹੋ ਕੇ ਲੜੇ। ਉਹ ਆਪਣੇ ਮਿਸਲਦਾਰ ਭਰਾਵਾਂ ਨਾਲ ਸਲਾਹ ਕਰ ਕੇ ੩੦੦੦ ਜਵਾਨ ਨਾਲ ਲੈ ਕੇ ਸਾਰੇ ਪੰਜਾਬ ਵਿਚ ਜ਼ਾਲਮ ਹਾਕਮਾਂ ਦੀ ਸੋਧ ਕਰਦੇ ਰਹੇ। ੧੭੬੨ ਈ. ਨੂੰ ਵਾਪਰੇ 'ਕੁਪ ਰਹੀੜੇ' ਦੇ ਵੱਡੇ ਘੱਲੂਘਾਰੇ ਸਮੇਂ ਵੀ ਉਹ ਦਲ ਖਾਲਸਾ ਨਾਲ ਹੀ ਸਨ। ਇਸ ਵੱਡੇ ਘੱਲੂਘਾਰੇ ਦੌਰਾਨ ੩੦੦੦੦ ਸਿੰਘ/ਸਿੰਘਣੀਆਂ ਸ਼ਹੀਦ ਹੋਏ ਸਨ। ੧੭੮੩ ਈ. ਨੂੰ ਦਲ ਖਾਲਸਾ ਨੇ ਦਿੱਲੀ ਫਤਹ ਕੀਤੀ। ਇਸ ਸਮੇਂ ਦਲ ਖਾਲਸਾ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਬਘੇਲ ਸਿੰਘ ਆਦਿ ਨਾਮੀ ਬਲਕਾਰੀ ਸਿੱਖ ਮਿਸਲਦਾਰ ਸਰਦਾਰ ਸ਼ਾਮਲ ਸਨ। ਤਕਰੀਬਨ ਇਕ ਮਹੀਨੇ ਤੋਂ ਵੱਧ ਸਮਾਂ ਦਿੱਲੀ ਦੇ ਤਖਤ ਉੱਤੇ ਸਿੱਖ ਕੌਮ ਦਾ ਕਬਜ਼ਾ ਰਿਹਾ ਅਤੇ ਇਸ ਤਰ੍ਹਾਂ ੧੧੯੨ ਈ. ਵਿਚ ਮੁਹੰਮਦ ਗੋਰੀ ਵੱਲੋਂ ਦਿੱਲੀ ਦੇ ਤਖਤ ਉਤੇ ਕਬਜ਼ਾ ਕਰ ਕੇ ਸਥਾਪਿਤ ਕੀਤਾ ਇਸਲਾਮੀ ਰਾਜ ਸਮਾਪਤ ਹੋਇਆ ਅਤੇ ਪਹਿਲੀ ਵਾਰ ਖਾਲਸਾ ਪੰਥ ਨੇ ਇਹ ਅਚੰਭਾ ਕਰ ਵਿਖਾਇਆ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤਖਤ-ਏ-ਤਾਊਸ ਦੀ ਸਿਲ ਪੁੱਟ ਕੇ ਅੰਮ੍ਰਿਤਸਰ ਲੈ ਆਏ। ਲੇਖਕ ਨੇ ਆਪਣੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨਗੀ ਕਾਰਜਕਾਲ ਸਮੇਂ ਰਾਮਗੜ੍ਹੀਆ ਬੁੰਗੇ ਦੀ ਮੁਰੰਮਤ ਅਤੇ ਯੋਗ ਸਾਂਭ-ਸੰਭਾਲ ਕਰਵਾ ਕੇ ਇਸ ਸਿਲ ਨੂੰ ਯੋਗ ਥਾਂ ਉੱਤੇ ਸੁਰੱਖਿਅਤ ਰੂਪ ਵਿਚ ਸਥਾਪਿਤ ਕੀਤਾ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਖਾਲਸਾ ਪੰਥ ਦੇ ਲਾਸਾਨੀ ਇਤਿਹਾਸ ਅਤੇ ਇਕ ਬੇਜੋੜ ਜਰਨੈਲ ਦੀ ਅਦੁੱਤੀ ਪ੍ਰਾਪਤੀ ਬਾਰੇ ਜਾਣਕਾਰੀ ਹਾਸਲ ਕਰ ਸਕਣ। ਇਸ ਤਰ੍ਹਾਂ ਇਹ ਸਿਲ ਅੱਜ ਵੀ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਸਥਿਤ ਰਾਮਗੜ੍ਹੀਆ ਬੁੰਗਾ ਵਿਚ ਮੌਜੂਦ ਹੈ। ਇਹ ਗੱਲ ਹਮੇਸ਼ਾ ਹੀ ਖਾਲਸਾ ਪੰਥ ਲਈ ਵੱਡੇ ਮਾਣ ਵਾਲੀ ਘਟਨਾ ਜਾਣੀ ਜਾਂਦੀ ਰਹੇਗੀ।

੧੭੬੭ ਈ. ਵਿਚ ਅਹਿਮਦ ਸ਼ਾਹ ਦੇ ਅੱਠਵੇਂ ਹਮਲੇ ਸਮੇਂ ਇਨ੍ਹਾਂ ਨੇ ਖਾਲਸਾ ਪੰਥ ਨਾਲ ਸ਼ਾਮਲ ਹੋ ਕੇ ਉਸ ਨੂੰ ਕਰਾਰੀ ਹਾਰ ਦਿੱਤੀ। ਇਸ ਸਮੇਂ ਉਨ੍ਹਾਂ ਨੇ ਬਟਾਲਾ, ਕਲਾਨੌਰ, ਸ਼ਾਹਪੁਰ ਕੰਢੀ ਘੁਮਾਣ, ਕਾਦੀਆਂ ਆਦਿ ਦੇ ਇਲਾਕੇ ਆਪਣੇ ਅਧੀਨ ਕਰ ਲਏ। ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਪਹਾੜੀ ਇਲਾਕਿਆਂ ਵੱਲ ਜੂਝਣ ਅਤੇ ਉਨ੍ਹਾਂ ਉੱਤੇ ਫਤਹ ਪਾਉਣ ਵਾਲਾ ਉਹ ਨਿਵੇਕਲਾ ਸਿੱਖ ਜਰਨੈਲ ਸੀ। ਬਿਕ੍ਰਮੀ ੧੮੧੮ ਦੇ ਅੱਸੂ ਮਹੀਨੇ ਤਥਾ ੧੭੬੧ ਈ. ਦੇ ਸ਼ੁਰੂ ਵਿਚ ਸਰਦਾਰ ਜੱਸਾ ਸਿੰਘ ਨੇ ਪਹਿਲਾਂ ਲਾਹੌਰ ਦੀਆਂ ਬਾਹਰਲੀਆਂ ਬਸਤੀਆਂ ਉੱਤੇ ਕਬਜ਼ਾ ਕਰ ਲਿਆ ਅਤੇ ਕੁਝ ਸਮੇਂ ਮਗਰੋਂ ਹੀ ਇਨ੍ਹਾਂ ਨਵੇਂ ਅਧੀਨ ਕੀਤੇ ਲੋਕਾਂ ਦੀ ਸਹਾਇਤਾ ਨਾਲ ਉਹ ਲਾਹੌਰ

ਜਾ ਪਹੁੰਚਿਆ ਅਤੇ ਲਾਹੌਰ ਫ਼ਤਹ ਕਰ ਕੇ ਆਪਣੇ ਅਧੀਨ ਕਰ ਲਿਆ। ਇਸ ਤੋਂ ਬਾਅਦ ੧੭੯੯ ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਵੀ ਲਾਹੌਰ ਫ਼ਤਹ ਕੀਤਾ। ਚੜ੍ਹਦੀ ਕਲਾ ਦਾ ਪ੍ਰਤੀਕ ਇਹ ਜੇਤੂ ਜਰਨੈਲ ਆਪਣੇ ਇਲਾਕੇ ਤਕ ਹੀ ਸੀਮਤ ਨਹੀਂ ਰਿਹਾ। ਇਸ ਨੇ ਮਥਰਾ, ਆਗਰਾ ਤਕ ਪਹੁੰਚ ਕੇ, ਜਾਲਮ ਹਾਕਮਾਂ ਦੀ ਸੋਧ ਕੀਤੀ ਅਤੇ ਵੱਡੇ ਇਲਾਕੇ ਉੱਤੇ ਪੰਥ ਦਾ ਦਬਦਬਾ ਬਿਠਾਇਆ ਅਤੇ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨਾਲ ਉਸਦੇ ਇਲਾਕੇ ਦੇ ਆਲੇ-ਦੁਆਲੇ ਦੀਆਂ ਮਿਸਲਾਂ ਨਾਲ ਅਣਬਣ ਹੋ ਗਈ। ਆਪਣੇ ਭਰਾਵਾਂ ਨਾਲ ਲੜਾਈਆਂ ਵਿਚ ਉਲਝਣ ਦੀ ਥਾਂ ਉਸ ਨੂੰ ਆਪਣਾ ਇਲਾਕਾ ਛੱਡ ਕੇ ਪੰਜਾਬ ਤੋਂ ਬਾਹਰ ਜਾਣਾ ਪਿਆ। ਉਨ੍ਹਾਂ ਨੇ ਮਥਰਾ, ਆਗਰਾ ਤਕ ਦੇ ਵੱਡੇ ਇਲਾਕੇ ਦੀ ਸੋਧ ਕੀਤੀ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਖ਼ਾਨਦਾਨ ਨੇ ਇਕ ਸਦੀ ਤੋਂ ਵੀ ਵੱਧ ਪੰਥ ਦੀ ਵਡਮੁੱਲੀ ਸੇਵਾ ਕੀਤੀ ਹੈ। ਉਨ੍ਹਾਂ ਨੇ ਪੰਜਾਬ ਦੇ ਹਾਕਮਾਂ ਕੋਲ ਸਿੱਖਾਂ ਦੇ ਹਿੱਤਾਂ ਦੀ ਰਾਖੀ ਕੀਤੀ, ਜਾਲਮ ਹਾਕਮਾਂ ਦੀ ਸੋਧ ਕੀਤੀ ਤੇ ਵਿਦੇਸ਼ੀ ਦੁਰਾਨੀਆਂ ਨੂੰ ਮੁਲਕ ਵਿੱਚੋਂ ਬਾਹਰ ਕੱਢ ਕੇ ਪੰਥ ਦੀ ਸ਼ਕਤੀ ਵਿਚ ਵਾਧਾ ਕੀਤਾ। ਸਰਦਾਰ ਜੱਸਾ ਸਿੰਘ ਸਦਾ ਚੜ੍ਹਦੀ ਕਲਾ ਵਿਚ ਰਹੇ। ਭਾਵੇਂ ਕਈ ਸਿੱਖ ਸਰਦਾਰ ਇਨ੍ਹਾਂ ਦਾ ਵਿਰੋਧ ਵੀ ਕਰਦੇ ਸਨ ਪਰ ਇਹ ਕਦੇ ਕਿਸੇ ਤੋਂ ਦੱਬੇ ਨਹੀਂ। ਇਨ੍ਹਾਂ ਨੇ ਕਦੇ ਹਿੰਮਤ ਨਹੀਂ ਹਾਰੀ। ਇਹ ਜਿਧਰ ਵੀ ਗਏ ਦੁਨੀਆ ਇਨ੍ਹਾਂ ਦੇ ਅੱਗੇ ਝੁਕਦੀ ਗਈ। ਸ੍ਰੀ ਅੰਮ੍ਰਿਤਸਰ ਤੋਂ ਲੈ ਕੇ ਹਾਂਸੀ, ਹਿਸਾਰ, ਪਾਨੀਪਤ, ਕਰਨਾਲ, ਮੇਰਠ, ਆਗਰਾ, ਮਥਰਾ ਅਤੇ ਦਿੱਲੀ ਤਕ ਇਹ ਬੇਖੌਫ ਹੋ ਕੇ ਮੁਗ਼ਲ ਹਾਕਮਾਂ ਤੋਂ ਨਜ਼ਰਾਨੇ ਵਸੂਲ ਕਰਦੇ ਰਹੇ ਅਤੇ ਲੰਮਾ ਸਮਾਂ ਇਨ੍ਹਾਂ ਇਲਾਕਿਆਂ ਉਤੇ ਆਪਣਾ ਤਹਿਤ ਅਤੇ ਪ੍ਰਭਾਵ ਕਾਇਮ ਰੱਖਿਆ। ਇਨ੍ਹਾਂ ਦੇ ਸਾਹਮਣੇ ਕੋਈ ਖੜਾ ਨਹੀਂ ਹੋ ਸਕਿਆ। ਸਰਦਾਰ ਜੱਸਾ ਸਿੰਘ ਨੇ ਫਰਿਆਦੀ ਹੋਏ ਇੱਕ ਪਰਵਾਰ ਦੀਆਂ ਦੋ ਲੜਕੀਆਂ ਮੁਗ਼ਲ ਹਾਕਮ ਤੋਂ ਛੁਡਵਾ ਕੇ ਉਨ੍ਹਾਂ ਦੇ ਮਾਪਿਆਂ ਪਾਸ ਪਹੁੰਚਾ ਦਿੱਤਾ ਸੀ। ਅਜਿਹੇ ਗਰੀਬਨਿਵਾਜ਼ੀ ਦੇ ਕਾਰਨਾਮੇ ਸਰਦਾਰ ਰਾਮਗੜ੍ਹੀਆ ਨੇ ਹਮੇਸ਼ਾ ਕੀਤੇ ਜਿਨ੍ਹਾਂ ਕਾਰਨ ਉਹ ਇਲਾਕਾ ਨਿਵਾਸੀਆਂ ਵਿਚ ਇਕ ਪਰਉਪਕਾਰੀ ਪ੍ਰਸ਼ਾਸਕ ਦੇ ਤੌਰ ਉੱਤੇ ਪੂਰੇ ਮਕਬੂਲ ਹੋ ਗਏ ਸਨ। ਦਲ ਖ਼ਾਲਸਾ ਨਾਲ ਮਿਲ ਕੇ ਉਹ ਆਪਣੇ ਦੇਸ਼ ਨੂੰ ਵਾਪਿਸ ਜਾ ਰਹੇ ਅਹਿਮਦਸ਼ਾਹ ਅਤੇ ਨਾਦਰਸ਼ਾਹ ਵਰਗੇ ਹਮਲਾਵਰਾਂ ਦੇ ਹੱਥੋਂ ਹਿੰਦੁਸਤਾਨ ਦੀਆਂ ਲੜਕੀਆਂ ਨੂੰ ਛੁਡਵਾ ਕੇ ਉਨ੍ਹਾਂ ਨੂੰ ਘਰੋ-ਘਰੀਂ ਪਹੁੰਚਾਣ ਦਾ ਕੰਮ ਕਰਦੇ ਰਹੇ ਸਨ। ਨਿਰਸੰਦੇਹ ਉਨ੍ਹਾਂ ਦੀ ਸ਼ਕਤੀ ਅਤੇ ਪ੍ਰਤਾਪ ਘੱਟ ਨਹੀਂ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿੱਚੋਂ ਮੁਗ਼ਲ ਰਾਜ ਦੀਆਂ ਜੜ੍ਹਾਂ ਪੁੱਟ ਕੇ ਸਿੱਖ ਰਾਜ ਦੀ ਸਥਾਪਤੀ ਕੀਤੀ। ਇਸੇ ਤਰ੍ਹਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਉੱਤਰੀ ਭਾਰਤ ਅਤੇ ਪਹਾੜੀ ਇਲਾਕੇ ਵਿਚ ਸਿੱਖਾਂ ਦੀ ਸ਼ਕਤੀ ਦਾ ਸਿੱਕਾ ਬਿਠਾ ਦਿੱਤਾ ਸੀ।੧੯੫੭ ਈ. ਦੇ ਗ਼ਦਰ ਨੂੰ ਭਾਰਤ ਦੀ ਅਜ਼ਾਦੀ ਦੀ ਪਹਿਲੀ ਜੰਗ ਪ੍ਰਚਾਰਨ ਵਾਲਿਆਂ ਨੂੰ ਭਾਰਤ ਦੇ ਸਮੁੱਚੇ ਇਤਿਹਾਸ ਨੂੰ ਵਾਚਣਾ ਚਾਹੀਦਾ ਹੈ ਤਾਂ ਜੋ ਉਹ ਸਮਝ

ਸਕਣ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਅਰੰਭੀ ਇਹ ਮੁਕੰਮਲ ਸੁਤੰਤਰਤਾ ਦੀ ਲੰਮੇਰੀ ਜੰਗ ਦੌਰਾਨ ਗੁਰੂ ਪਰਵਾਰ ਅਤੇ ਖਾਲਸਾ ਪੰਥ ਵੱਲੋਂ ਦਿੱਤੀਆਂ ਮਹਾਨ ਅਤੇ ਅਦੁੱਤੀ ਸ਼ਹੀਦੀਆਂ ਅਤੇ ਕੁਰਬਾਨੀਆਂ, ਖਾਲਸੇ ਵੱਲੋਂ ਖੜਕਾਏ ਖੰਡੇ ਅਤੇ ਪ੍ਰਾਪਤ ਕੀਤੀਆਂ ਜਿੱਤਾਂ ਕਾਰਨ ਹੀ ਦੇਸ਼ ਦੀ ਅਜ਼ਾਦੀ ਮੁਮਕਿਨ ਅਤੇ ਸੰਭਵ ਹੋ ਸਕੀ। ਖਾਲਸਾ ਪੰਥ ਨੇ ਨਾ ਤਾਂ ਮੁਗ਼ਲਾਂ ਦੀ ਅਧੀਨਗੀ ਕਬੂਲ ਕੀਤੀ ਅਤੇ ਨਾ ਹੀ ਅੰਗਰੇਜ਼ਾਂ ਦੀ ਗ਼ੁਲਾਮੀ ਪ੍ਰਵਾਨ ਕੀਤੀ ਸਗੋਂ ਹਮੇਸ਼ਾ ਦੇਸ ਦੇ ਗੌਰਵ, ਗੈਰਤ, ਧਰਮ, ਸੱਭਿਆਚਾਰ ਅਤੇ ਪੱਕੀ ਸੁਤੰਤਰਤਾ ਲਈ ਬੇਖ਼ੌਫ਼ ਜੂਝਿਆ ਇਹ ਦਸਮੇਸ਼ ਜੀ ਦਾ ਦੂਲਾ ਖਾਲਸਾ ਪੰਥ। ਇਸ ਲੰਮੇਰੇ ਸੰਘਰਸ਼ ਦੌਰਾਨ ਸਿੱਖ ਮਾਵਾਂ ਦੇ ਸ਼ੀਰਖੋਰ ਬੱਚਿਆਂ ਤੋਂ ਲੈ ਕੇ ੯੨ ਸਾਲ ਦੀ ਉਮਰ ਦੇ ਬੰਦ-ਬੰਦ ਕਟਵਾਉਣ ਵਾਲੇ ਅਮਰ ਸ਼ਹੀਦ ਭਾਈ ਮਨੀ ਸਿੰਘ ਜੀ ਆਦਿ ਅਨੇਕਾਂ ਸਿੰਘਾਂ, ਸਿੰਘਣੀਆਂ ਅਤੇ ਭੁਝੰਗੀਆਂ ਨੇ ਦੇਸ਼ ਅਤੇ ਕੌਮ ਲਈ ਲਾਮਿਸਾਲ ਸ਼ਹੀਦੀਆਂ ਦਿੱਤੀਆਂ। ਇਹ ਬਦਕਿਸਮਤੀ ਹੀ ਹੈ ਕਿ ਦੇਸ਼-ਵਾਸੀਆਂ ਨੇ ਕਦੀ ਇਨ੍ਹਾਂ ਅਣਗਿਣਤ ਸ਼ਹੀਦਾਂ ਦੀ ਕੀਮਤ ਤਾਂ ਕੀ ਚੁਕਾਣੀ ਸੀ ਸਗੋਂ ਕਦੀ ਇਨ੍ਹਾਂ ਸ਼ਹੀਦਾਂ ਨੂੰ ਯਾਦ ਹੀ ਨਹੀਂ ਕੀਤਾ। ਹਾਂ! ਖਾਲਸਾ ਪੰਥ ਨੂੰ ਕਮਜ਼ੋਰ ਕਰਨ-ਨੀਵਾਂ ਦਿਖਾਉਣ, ਵਿਲੱਖਣ ਅਤੇ ਨਿਵੇਕਲੇ ਸਿਧਾਂਤ ਅਤੇ ਗੌਰਵਮਈ ਇਤਿਹਾਸ ਨੂੰ ਖੋਰਾ ਲਾਉਣ ਦਾ ਯਤਨ ਬਾਦਸਤੂਰ ਜਾਰੀ ਰਿਹਾ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਇਕ ਦਲੇਰ, ਦੂਰ-ਅੰਦੇਸ਼, ਨਿਪੁੰਨ ਨੀਤੀਵਾਨ, ਗਰੀਬਾਂ ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਵਾਲਾ ਪਰਉਪਕਾਰੀ, ਖਾਲਸਾ ਪੰਥ ਦਾ ਨਿਧੜਕ ਜਰਨੈਲ, ਗੁਰੂ-ਘਰ ਦਾ ਅਨਿਨ ਸੇਵਕ, ਕਿਰਤੀ ਅਤੇ ਗ੍ਰਿਹਸਥੀ ਅਰਥਾਤ ਸਚਮੁੱਚ ਹੀ ਸਤਿਗੁਰਾਂ ਵੱਲੋਂ ਖਾਲਸਾ ਜੀ ਦੀ ਸਿਰਜਣਾ ਸਮੇਂ ਦੁਨੀਆ ਦੇ ਸਾਹਮਣੇ ਪੰਜ ਪਿਆਰਿਆਂ ਦੇ ਰੂਪ ਵਿਚ ਪ੍ਰਗਟ ਕੀਤੇ 'ਸੰਤ-ਸਿਪਾਹੀ' ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਕਲਪੇ 'ਸਚਿਆਰ' ਮਨੁੱਖ ਵਾਲੇ ਸਾਰੇ ਸਦਗੁਣਾਂ ਦਾ ਮੁਜੱਸਮਾ ਸਨ ਅਤੇ ਉਨ੍ਹਾਂ ਦਾ ਜੀਵਨ, ਘਾਲਣਾਵਾਂ, ਪੰਥ-ਪ੍ਰਸਤੀ ਦੀ ਅਹਿੱਲ ਅਤੇ ਅਡਿੱਗ ਭਾਵਨਾ ਅਤੇ ਮਹਾਨ ਪ੍ਰਾਪਤੀਆਂ ਹਮੇਸ਼ਾ-ਹਮੇਸ਼ਾ ਲਈ ਖਾਲਸਾ ਪੰਥ ਲਈ ਇਕ ਰੋਸ਼ਨ-ਮੀਨਾਰ ਦਾ ਕਾਰਜ ਕਰਦੀਆਂ ਰਹਿਣਗੀਆਂ। ਜਿਸ ਤੋਂ ਸਾਡੀ ਨੌਜੁਆਨ ਪੀੜ੍ਹੀ ਹਮੇਸ਼ਾ ਹੀ ਸਿੱਖਿਅਤ ਹੋ ਕੇ ਆਪਣਾ ਮਿਆਰੀ ਅਤੇ ਪੰਥਕ ਜੀਵਨ ਘੜ੍ਹਨ ਦੇ ਸਮਰੱਥ ਹੁੰਦੀ ਰਹੇਗੀ। ■

## ਜਲੰਧਰ ਵਿਖੇ ਅੰਮ੍ਰਿਤ-ਸੰਚਾਰ

ਭਾਈ ਫਰਿਆਦ ਸਿੰਘ ਅਤੇ ਭਾਈ ਮਨਜੀਤ ਸਿੰਘ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਿੰਘ ਸਭਾ ਮੁਹੱਲਾ ਗੁਰੂ ਨਾਨਕ ਨਗਰ ਬਸਤੀ ਮਿੱਠੂ, ਜਲੰਧਰ ਵਿਖੇ ੨੯ ਦਸੰਬਰ, ੨੦੨੨ ਨੂੰ ਅੰਮ੍ਰਿਤ-ਸੰਚਾਰ ਦੌਰਾਨ ੩੦ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਸਰਦਾਰ ਜੱਸਾ ਸਿੰਘ ਰਾਮਗੜ੍ਹੀਆ: ਅਦੁੱਤੀ ਦੇਣ

*-ਸ. ਤਰਲੋਚਨ ਸਿੰਘ**

੫ ਮਈ, ੨੦੨੩ ਈ. ਨੂੰ ਸੰਸਾਰ ਭਰ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ ਮਨਾਈ ਜਾ ਰਹੀ ਹੈ। ਹਰ ਕੋਈ ਸਿੱਖ ਕੌਮ ਦੇ ਸ਼ਹੀਦਾਂ ਨੂੰ ਨਤਮਸਤਕ ਹੁੰਦਾ ਹੈ। ਅੱਜ ਦੀ ਨਵੀਂ ਪੀੜ੍ਹੀ ਸਿੱਖ ਵਿਰਸੇ ਤੋਂ ਜਾਣੂ ਨਹੀ ਹੈ। ਸਾਨੂੰ ਲੋੜ ਹੈ ਕਿ ਸਿੱਖ ਕੌਮ ਦੇ ਉਸਰੱਈਆਂ ਬਾਰੇ ਜਾਣਕਾਰੀ ਇਕੱਠੀ ਕਰੀਏ ਜਿਨ੍ਹਾਂ ਦੀ ਹਿੰਮਤ ਨਾਲ ਇਹ ਕੌਮ ਖੜੀ ਹੋਈ ਹੈ। ੧੬੯੯ ਈ. ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। ੧੭੧੦ ਈ. ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖ ਰਾਜ ਸਥਾਪਿਤ ਕੀਤਾ ਸੀ। ਸਰਹੰਦ ਜਿੱਥੇ ਛੋਟੇ ਸਾਹਿਬਜ਼ਾਦੇ ਸ਼ਹੀਦ ਹੋਏ ਉਸ ਨੂੰ ਫਤਹ ਕੀਤਾ ਸੀ।੧੭੧੬ ਈ. ਵਿਚ ਬਾਬਾ ਬੰਦਾ ਬਹਾਦਰ ਸ਼ਹੀਦ ਹੋ ਗਏ ਸਨ। ਇਕ ਸਿੱਖ ਗੁਰੂ ਦਸਵੇਂ ਪਾਤਿਸ਼ਾਹ ਤੋਂ ਅੰਮ੍ਰਿਤ ਛੱਕ ਕੇ ਸਰਦਾਰ ਹਰਦਾਸ ਸਿੰਘ ਬਣਿਆ ਸੀ ਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਵਿਚ ਸ਼ਾਮਿਲ ਹੋ ਗਿਆ ਸੀ ਤੇ ਸ਼ਹੀਦ ਹੋ ਗਿਆ।ਉਸ ਦਾ ਪੁੱਤਰ ਸਰਦਾਰ ਭਗਵਾਨ ਸਿੰਘ ਸੀ ਜਿਸ ਦੇ ਘਰ ੧੭੨੩ ਈ. ਵਿਚ ਸਿੱਖ ਕੌਮ ਦਾ ਲਾਸਾਨੀ ਜਰਨੈਲ ਜੱਸਾ ਸਿੰਘ ਈਚੋਗਿੱਲ ਪਿੰਡ ਵਿਚ ਪੈਦਾ ਹੋਇਆ ਸੀ।ਸਰਦਾਰ ਭਗਵਾਨ ਸਿੰਘ ਨਾਦਰਸ਼ਾਹ ਦੇ ਹਮਲੇ ਸਮੇਂ ਸ਼ਹੀਦ ਹੋਇਆ ਸੀ।ਜੱਸਾ ਸਿੰਘ ਛੋਟੀ ਉਮਰ ਤੋਂ ਸਿੱਖ ਜਥਿਆਂ ਵਿਚ ਸ਼ਾਮਿਲ ਹੋ ਕੇ ਕੌਮ ਦੀ ਸੇਵਾ ਵਿਚ ਲੱਗ ਗਿਆ ਸੀ। ਉਸ ਦੀ ਬਹਾਦਰੀ ਜਵਾਨੀ ਵਿਚ ਹੀ ਨਜ਼ਰ ਆਉਂਦੀ ਸੀ। ਉਸ ਨੂੰ ਰਾਮ ਰੌਣੀ (ਰਾਮਗੜ੍ਹ) ਕਿਲ੍ਹਾ ਬਣਵਾਉਣ ਦੀ ਸੇਵਾ ਲਗਾਈ ਸੀ। ਜਿਸ ਕਾਰਨ ਉਸ ਦਾ ਨਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਪੈ ਗਿਆ। ਪਹਿਲਾਂ ਆਮ ਕਰਕੇ ਉਸਨੂੰ ਜੱਸਾ ਸਿੰਘ 'ਠੋਕਾ' ਪੁਕਾਰਦੇ ਸੀ। ਸਰਦਾਰ ਜੱਸਾ ਸਿੰਘ ਦੇ ਬਾਰੇ ਮਿਸਲਾਂ ਦੇ ਇਤਿਹਾਸ ਵਿਚ ਬਹੁਤ ਵਰਨਣ ਹੈ। ਮਿਸਲ ਸਰਦਾਰਾਂ ਦੀ ਆਪਸ ਵਿਚ ਬੜੇ ਝਗੜੇ ਹੁੰਦੇ ਸਨ। ਇਸ ਕਾਰਨ ਕਈ ਵਾਰੀ ਉਨ੍ਹਾਂ ਦੀਆਂ ਆਪਸੀ ਲੜਾਈਆਂ ਵੀ ਹੋਈਆਂ ਸਨ।ਇਹ ਸਤਿਗੁਰੂ ਦੀ ਕਿਰਪਾ ਹੈ ਕਿ ਇੰਨਾ ਕੁਝ ਹੁੰਦੇ ਹੋਏ ਵੀ ਸਿੱਖਾਂ ਦਾ ਰਾਜ ਵਧਦਾ ਰਿਹਾ ਅਤੇ ਸਾਰਾ ਪੰਜਾਬ ਜਿਸ ਵਿਚ ਹਰਿਆਣਾ ਤੇ ਪਹਾੜੀ ਇਲਾਕੇ ਸ਼ਾਮਿਲ ਸਨ; ਇਹ

**ਸਾਬਕਾ ਮੈਂਬਰ ਪਾਰਲੀਮੈਂਟ ਅਤੇ ਚੇਅਰਮੈਨ ਘੱਟ ਗਿਣਤੀ ਕਮੀਸ਼ਨ (ਭਾਰਤ ਸਰਕਾਰ)*
*E-mail:- tarlochan@tarlochansingh.com*

ਮੁਕੰਮਲ ਤੌਰ 'ਤੇ ਸਿੱਖਾਂ ਕੋਲ ਆ ਗਿਆ ਸੀ। ਇਹ ਵੀ ਲਿਖਿਆ ਹੈ ਕਿ ਜਮਨਾ ਦਰਿਆ ਤੋਂ ਪਾਰ ਯੂ.ਪੀ. ਦੇ ਇਲਾਕੇ ਵਿਚ ਸਿੱਖ ਖ਼ਜ਼ਾਨੇ ਜਿੱਤ ਕੇ ਲਿਆਉਂਦੇ ਸੀ। ਸਰਦਾਰ ਜੱਸਾ ਸਿੰਘ ਨੇ (ਕੂਟ ਨੀਤੀ ਕਾਰਨ) ਕੁਝ ਦੇਰ ਲਈ ਮੁਸਲਿਮ ਨਵਾਬ ਅਦੀਨਾ ਬੇਗ ਨਾਲ ਸਾਂਝ ਵੀ ਪਾਈ ਸੀ। ਪਰ ਜਦ ਮੀਰ ਮਨੂੰ ਨੇ ਸ੍ਰੀ ਅੰਮ੍ਰਿਤਸਰ 'ਤੇ ਹਮਲਾ ਕੀਤਾ ਤਾਂ ਇਹ ਸਿੱਖ ਜਥਿਆਂ ਨਾਲ ਖੜ੍ਹਾ ਸੀ। ਆਪਸੀ ਝਗੜੇ ਨੂੰ ਵੇਖ ਕੇ ਸਰਦਾਰ ਜੱਸਾ ਸਿੰਘ ਨੇ ਹਿਸਾਰ ਵਿਚ ਆਪਣੀ ਛਾਉਣੀ ਬਣਾ ਲਈ ਸੀ। ਇਸਨੇ ਪਹਿਲਾਂ ਆਪਣੀ ਮਿਸਲ ਦਾ ਬਟਾਲਾ ਹੈੱਡਕੁਆਟਰ ਬਣਾਇਆ ਸੀ। ਸਿੱਖਾਂ ਦੀ ਉਸ ਸਮੇਂ ਸਭ ਤੋਂ ਵੱਡੀ ਜਿੱਤ ੧੭੮੩ ਈ. ਵਿਚ ਲਾਲ ਕਿਲ੍ਹੇ (ਦਿੱਲੀ) 'ਤੇ ਕਬਜ਼ਾ ਸੀ। ਇਸ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਸਰਦਾਰ ਬਘੇਲ ਸਿੰਘ ਇਕੱਠੇ ਸ਼ਾਮਿਲ ਸਨ। ਜਦੋਂ ਸਮਰੂ ਬੇਗਮ ਨੇ ਸਿੱਖਾਂ ਦੀ ਮੁਗ਼ਲ ਬਾਦਸ਼ਾਹ ਨਾਲ ਸੁਲਾਹ ਕਰਵਾਈ ਤਾਂ ਸਰਦਾਰ ਬਘੇਲ ਸਿੰਘ ਨੂੰ ਦਿੱਲੀ ਵਿਚ ਰਹਿ ਕੇ ਸਾਰੇ ਗੁਰਦੁਆਰਾ ਸਾਹਿਬਾਨ ਬਣਵਾਉਣ ਦਾ ਹੱਕ ਮਿਲਿਆ ਸੀ ਜਿਸ ਦਾ ਸਾਰਾ ਖਰਚਾ ਮੁਗ਼ਲ ਸਰਕਾਰ ਨੇ ਦਿੱਤਾ। ਸਿੱਖ ਇਤਿਹਾਸ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਪਹਿਲਾ ਸਰਦਾਰ ਹੋਇਆ ਹੈ ਜਿਸ ਨੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਇਕ ਅਜਾਇਬ ਘਰ ਸਥਾਪਿਤ ਕੀਤਾ ਸੀ। ਸਰਦਾਰ ਜੱਸਾ ਸਿੰਘ ਨੇ ਦਿੱਲੀ ਲਾਲ ਕਿਲ੍ਹੇ ਵਿੱਚੋਂ ਦੀਵਾਨ-ਏ ਆਮ ਵਿਚ ਪਏ ਬਾਦਸ਼ਾਹ ਦੇ ਤਖ਼ਤ ਦੀ ਸਿੱਲ ਨੂੰ ਘੋੜਿਆਂ ਮਗਰ ਬੰਨ੍ਹ ਕੇ ਸ੍ਰੀ ਅੰਮ੍ਰਿਤਸਰ ਲਿਆਂਦਾ ਤੇ ਰਾਮਗੜ੍ਹੀਆ ਬੁੰਗਾ ਵਿਚ ਰੱਖ ਦਿੱਤਾ। ਲਾਲ ਕਿਲ੍ਹੇ ਤੋਂ ਪੱਥਰ ਉਤਾਰ ਕੇ ਰਾਮਗੜ੍ਹੀਆ ਬੁੰਗਾ ਬਣਵਾਇਆ ਜੋ ਅੱਜ ਵੀ ਕਾਇਮ ਹੈ ਤੇ ਇਸ ਗੱਲ ਦਾ ਸਬੂਤ ਪੇਸ਼ ਕਰਦਾ ਹੈ ਕਿ ਸਿੱਖ ਲਾਲ ਕਿਲ੍ਹੇ ਦੇ ਮਾਲਕ ਸਨ। ਕੋਈ ਵੀ ਸ੍ਰੀ ਦਰਬਾਰ ਸਾਹਿਬ ਯਾਤਰਾ ਲਈ ਜਾਂਦਾ ਹੈ ਤਾਂ ਦੁਖ ਭੰਜਨੀ ਸਾਹਿਬ ਦੇ ਸਾਹਮਣੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਯਾਦ ਕਰਦਾ ਹੈ ਜਦ ਉਹ ਲਾਲ ਪੱਥਰ ਦਾ ਨਿਵੇਕਲਾ ਬੁੰਗਾ ਦੇਖਦਾ ਹੈ। ਇਤਨੀ ਘਾਲਣਾ ਪਿਛੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ੧੮੦੩ ਈ. ਵਿਚ ਅਕਾਲ ਚਲਾਣਾ ਕਰ ਗਏ। ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦਰਸ਼ਨ-ਇਸ਼ਨਾਨ ਸਮੇਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਬਾਬਾ ਦੀਪ ਸਿੰਘ ਸ਼ਹੀਦ ਸਾਨੂੰ ਸਿੱਖ ਇਤਿਹਾਸ ਦੀ ਸੁਨਹਿਰੀ ਯਾਦ ਕਰਵਾਉਂਦੇ ਹਨ। ■

# ਵਿਰਾਸਤ ਦਾ ਪਹਿਰੇਦਾਰ : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

*-ਸ. ਜੈਤੇਗ ਸਿੰਘ ਅਨੰਤ**

ਦੇਸ਼-ਵਿਦੇਸ਼ ਵਿਚ ਵਸਦੇ ਪੰਜਾਬੀ ਬੋਲੀ ਦੇ ਗੁਣਵਾਨ ਪਾਠਕ ਇਸ ਗੱਲ ਤੋਂ ਭਲੀ-ਭਾਂਤ ਜਾਣੂ ਹਨ ਕਿ ੨੨ ਵੈਸਾਖ ਨਾਨਕਸ਼ਾਹੀ ਸੰਮਤ ੫੫੫, ੫ ਮਈ, ੨੦੨੩ ਈ. ਨੂੰ ਸਿੱਖ ਕੌਮ ਦੇ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ ੩੦੦ ਸਾਲਾ ਜਨਮ ਦਿਹਾੜਾ ਸਮੁੱਚਾ ਖਾਲਸਾ ਪੰਥ ਦੇਸ਼-ਵਿਦੇਸ਼ ਵਿਚ ਬੜੇ ਵੱਡੇ ਪੱਧਰ 'ਤੇ ਪੂਰੇ ਉਤਸ਼ਾਹ ਤੇ ਖਲੂਸ ਨਾਲ ਮਨਾ ਰਿਹਾ ਹੈ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ੧੮ਵੀਂ ਸਦੀ ਦੇ ਮਹਾਨ ਨਾਇਕ, ਜਰਨੈਲ ਤੇ ਯੋਧਾ ਸਨ। ਉਹ ਬਹੁਮੁੱਲੇ ਕਿਰਦਾਰ ਦੇ ਮਾਲਕ, ਸਿਦਕ-ਸਿਰੜ ਦੀ ਮੂਰਤ ਸਨ।

ਆਪ ਜੀ ਦੇ ਦਾਦਾ ਭਾਈ ਹਰਦਾਸ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਸ੍ਰੀ ਅਨੰਦਪੁਰ ਸਾਹਿਬ ਤੋਂ ਖੰਡੇ-ਬਾਟੇ ਦਾ ਅੰਮ੍ਰਿਤ ਛਕਿਆ ਸੀ ਅਤੇ ਉਨ੍ਹਾਂ ਦੀ ਫੌਜ ਦਾ ਹਿੱਸਾ ਰਹੇ ਸਨ। ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਈ ਜੰਗ ਸਮੇਂ ਭਾਈ ਬਚਿੱਤਰ ਸਿੰਘ ਜੀ ਨੇ ਦੁਸ਼ਮਣਾਂ ਦੇ ਮਸਤ ਹਾਥੀ ਦਾ ਮੱਥਾ ਜਿਸ ਨਾਗਣੀ ਨਾਲ ਵਿੰਨ੍ਹਿਆ ਸੀ, ਉਹ ਨਾਗਣੀ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਦਾਦਾ ਭਾਈ ਹਰਦਾਸ ਸਿੰਘ ਜੀ ਦੇ ਹੱਥਾਂ ਤੋਂ ਤਿਆਰ ਕੀਤੀ ਗਈ ਸੀ। ਉਹ ਸਰਬਲੋਹ ਦੇ ਹਥਿਆਰ ਤਿਆਰ ਕਰਨ ਵਾਲੇ ਚੋਟੀ ਦੇ ਮਾਹਰ ਉਸਤਾਦ ਸਨ। ਉਨ੍ਹਾਂ ਦੇ ਬਣਾਏ ਹਥਿਆਰ ਪੂਰੇ ਇਲਾਕੇ ਵਿਚ ਮਸ਼ਹੂਰ ਸਨ। ਆਪ ਦੇ ਦਾਦਾ ਭਾਈ ਹਰਦਾਸ ਸਿੰਘ ਜੀ ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਵਿਚ ਆਪਣੀ ਬਹਾਦਰੀ ਤੇ ਸੂਰਬੀਰਤਾ ਦੇ ਜੌਹਰ ਵਿਖਾਉਂਦੇ ਰਹੇ।

ਨਾਮਵਰ ਇਤਿਹਾਸਕਾਰ ਕਿਰਪਾਲ ਸਿੰਘ ਹੁਰਾਂ ਅਨੁਸਾਰ ਸਿੱਖੀ ਦੇ ਮਹਾਨ ਕੇਂਦਰ ਸ੍ਰੀ ਅੰਮ੍ਰਿਤਸਰ ਦੀ ਵੀ ਸਰਦਾਰ ਜੱਸਾ ਸਿੰਘ ਨੇ ਬਹੁਤ ਸੇਵਾ ਕੀਤੀ। ਅਰੰਭ ਵਿਚ ਸਿੱਖਾਂ ਨੇ ਸ੍ਰੀ ਅੰਮ੍ਰਿਤਸਰ ਦੀ ਰੱਖਿਆ ਲਈ ਇਕ ਕੱਚਾ ਕਿਲ੍ਹਾ ਬਣਵਾਇਆ, ਜਿਸ ਦਾ ਨਾਂ ਰਾਮ ਰੌਣੀ ਰੱਖਿਆ। ਕੁਝ ਚਿਰ ਪਿੱਛੋਂ ਇਸ ਕਿਲ੍ਹੇ ਦਾ ਨਾਂ ਰਾਮਗੜ੍ਹ ਹੋ ਗਿਆ। ਸਰਦਾਰ ਜੱਸਾ ਸਿੰਘ ਨੇ ਇਸ ਕਿਲ੍ਹੇ ਦੀ ਬਹੁਤ ਦਲੇਰੀ ਅਤੇ ਯੋਗਤਾ ਨਾਲ ਰੱਖਿਆ ਕੀਤੀ। ਰਾਮਗੜ੍ਹ ਦੀ ਇਸ ਅਤੁੱਟ ਸੇਵਾ ਦਾ ਸਦਕਾ ਸਰਦਾਰ ਜੱਸਾ ਸਿੰਘ ਖਾਲਸਾ ਪੰਥ ਵਿਚ 'ਰਾਮਗੜ੍ਹੀਆ' ਕਰਕੇ ਪ੍ਰਸਿੱਧ ਹੋ ਗਿਆ।

ਸਿੱਖ ਕੌਮ ਦੇ ਮਹਾਨ ਵਿਦਵਾਨ ਪ੍ਰਿੰਸੀਪਲ ਜੋਧ ਸਿੰਘ ਦੇ ਕਥਨ ਅਨੁਸਾਰ—

---

**ਸਰੀ, ਕੈਨੇਡਾ। ਸੰਪਰਕ ਨੰ: +੧ ੭੭੮੩੮-੫੮੧੪੧*

"ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਇਕ ਅਦੁੱਤੀ ਯੋਧਾ ਹੋਣ ਦੇ ਬਾਵਜੂਦ ਸੀਨੇ ਵਿਚ ਸਿੱਖੀ ਦੀ ਤੜਪ ਵੀ ਰੱਖਦਾ ਸੀ। ਜਿਸ ਦਾ ਨਤੀਜਾ ਉਸ ਦਾ ਉੱਚਾ ਸਿੱਖੀ ਆਚਰਣ ਸੀ।" ਇਸ ਤਰ੍ਹਾਂ ਇਕ ਹੋਰ ਇਤਿਹਾਸਕਾਰ ਤੇ ਵਿਦਵਾਨ ਡਾ. ਪ੍ਰਿਥੀਪਾਲ ਸਿੰਘ ਕਪੂਰ ਅਨੁਸਾਰ ਸਰਦਾਰ ਜੱਸਾ ਸਿੰਘ ਇਕ ਸਧਾਰਨ ਕਿਰਤੀ ਘਰਾਣੇ ਵਿੱਚੋਂ ਉਠ ਕੇ ਆਪਣੇ ਸਮੇਂ ਦਾ ਇਕ ਉੱਘਾ ਮਿਸਲਦਾਰ ਬਣਿਆ। ਉਸ ਸਮੇਂ ਦੇ ਹਲਾਤ ਵਿਚ ਤੇ ਉਹਦੇ ਸਧਾਰਨ ਵਸੀਲਿਆਂ ਮੁਤਾਬਕ ਇਹ ਛੋਟੀ ਮੋਟੀ ਸਫਲਤਾ ਨਹੀਂ ਸੀ। ਉਸ ਨੂੰ ਇਹ ਮਾਣ ਪ੍ਰਾਪਤ ਹੈ ਕਿ ਉਹ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਅਤੇ ਇਸ ਸ਼ਹਿਰ ਦੀ ਰਖਵਾਲੀ ਲਈ ਲਗਾਤਾਰ ਕਈ ਸਾਲ ਲੜਦਾ ਰਿਹਾ। ਰਾਮਗੜ੍ਹ ਦੇ ਕਿਲ੍ਹੇ ਲਈ ਅਦੁੱਤੀ ਪਿਆਰ ਦਾ ਸਦਕਾ ਉਸ ਨੂੰ ਰਾਮਗੜ੍ਹੀਆ ਦੀ ਫ਼ਖਰ ਯੋਗ ਪਦਵੀ ਮਿਲੀ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸਿੱਖ ਕੌਮ ਦੀ ਬੇਨਿਆਜ਼ ਹਸਤੀ ਹੋਏ ਹਨ। ਉਹ ਇਕ ਬਹੁਪੱਖੀ ਪ੍ਰਤਿਭਾ ਦੇ ਮਾਲਕ, ਦੂਰਅੰਦੇਸ਼ੀ ਤੇ ਉੱਦਮੀ ਕਿਰਦਾਰ ਵਾਲਾ ਯੋਧਾ ਸੀ। ਉਸ ਨੂੰ ਆਪਣੇ ਅਮੀਰ ਵਿਰਸੇ ਤੇ ਵਿਰਾਸਤ ਦਾ ਅਡੋਲ ਪਹਿਰੇਦਾਰ ਵੀ ਕਿਹਾ ਜਾ ਸਕਦਾ ਹੈ। ਸਿੱਖ ਇਤਿਹਾਸ ਵਿਚ ਜੇ ਕਿਸੇ ਨੇ ਪਹਿਲੀ ਵਾਰ ਇਸ ਗੱਲ ਦੀ ਕਦਰ ਪਾਈ ਕਿ ਇਤਿਹਾਸ ਨੂੰ ਸੰਭਾਲਣਾ ਕਿਵੇਂ ਹੈ? ਆਰਕਾਈਵਜ਼ ਕਿਵੇਂ ਬਣਾਉਣੇ ਹਨ? ਮਿਊਜ਼ੀਅਮ ਕਿਵੇਂ ਬਣਾਉਣੇ ਹਨ? ਉਹ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਹੀ ਸੀ। ੧੭੮੩ ਈ. ਨੂੰ ਦਿੱਲੀ ਲਾਲ ਕਿਲ੍ਹਾ ਫਤਹ ਕਰਨ ਸਮੇਂ ਜਿੱਤ ਦੀ ਨਿਸ਼ਾਨੀ ਵਜੋਂ ਚਾਰ ਤੋਪਾਂ, ਲਾਲ ਕਿਲ੍ਹੇ ਦੇ ਲਾਲ ਪੱਥਰ, ਥੰਮ੍ਹ ਅਤੇ ਤਖਤ-ਏ-ਤਾਊਸ ਦੀ ਸਿਲ ਪੁੱਟ ਕੇ ਲੈ ਆਂਦੀ। ਇਹ ਸਿਲ ਅੰਮ੍ਰਿਤਸਰ ਵਿਖੇ ਬੁੰਗਾ ਰਾਮਗੜ੍ਹੀਆ ਵਿਚ ਸਥਾਪਤ ਕੀਤੀ, ਤਾਂ ਜੋ ਸਾਡੀ ਵਿਰਾਸਤ ਕਾਇਮ ਰਹੇ। ਇਹੋ ਜਿਹਾ ਕਾਰਜ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵਰਗਾ ਸੂਰਮਾ ਹੀ ਕਰ ਸਕਦਾ ਹੈ।

ਸਿੱਖ ਕੌਮ ਦੇ ਮਹਾਨ ਯੋਧੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦੀ ਤੀਜੀ ਸ਼ਤਾਬਦੀ ਮੌਕੇ ਸਿੱਖਾਂ ਦੀ ਸਰਵਉੱਚ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਨਿਹੰਗ ਸਿੰਘ ਜੱਥੇਬੰਦੀਆਂ ਤੋਂ ਇਲਾਵਾ ਦੇਸ਼-ਵਿਦੇਸ਼ ਦੀਆਂ ਸਿੱਖ ਸੰਸਥਾਵਾਂ ਤੇ ਨਾਨਕ ਨਾਮ ਲੇਵਾ ਗੁਰਸਿੱਖ ਆਪਣੀ ਵਿੱਤ ਅਨੁਸਾਰ ਕੁਝ ਨਾ ਕੁਝ ਕਾਰਜ ਕਰ ਰਹੇ ਹਨ ਤੇ ਕਈ ਉੱਦਮੀ ਸ਼ਤਾਬਦੀ ਮਨਾਉਣ ਹਿੱਤ ਕਾਰਜ ਉਲੀਕ ਰਹੇ ਹਨ ਤਾਂ ਜੋ ਉਸ ਮਹਾਨ ਯੋਧੇ ਦੇ ਜੀਵਨ, ਸ਼ਖ਼ਸੀਅਤ ਅਤੇ ਕਾਰਜਾਂ ਨੂੰ ਨਤਮਸਤਕ ਹੋ ਸਕਣ।

ਪਰ ਇਹ ਦੁਖ ਦੀ ਗੱਲ ਹੈ ਕਿ ਪੰਜਾਬ ਸਰਕਾਰ ਇਸ ਸਮੇਂ ਕੁੰਭਕਰਨੀ ਨੀਂਦ ਸੁੱਤੀ ਹੋਈ ਹੈ। ਉਸ ਨੂੰ ਆਪਣੇ ਵਿਰਸੇ ਤੇ ਵਿਰਾਸਤ ਦੀ ਕੋਈ ਪਰਵਾਹ ਨਹੀ।

ਜੇ ਕੋਈ ਪਰਵਾਹ ਹੈ ਤਾਂ ਉਨ੍ਹਾਂ ਦੀ ਯਾਦ ਵਿਚ ਪੰਜਾਬ ਵਿਚ ਕਿਤੇ ਨਾਂ ਕਿਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਯਾਦਗਾਰੀ ਅਜਾਇਬ ਘਰ, ਟੈਕਨੀਕਲ ਯੂਨੀਵਰਸਿਟੀ ਆਫ ਜੱਸਾ ਸਿੰਘ ਰਾਮਗੜ੍ਹੀਆ, ਉਨ੍ਹਾਂ ਦੀ ਯਾਦ ਵਿਚ ਕਾਲਜ, ਵਿਧਾਨ ਸਭਾ ਪੰਜਾਬ ਅੰਦਰ ਉਨ੍ਹਾਂ ਦੀ ਆਦਮ ਕੱਦ ਤਸਵੀਰ ਆਦਿ ਲਗਾਉਣ ਜਿਸ ਤੋਂ ਇਹ ਸੰਕੇਤ ਮਿਲੇ ਕਿ ਉਹ ਆਪਣੇ ਪੁਰਖਿਆਂ ਤੇ ਯੋਧਿਆਂ ਪ੍ਰਤੀ ਸਤਿਕਾਰ ਕਰਦੇ ਹਨ।

ਸੰਨ ੧੯੭੭ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਨੇ ਸ੍ਰੀ ਅੰਮ੍ਰਿਤਸਰ ਵਿਖੇ ਮਹਾਰਾਜਾ ਰਣਜੀਤ ਸਿੰਘ ਮਿਊਜ਼ੀਅਮ ਦੀ ਸਥਾਪਨਾ ਕੀਤੀ ਸੀ। ਸੰਨ ੧੯੭੬ ਵਿਚ ਫਿਰੋਜ਼ਸ਼ਾਹ ਵਿਖੇ ਐਂਗਲੋ ਸਿੱਖ ਵਾਰ ਮੈਮੋਰੀਅਲ ਬਣਵਾਇਆ ਗਿਆ, ਜਿਸ ਵਿਚ ਸ. ਜਸਵੰਤ ਸਿੰਘ ਤੇ ਸ. ਕ੍ਰਿਪਾਲ ਸਿੰਘ ਆਰਟਿਸਟ ਦੀਆਂ ਬਣਾਈਆਂ ਪੇਂਟਿੰਗਜ਼ ਸੁਸ਼ੋਭਿਤ ਕੀਤੀਆਂ ਗਈਆਂ। ਪੰਜਾਬ ਵਿਚ ਰਾਸ਼ਟਰਪਤੀ ਰਾਜ ਸਮੇਂ ੨੩ ਮਾਰਚ, ੧੯੮੦ ਈ. ਨੂੰ ਸ਼ਹੀਦ ਭਗਤ ਸਿੰਘ ਅਜਾਇਬ ਘਰ ਖਟਕੜ ਕਲਾਂ ਦਾ ਉਦਘਾਟਨੀ ਸਮਾਰੋਹ ਹੋਇਆ। ਸੰਨ ੧੯੮੩ ਵਿਚ ਗੁਰੂ ਤੇਗ ਬਹਾਦਰ ਸਿੱਖ ਅਜਾਇਬ ਘਰ ਸ੍ਰੀ ਅਨੰਦਪੁਰ ਨੂੰ ਸਥਾਪਿਤ ਕੀਤਾ ਜਿਸ ਵਿਚ ਸ. ਕ੍ਰਿਪਾਲ ਸਿੰਘ, ਸ. ਜਸਵੰਤ ਸਿੰਘ ਤੇ ਸ. ਦਵਿੰਦਰ ਸਿੰਘ ਆਰਟਿਸਟ ਦੀਆਂ ੨੧ ਪੇਂਟਿੰਗਜ਼ ਨੂੰ ਪ੍ਰਦਰਸ਼ਿਤ ਕੀਤਾ ਗਿਆ। ਫਿਰ ਕੁਝ ਦੇਰ ਬਾਅਦ ਲਾਲਾ ਲਾਜਪਤ ਰਾਏ ਦੇ ਘਰ ਜਗਰਾਓਂ ਵਿਚ ਉਨ੍ਹਾਂ ਦੀ ਯਾਦ ਵਿਚ ਅਜਾਇਬ ਘਰ ਸਥਾਪਿਤ ਕੀਤਾ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਪੰਜਾਬ ਵਿਚ ਬਹੁਤ ਸਾਰੀਆਂ ਇਤਿਹਾਸਿਕ ਯਾਦਗਾਰਾਂ ਸਥਾਪਿਤ ਕੀਤੀਆਂ ਗਈਆਂ।

ਜੇਕਰ ਇਸੇ ਤਰਜ 'ਤੇ ਪੰਜਾਬ ਸਰਕਾਰ ਦੁਆਰਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਯਾਦਗਾਰੀ ਅਜਾਇਬ ਘਰ ਦੀ ਸਥਾਪਨਾ ਕੀਤੀ ਜਾਂਦੀ ਤਾਂ ਅਸੀਂ ਆਪਣੇ ਪੁਰਖਿਆਂ ਦੀਆਂ ਕੁਰਬਾਨੀਆਂ ਤੇ ਇਤਿਹਾਸ ਦੇ ਸੁਨਿਹਰੇ ਪੰਨਿਆਂ ਨੂੰ ਸਾਂਭ ਲੈਂਦੇ। ਉਤਸ਼ਾਹੀ ਗੱਭਰੂਆਂ ਲਈ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਹਮੇਸ਼ਾਂ ਇਕ ਚਾਨਣ ਮੁਨਾਰਾ ਹੈ।

■

## ਜ਼ਿਲ੍ਹਾ ਤਰਨ ਤਾਰਨ ਵਿਖੇ ਅੰਮ੍ਰਿਤ-ਸੰਚਾਰ

ਭਾਈ ਲਖਮੀਰ ਸਿੰਘ ਕੱਕਾ ਕੰਡਿਆਲਾ, ਪ੍ਰਚਾਰਕ ਵੱਲੋਂ ਪ੍ਰਾਪਤ ਰਿਪੋਰਟ ਅਨੁਸਾਰ ਗੁਰਦੁਆਰਾ ਬਾਬਾ ਜੀਵਨ ਸਿੰਘ, ਪਿੰਡ ਕੋਟ ਧਰਮ ਚੰਦ ਕਲਾਂ, ਜ਼ਿਲ੍ਹਾ ਤਰਨ ਤਾਰਨ ਵਿਖੇ ੪ ਦਸੰਬਰ, ੨੦੨੨ ਨੂੰ ਕਰਵਾਏ ਗਏ ਅੰਮ੍ਰਿਤ ਸੰਚਾਰ ਵਿਚ ੧੪ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਮਿਸਲਦਾਰੀ ਕਾਲ ਦਾ ਸਿੱਖ ਰੋਲ-ਮਾਡਲ : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

*-ਪ੍ਰੋ. ਬਲਕਾਰ ਸਿੰਘ**

ਗੁਰੂਕਿਆਂ ਨੇ ਗੁਰੂ-ਕਾਲ ਵਿਚ ਗੁਰੂ-ਦੇਹ ਨਾਲ ਚੱਲਦਿਆਂ ਸ਼ਬਦ-ਗੁਰੂ ਨਾਲ ਚੱਲਣਾ ਵੀ ਸਿੱਖ ਲਿਆ ਸੀ ਕਿਉਂਕਿ ਇਸ ਤਰ੍ਹਾਂ ਦੀ ਸਿੱਖ ਮਾਨਸਿਕਤਾ ਦੀ ਘਾੜਤ, ਗੁਰੂ ਸਾਹਿਬਾਨ ਦੀ ਅਗਵਾਈ ਵਿਚ ਲਗਾਤਾਰ ਹੋ ਰਹੀ ਸੀ। ਪਰ ਇਸ ਦੇ ਪ੍ਰਗਟਾਵਿਆਂ ਦਾ ਸਿੱਖ-ਅਮਲ ੧੭੦੮ ਈ. ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਸ਼ੁਰੂ ਹੋਇਆ ਸੀ। ਬੇਸ਼ੱਕ ਮਿਸਲਾਂ ਦਾ ਮੁੱਢ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਪਿੱਛੋਂ ਬੱਝਦਾ ਹੈ, ਪਰ ਇਸ ਦਾ ਪ੍ਰੇਰਨਾ ਸ੍ਰੋਤ "ਗੁਰੂ ਮਾਨਿਓ ਗ੍ਰੰਥ" ਸਿਧਾਂਤਕ ਅਤੇ ਪਰੰਪਰਕ ਨਿਰੰਤਰਤਾ ਵਿਚ ਰਹਿੰਦਾ ਹੈ। ਉਹ ਸਮਾਂ, ਸਿੱਖਾਂ ਲਈ ਕਿਸੇ ਵੀ ਪੱਖੋਂ ਬੇਸ਼ੱਕ ਸੁਖਾਲਾ ਨਹੀਂ ਸੀ ਕਿਉਂਕਿ ਸਮਕਾਲੀ ਸਥਿਤੀਆਂ ਵਿਚ ਪੱਤਾ ਪੱਤਾ ਸਿੱਖਾਂ ਦਾ ਵੈਰੀ ਹੋਇਆ ਪਿਆ ਸੀ। ਸਿਆਸਤਨੁਮਾ ਧਰਮ ਮੁਗ਼ਲਾਂ ਰਾਹੀਂ ਅਤੇ ਧਰਮਨੁਮਾ ਸਿਆਸਤ ਸਿੱਖਾਂ ਰਾਹੀਂ ਅਜਬ ਕਿਸਮ ਦੇ ਸੰਘਰਸ਼ ਰਾਹੀਂ ਪਹਿਲੀ ਵਾਰ ਭਾਰਤ ਵਿਚ ਸਾਹਮਣੇ ਆ ਰਹੀ ਸੀ। ਇਸ ਭਾਵਨਾ ਤੋਂ ਅੱਡਰੇ ਢੰਗ ਨਾਲ ਭਾਰਤ ਵਿਚ ਹੀ ਮੁਗ਼ਲਾਂ ਦੇ ਖ਼ਿਲਾਫ ਸ਼ਿਵਾ ਜੀ ਮਰਹੱਟਾ ਦੀ ਅਗਵਾਈ ਵਿਚ ਵਿਦਰੋਹ ਵੀ ਸਾਹਮਣੇ ਆ ਰਿਹਾ ਸੀ, ਪਰ ਮਰਹੱਟਿਆਂ ਦੇ ਖਿਲਾਫ ਮੁਗ਼ਲੀਆ ਹਕੂਮਤ ਨੇ ਓਹੋ ਜਿਹਾ ਜ਼ੁਲਮੀ-ਆਤੰਕਣ ਨਹੀਂ ਫੈਲਾਇਆ ਸੀ, ਜਿਹੋ ਜਿਹਾ ਪੰਜਾਬ ਵਿਚ ਸਿੱਖਾਂ ਦੇ ਖਿਲਾਫ ਫੈਲਾਇਆ ਜਾ ਰਿਹਾ ਸੀ। ਇਸ ਸਾਰੇ ਕੁਝ ਨੂੰ ਇਤਿਹਾਸ ਵਜੋਂ ਉਸ ਤਰ੍ਹਾਂ ਨਹੀਂ ਸੰਭਾਲਿਆ ਗਿਆ, ਜਿਸ ਤਰ੍ਹਾਂ ਸੰਭਾਲਿਆ ਜਾਣਾ ਚਾਹੀਦਾ ਸੀ। ਸਿੱਖ ਇਤਿਹਾਸ ਨੂੰ ਪਛਾਣਨ ਅਤੇ ਉਸਾਰਨ ਦਾ ਕੋਈ ਵਿਧੀ-ਵਿਧਾਨ ਨਾ ਓਦੋਂ ਸੀ ਅਤੇ ਨਾ ਅੱਜ ਹੈ। ਸਿੱਖ ਧਰਮ ਦੇ ਆਪਣਿਆਂ ਵੱਲੋਂ ਸ਼ਾਨਾਂ ਮੱਤੇ ਇਤਿਹਾਸ ਨੂੰ ਸੰਭਾਲਣ ਦਾ ਕੋਈ ਮੌਕਾ ਹੀ ਨਹੀਂ ਸੀ ਅਤੇ ਬੇਗਾਨਿਆਂ ਨੂੰ ਇਸ ਦੀ ਲੋੜ ਨਹੀਂ ਸੀ। ਇਤਿਹਾਸ ਦੇ ਕੱਚ ਸੱਚ ਨੂੰ ਪਛਾਣਨ ਦਾ ਜੇ ਕੋਈ ਵਿਧੀ-ਵਿਧਾਨ ਨਾ ਹੋਵੇ ਤਾਂ ਇਤਿਹਾਸ ਨੂੰ ਕਿਸੇ ਵੀ ਸਮਕਾਲ ਦੇ ਵਿਚਾਰ-ਵਟਾਂਦਰੇ ਦੇ ਕੇਂਦਰ ਵਿਚ ਨਹੀਂ ਲਿਆਂਦਾ ਜਾ ਸਕਦਾ। ਇਸ ਹਾਲਤ ਵਿਚ ਵਾਰਸਾਂ ਨੂੰ ਆਮ ਕਰਕੇ ਅਟੰਕ (indifferent) ਰਹਿਣ ਦਾ ਅਤੇ ਸ਼ੋਸ਼ਿਤ (exploited) ਹੋਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਸਿੱਖਾਂ ਨੂੰ ਆਪਣਾ ਇਤਿਹਾਸ ਆਪ ਲਿਖਣ ਵੱਲ ਤੁਰਨ ਦਾ ਸ਼ਾਇਦ ਕਦੇ ਮੌਕਾ ਵੀ ਨਹੀਂ ਮਿਲਿਆ ਅਤੇ ਜਿਨ੍ਹਾਂ ਨੂੰ ਵੱਖ-ਵੱਖ ਕਾਰਨਾਂ ਕਰਕੇ ਮਿਲਿਆ ਸੀ/ਹੈ, ਉਹ ਸਿੱਖ ਇਤਿਹਾਸ ਨੂੰ ਸਿੱਖ ਪ੍ਰਸੰਗ ਵਿਚ ਬਹੁਤ ਸਾਰੇ ਕਾਰਨਾਂ

**#੩੪, ਫੇਜ਼-੧, ਅਰਬਨ ਅਸਟੇਟ, ਪਟਿਆਲਾ-੧੪੭੦੦੨, ਮੋ : +੯੧ ੯੩੧੬੩-੦੧੩੨੮*

ਕਰਕੇ ਉਸਾਰ ਨਹੀਂ ਸਕੇ। ਇਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਪੈਦਾ ਹੋਏ ਇਤਿਹਾਸ ਨੂੰ ਪਹਿਲਾਂ ਇੱਛਤ ਪ੍ਰਭਾਵ ਵਿਚ ਲਿਖਿਆ ਜਾਂਦਾ ਰਿਹਾ ਅਤੇ ਫਿਰ ਏਸੇ ਨੂੰ ਉਨ੍ਹਾਂ ਹੀ ਸਿੱਖ ਵਿਰੋਧੀ ਸ੍ਰੋਤਾਂ ਦੇ ਹਵਾਲੇ ਨਾਲ ਉਸਾਰਿਆ ਜਾਂਦਾ ਰਿਹਾ ਹੈ। ਇਸ ਦੀ ਪੁਸ਼ਟੀ ਭਾਈ ਵੀਰ ਸਿੰਘ ਦੀ ਇਸ ਟਿੱਪਣੀ ਨਾਲ ਹੋ ਜਾਂਦੀ ਹੈ ਕਿ "ਅਸਲ ਵਿਚ ਮਹਾਂਪੁਰਸ਼ਾਂ ਦੇ ਇਤਿਹਾਸ ਨਿਰੇ ਪੁਰੇ ਤੱਥਾਂ 'ਤੇ ਆਧਾਰਿਤ ਨਹੀਂ ਹੁੰਦੇ, ਉਨ੍ਹਾਂ ਵਿਚ ਲੋਕ-ਮਨ 'ਤੇ ਪਏ ਉਨ੍ਹਾਂ ਦੇ ਪ੍ਰਭਾਵ ਰਚਨਾਕਾਰ ਦੀ ਲੇਖਣੀ ਤੋਂ ਹੀ ਪ੍ਰਗਟ ਹੁੰਦੇ ਹਨ" (*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਪਹਿਲੀ, ਪੰਨਾ ੫)। ਸਿੱਖ ਧਰਮ ਦੇ ਸਾਰਿਆਂ ਹੀ ਮਹਾਂ-ਨਾਇਕਾਂ ਦਾ ਇਤਿਹਾਸਕ ਪ੍ਰਸੰਗ ਬਾਣੀ ਦੀ ਰੋਸ਼ਨੀ ਵਿਚ ਹੀ ਉਸਾਰਿਆ ਜਾ ਸਕਦਾ ਹੈ। ਅਜਿਹਾ ਨਾ ਹੋ ਸਕਣ ਕਰਕੇ ਸਿੱਖ ਧਰਮ ਦੇ ਮਹਾਂ-ਨਾਇਕਾਂ ਨੂੰ ਬਰਾਸਤਾ ਇਤਿਹਾਸ archival (ਪੁਰਾਲੇਖ) ਹੋਣ ਵੱਲ ਧੱਕ ਦਿੱਤਾ ਜਾਂਦਾ ਰਿਹਾ ਹੈ। ਇਸ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਸਿੱਖ ਇਤਿਹਾਸ ਜ਼ਨੂੰ ਮੰਤਵ-ਸਿਧੀ ਅਤੇ ਇੱਛਤ ਨਤੀਜਿਆਂ ਮੁਤਾਬਿਕ ਲਿਖਿਆ ਜਾਂਦਾ ਰਿਹਾ ਹੈ ਅਤੇ ਉਸ ਵਿੱਚੋਂ ਗੁਰਮਤਿ ਦੇ ਰੰਗ ਮਨਫੀ ਹੁੰਦੇ ਰਹੇ ਹਨ। ਇਸ ਦੇ ਨਤੀਜੇ ਵਜੋਂ ਸਿੱਖ ਇਤਿਹਾਸ ਦੀ ਉਹ ਅਸਲੀਅਤ ਸਾਹਮਣੇ ਨਹੀਂ ਆ ਸਕੀ, ਜਿਹੜੀ ਸਿੱਖ ਮਾਨਸਿਕਤਾ ਨੇ "ਪੰਥ ਤੇਰੇ ਦੀਆਂ ਗੂੰਜਾਂ ਦਿਨੋ ਦਿਨ ਪੈਣਗੀਆਂ" ਦੀ ਭਾਵਨਾ ਵਿਚ ਸਦਾ ਸੰਭਾਲੀ ਰੱਖੀ ਸੀ। ਇਸੇ ਕਰਕੇ ਭਾਈ ਵੀਰ ਸਿੰਘ ਨੂੰ ਇਹ ਟਿੱਪਣੀ ਕਰਣੀ ਪਈ ਸੀ ਕਿ "ਸਿੱਖ ਈਮਾਨ ਦੀ ਨੀਂਹ ਦੈਵੀ ਗਿਆਨ ਉੱਤੇ ਹੈ। ਗੋਬਿੰਦ ਰੂਪ ਦਸਾਂ ਗੁਰੂ ਸਾਹਿਬਾਨ ਨੂੰ ਵਾਹਿਗੁਰੂ ਦੇ ਨਿਰੰਤਰ ਮੇਲ ਵਿਚ ਜੋ ਗਿਆਨ ਸੁਤੇ ਪ੍ਰਾਪਤ ਸੀ, ਉਹ ਆਪਣੀ ਨਿਰਮਲਤਾ ਵਿਚ ਉਨ੍ਹਾਂ ਦੇ ਹਿਰਦੇ ਤੋਂ ਬਾਣੀ ਤੇ ਹੁਕਮਾਂ ਦਾ ਰੂਪ ਲੈ ਕੇ ਪ੍ਰਗਟ ਹੋਇਆ, ਇਸ ਪਰ ਸਿੱਖੀ ਈਮਾਨ ਦੀ ਨੀਂਹ ਹੈ" (*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਪਹਿਲੀ, ਪੰਨਾ ੨੭)। ਇਸ ਨੂੰ ਧਿਆਨ ਵਿਚ ਰੱਖਾਂਗੇ ਤਾਂ ਸਮਝ ਸਕਾਂਗੇ ਕਿ ਸਿੱਖ-ਪੁਰਖਿਆਂ ਦਾ ਵਿਰਾਸਤੀ ਪ੍ਰਸੰਗ ਸਾਹਮਣੇ ਨਹੀਂ ਆ ਸਕਿਆ। ਇਸ ਦੇ ਵਿਸਥਾਰ ਵਾਸਤੇ ਸਿੰਘ ਬ੍ਰਦਰਜ਼ ਵੱਲੋਂ ਛਾਪੀ ਮੇਰੀ ਪੁਸਤਕ "ਸਿੱਖ-ਪੁਰਖਿਆਂ ਦਾ ਵਿਰਾਸਤੀ ਪ੍ਰਸੰਗ" (੨੦੨੨) ਨੂੰ ਵੇਖਿਆ ਜਾ ਸਕਦਾ ਹੈ। ਇਸ ਦ੍ਰਿਸ਼ਟੀ ਤੋਂ ਇਹ ਕਹਿਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸਿੱਖ ਇਤਿਹਾਸ ਨੂੰ ਜੇ ਸ਼ਬਦ-ਗੁਰੂ ਦੀ ਰੋਸ਼ਨੀ ਵਿਚ ਉਸਾਰਿਆ ਜਾਂਦਾ ਤਾਂ ਇਹ ਸੱਚ ਸਥਾਪਿਤ ਹੋ ਜਾਣਾ ਸੀ ਕਿ ਸਿੱਖ ਇਤਿਹਾਸ, ਹਰ ਕਿਸਮ ਦੀਆਂ ਅੰਤਰਦ੍ਰਿਸ਼ਟੀਆਂ ਨੂੰ ਨਾਲ ਲੈ ਕੇ ਤੁਰਦਾ ਰਿਹਾ ਹੈ। ਇਸ ਪ੍ਰਸੰਗ ਵਿਚ ਮਿਸਲਦਾਰੀ ਕਾਲ ਦੀ ਪੰਥਕ ਪਹਿਰੇਦਾਰੀ ਦੇ ਪ੍ਰਤੀਨਿਧ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ (੧੭੨੩-੧੮੦੩) ਬਾਰੇ ਚਰਚਾ ਕੀਤੀ ਜਾ ਰਹੀ ਹੈ। ਮਿਸਲਦਾਰੀਆਂ ਦੇ ਅਰੰਭ ਦਾ ਵੀ ਇਹੀ ਸਮਾਂ ਹੈ ਕਿਉਂਕਿ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਇਨ੍ਹਾਂ ਨਾਲੋਂ ਪੰਜ ਸਾਲ ਵੱਡੇ ਸਨ। ਦੋਹਾਂ ਨੇ ਮਿਸਲਦਾਰੀਆਂ ਦੀ ਉਤਪਤੀ, ਵਿਕਾਸ ਅਤੇ ਸਥਾਪਤੀ ਵਾਸਤੇ ਅਹਿਮ ਭੂਮਿਕਾ ਨਿਭਾਈ ਸੀ। ਦੋਵੇਂ ਉਸ ਸਿੱਖ ਰੰਗ ਵਿਚ ਵੱਡੇ ਹੋਏ ਸਨ, ਜਿਸ

ਨੂੰ ਪ੍ਰੋ. ਪੂਰਨ ਸਿੰਘ ਨੇ ਇਸ ਤਰ੍ਹਾਂ ਲਿਖਿਆ ਹੈ- "ਜਿੱਥੇ ਵੀ ਕੋਈ ਸਿੱਖ ਵੱਸਦਾ ਹੈ, ਉਥੇ ਉਹ ਉਸ ਛਾਂ-ਦਾਰ ਬ੍ਰਿਛ ਦੀ ਨਿਆਈਂ ਹੁੰਦਾ ਹੈ ਜਿਸ ਦੇ ਹੇਠ ਧੁੱਪ ਦੇ ਸਤਾਏ ਤੇ ਤ੍ਰਿਹਾਏ ਰਾਹੀ-ਮੁਸਾਫਰ, ਭਾਵੇਂ ਉਹ ਕਿਸੇ ਵੀ ਜਾਤੀ ਦੇ ਹੋਣ, ਆ ਕੇ ਵਿਸ਼ਰਾਮ ਕਰਦੇ ਹਨ ਅਤੇ ਸੁਖ ਅਨੰਦ ਮਾਣਦੇ ਹਨ" (ਗੁਰਸਿੱਖੀ ਦਾ ਸਿੱਖਣਾ, ੧੧੩)। ਇਹ ਭਾਵਨਾ ਮਿਸਲਦਾਰੀਆਂ ਵੇਲੇ 'ਰਾਖੀ ਪ੍ਰਬੰਧ' ਵਜੋਂ ਸਾਹਮਣੇ ਆਈ ਸੀ। ਉਸ ਸਥਿਤੀ ਨੂੰ ਵੀ ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ- "ਜਿਨ੍ਹਾਂ ਪਾਸ ਬਾਜਾਂ ਵਾਂਗ ਉੱਡਣ ਦੀ ਸ਼ਕਤੀ ਨਹੀਂ, ਗੁਰੂ ਗੋਬਿੰਦ ਸਿੰਘ ਦੀ ਕਿਰਪਾਨ ਨਾਲ ਨਹੀਂ ਰਹਿ ਸਕਦੇ। ਇਹ ਤਾਂ ਗੁਰੂ ਦੇ ਸਿੱਖ ਦੀ ਅਜੀਬ ਸ਼ਖਸੀ ਦਾ ਚਿੰਨ੍ਹ ਹੈ, ਜੋ ਕੋਈ ਹਾਰ ਨਹੀਂ ਮੰਨਦੀ, ਮਾਯੂਸ ਨਹੀਂ ਹੁੰਦੀ, ਉਹ ਸ਼ਖ਼ਸੀਅਤ, ਜਿਸ ਦੀ ਆਸ ਨਹੀਂ ਟੁੱਟਦੀ, ਜਿਸ ਦੀ ਰੂਹਾਨੀ ਚਮਕ ਕਦੇ ਨਹੀਂ ਮਰਦੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ "ਸਵਾ ਲਾਖ ਸੇ ਏਕ ਲੜਾਊਂ"। ਏਸੇ ਜੇਤੂ-ਤਰਕ ਦੇ ਪ੍ਰਤੀਨਿਧ ਸਨ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਏਸੇ ਧਰਾਤਲ ਤੇ ਉਨ੍ਹਾਂ ਦੇ ਯੋਗਦਾਨ ਨੂੰ ਵਰਤਮਾਨ ਵਿਚ ਉਤਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਜੋ ਕੋਈ ਵੀ ਆਪਣੇ ਸਮਕਾਲ ਦੇ ਰੋਲ-ਮਾਡਲ ਦੀ ਭੂਮਿਕਾ ਨਿਭਾਉਂਦਾ ਹੈ, ਉਹ ਸਰਬ ਸਮਿਆਂ ਲਈ ਵਿਚਾਰ ਚਰਚਾ ਦਾ ਕੇਂਦਰ ਹੋ ਜਾਂਦਾ ਹੈ। ਇਹੋ ਜਿਹੇ ਸਿੱਖ ਯੋਗਦਾਨੀਆਂ ਨੂੰ ਵੀਚਾਰਵਾਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਬਾਗ਼ ਦੇ ਫੁੱਲ ਆਖਿਆ ਹੋਇਆ ਹੈ।

ਸਰਦਾਰ ਜੱਸਾ ਸਿੰਘ ਇਹੋ ਜਿਹੇ ਹੀ ਸਨ। ਉਨ੍ਹਾਂ ਸਮਿਆਂ ਵਿਚ ਆਤਮ ਨਿਰਭਰਤਾ ਲਈ ਸੰਘਰਸ਼ ਹੀ ਗੁਰੂਕਿਆਂ ਲਈ ਸਿੱਖਿਆ-ਸੰਸਥਾ ਹੁੰਦੀ ਸੀ। ਪੜ੍ਹਾਈ ਦਾ ਅਰੰਭ ਅਤੇ ਅੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸਿੱਧਾ ਜੁੜੇ ਰਹਿਣ ਵਾਸਤੇ ਗੁਰਮੁਖੀ ਅਥਵਾ ਪੰਜਾਬੀ ਸਿੱਖਣਾ ਹੀ ਹੁੰਦਾ ਸੀ। ਅਜਿਹਾ ਬਹੁਤੀ ਵਾਰ ਮਾਪਿਆਂ ਰਾਹੀਂ ਸੰਭਵ ਹੁੰਦਾ ਸੀ ਅਤੇ ਇਸ ਦੀ ਅਣਹੋਂਦ ਵਿਚ ਗੁਰਦੁਆਰਾ-ਸੰਸਥਾ ਲੋੜੀਂਦੀ ਭੂਮਿਕਾ ਨਿਭਾਉਂਦੀ ਸੀ। ਅੰਮ੍ਰਿਤ ਛਕ ਕੇ ਗੁਰੂ ਵਾਲੇ ਹੋਣ ਦਾ ਚਾਅ ਆਮ ਸੀ ਕਿਉਂਕਿ ਸਿੱਖ ਭਾਈਚਾਰੇ ਵਿਚ ਇਹੋ ਜਿਹੇ ਸਿੱਖ ਜ਼ਿੰਦਾ ਸਨ, ਜਿਨ੍ਹਾਂ ਨੇ ਦਸਮ ਪਾਤਸ਼ਾਹ ਹਜ਼ੂਰ ਤੋਂ ਅੰਮ੍ਰਿਤ ਛਕਿਆ ਹੋਇਆ ਸੀ। ਸਰਦਾਰ ਜੱਸਾ ਸਿੰਘ ਦੇ ਦਾਦਾ ਹਰਦਾਸ ਸਿੰਘ ਅਤੇ ਪਿਤਾ ਗਿਆਨੀ ਭਗਵਾਨ ਸਿੰਘ ਇਹੋ ਜਿਹੇ ਸਿੱਖਾਂ ਵਿੱਚੋਂ ਹੀ ਸਨ। ਦਾਦਾ ਜੀ, ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਲੜਦਿਆਂ ਬਜਵਾੜਾ ਦੀ ਜੰਗ ਵਿਚ ਸ਼ਹੀਦ ਹੋ ਗਏ ਸਨ। ਰੋਜ਼ੀ ਰੋਟੀ ਵਾਸਤੇ ਬੇਸ਼ਕ ਜੱਦੀ ਪੁਸ਼ਤੀ ਕਿੱਤੇ ਕੰਮ ਆਉਂਦੇ ਸਨ, ਪਰ ਯੁੱਧ ਕਲਾ ਦੀ ਸਿਖਲਾਈ ਸਿੱਖ ਸਮਾਜਿਕਤਾ ਦਾ ਹਿੱਸਾ ਹੋਣ ਕਰਕੇ ਯੁੱਧ ਲਈ ਖਾਲਸਾ ਤਿਆਰ-ਬਰ-ਤਿਆਰ ਰਹਿੰਦਾ ਸੀ। ਬਾਲਕ ਜੱਸਾ ਸਿੰਘ ਆਪਣੇ ਪਿਤਾ ਦੀ ਅਗਵਾਈ ਵਿਚ ਜੰਗਾਂ ਜੁੱਧਾਂ ਵਿਚ ਹਿੱਸਾ ਜਵਾਨੀ ਵਿਚ ਪੈਰ ਧਰਦਿਆਂ ਹੀ ਲੈਣ ਲੱਗ ਪਿਆ ਸੀ ਅਤੇ ਆਪਣੇ ਪਿਤਾ ਨੂੰ

ਸ਼ਹੀਦ ਹੁੰਦਿਆਂ ਅੱਖੀਂ ਵੇਖਿਆ ਸੀ। ਸਿੱਖ ਸੂਰਮਗਤੀ ਨੂੰ ਨਾਲ ਰੱਖਣ ਦੀ ਭਾਵਨਾ ਨਾਲ ਉਸ ਦੇ ਪੰਜ ਪੁੱਤਰਾਂ ਨੂੰ ਜਗੀਰਾਂ ਦੇ ਕੇ ਨਿਵਾਜਿਆ ਸੀ। ਇਸ ਨਾਲ ਰਾਮਗੜ੍ਹੀਆ ਮਿਸਲ ਦੀ ਨੀਂਹ ਟਿਕ ਗਈ ਸੀ ਕਿਉਂਕਿ ਇਸ ਪਰਵਾਰ ਕੋਲ ਸ੍ਰੀ ਅੰਮ੍ਰਿਤਸਰ ਦੇ ਇਲਾਕੇ ਵਿਚ ਵੱਲਾ, ਵੇਰਕਾ, ਸੁਲਤਾਵਿੰਡ, ਤੁੰਗ ਅਤੇ ਚੱਬਾ ਦੀ ਮਾਲਕੀ ਆ ਗਈ ਸੀ। ਮਿਸਲ ਕਾਲ ਵੇਲੇ ਜ਼ਿੰਦਗੀ ਦੇ ਕਿਸੇ ਵੀ ਖੇਤਰ ਵਿਚ ਇਸ ਤਰ੍ਹਾਂ ਜੂਝ ਰਹੇ ਸਿੱਖਾਂ ਦਾ ਭਰੋਸਾ ਸੀ ਕਿ ਹਰ ਮੈਦਾਨ ਫਤਹ ਗੁਰੂ ਨੇ ਬਖਸ਼ਣੀ ਹੈ। ਇਸ ਨੂੰ ਢਾਡੀ ਸੋਹਣ ਸਿੰਘ ਸੀਤਲ ਨੇ ਇਸ ਤਰ੍ਹਾਂ ਜ਼ਬਾਨ ਦਿੱਤੀ ਹੋਈ ਹੈ:

*ਸੀਤਲ ਜਿੱਤ ਹਾਰ ਵੱਸ ਕਰਤਾਰ ਦੇ ਜ਼ੋਰ ਘੱਟ ਨਹੀਂ ਕਿਸੇ ਨੇ ਲਾਇਆ।*

ਮਿਸਲਦਾਰੀਆਂ ਦੇ ਉਸਾਰ ਵੇਲੇ ਪੰਜਾਬ ਵਿਚ ਇਸਲਾਮੀ ਜਗੀਰਦਾਰੀਆਂ ਕਾਇਮ ਸਨ ਅਤੇ ਉਨ੍ਹਾਂ ਵਿੱਚੋਂ ਬਹੁਤੇ ਅਬਦਾਲੀ ਵਰਗੇ ਧਾੜਵੀਆਂ ਵਿਰੁੱਧ ਲੜ ਵੀ ਰਹੀਆਂ ਸਨ। ਇਨ੍ਹਾਂ ਵਿਚ ਸਿੱਖ ਵੀ ਸ਼ਾਮਲ ਹੁੰਦੇ ਰਹੇ ਸਨ ਅਤੇ ਅਜਿਹੀ ਹੀ ਇਕ ਲੜਾਈ ਵਿਚ ਜੱਸਾ ਸਿੰਘ ਨੇ ਅਬਦਾਲੀ ਵਿਰੁੱਧ ੧੭੪੮ ਈ. ਵਿਚ ਸੰਘਰਸ਼ ਦੀ ਸ਼ੁਰੂਆਤ ਕੀਤੀ ਸੀ, ਓਸੇ ਨਾਲ ਸਾਰੀ ਉਮਰ ਸਿੱਖ ਰਾਜ ਸਥਾਪਿਤ ਹੋਣ ਤਕ ਕੇਸਾਂ ਸੁਆਸਾਂ ਨਾਲ ਨਿਭਦੇ ਰਹੇ ਸਨ। ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਕਬਜ਼ਾ ਲਾਹੌਰ ’ਤੇ ਹੋਇਆ ਸੀ ਤਾਂ ਉਸ ਵਿਚ ਸਰਦਾਰ ਜੱਸਾ ਸਿੰਘ ਨੇ ਅਹਿਮ ਭੂਮਿਕਾ ਨਿਭਾਈ ਸੀ। ਜਿਵੇਂ ਉਹ ਬਾਹਰਲਿਆਂ ਵੱਲੋਂ ਪੈਦਾ ਕੀਤੇ ਅਵਸਰਾਂ ਨੂੰ ਸੰਭਾਲਦੇ ਰਹੇ ਸਨ, ਉਵੇਂ ਹੀ ਉਹ ਅੰਦਰੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨਾਲ ਵੀ ਜੂਝਦੇ ਰਹੇ ਸਨ। ਮਿਸਲਦਾਰਾਂ ਕੋਲ ਜਗੀਰਦਾਰੀਆਂ ਕਿਸੇ ਪ੍ਰਬੰਧ ਮੁਤਾਬਿਕ ਸ਼ੁਰੂਆਤ ਵਿਚ ਨਹੀਂ ਸਨ ਅਤੇ ਮਿਸਲਦਾਰਾਂ ਵਿਚਕਾਰ ਕਬਜ਼ੇ ਵਿਚਲੀਆਂ ਹੱਦਾਂ ਨੂੰ ਲੈ ਕੇ ਆਪਸ ਵਿਚ ਝਗੜੇ ਰਹਿੰਦੇ ਸਨ। ਅਜਿਹੇ ਹੀ ਇਕ ਝਗੜੇ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਕੈਦ ਕਰਕੇ ਰਾਮਗੜ੍ਹੀਆ ਸਰਦਾਰ ਕੋਲ ਪੇਸ਼ ਕੀਤਾ ਗਿਆ ਸੀ। ਸਜ਼ਾ ਦੇਣ ਦੀ ਥਾਂ ਦੋਹਾਂ ਨੇ ਇਕ ਦੂਜੇ ਨੂੰ ਜੱਫੀ ਪਾਈ ਸੀ। ਤੀਮਾਰਦਾਰੀ ਉਪਰੰਤ ਸਿਹਤਮੰਦ ਹੋਣ ’ਤੇ ਪੂਰੇ ਸਤਿਕਾਰ ਨਾਲ ਇਕ ਦੂਜੇ ਤੋਂ ਵੱਖ ਹੋਏ ਸਨ। ਅਜਿਹਾ ਇਕ ਮੌਕਾ ਪਹਿਲਾਂ ੧੭੬੨ ਈ. ਵਾਲੇ ਵੱਡੇ ਘੱਲੂਘਾਰੇ ਵੇਲੇ ਵੀ ਆਇਆ ਸੀ। ਦੋਵੇਂ ਸਰਦਾਰ ਅੱਗੇ ਲੱਗ ਕੇ ਲੜਦੇ ਸਨ। ਅਬਦਾਲੀ ਨਾਲ ਉਸ ਯੁੱਧ ਬਾਰੇ ਮਸ਼ਹੂਰ ਹੈ ਕਿ ਸਿੱਖਾਂ ਵਿਚੋਂ ਕੋਈ ਵੀ ਪੱਗ ਬੰਨ੍ਹ ਅਜਿਹਾ ਨਹੀਂ ਸੀ, ਜੋ ਫੱਟੜ ਨਾ ਹੋਇਆ ਹੋਵੇ। ਆਹਲੂਵਾਲੀਆ ਸਰਦਾਰ ਵੀ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਸਨ,ਪਰ ਉਹ ਮੈਦਾਨ ਛੱਡਣ ਲਈ ਤਿਆਰ ਨਹੀਂ ਸਨ। ਰਾਮਗੜ੍ਹੀਆ ਸਰਦਾਰ ਨੇ ਉਨ੍ਹਾਂ ਨੂੰ ਸੰਭਾਲਿਆ ਅਤੇ ਲੋੜੀਂਦੇ ਇਲਾਜ ਅਤੇ ਆਰਾਮ ਦਾ ਪ੍ਰਬੰਧ ਕੀਤਾ ਸੀ। ਦੋਹਾਂ ਸਰਦਾਰਾਂ ਬਾਰੇ ਮਸ਼ਹੂਰ ਸੀ ਕਿ ਦੁਸ਼ਮਣ ਉਨ੍ਹਾਂ ਦਾ ਜੰਗ ਦੇ ਮੈਦਾਨ ਵਿਚ ਸਾਹਮਣਾ ਕਰਣ ਤੋਂ ਭੱਜਦੇ ਸਨ ਕਿਉਂਕਿ ਸਵਾ ਲੱਖੀ ਜਜ਼ਬੇ ਨਾਲ ਜੂਝਦੇ ਸਨ। ਏਸੇ ਘੱਲੂਘਾਰੇ ਵਿਚ ਅਕਾਲੀ ਫੂਲਾ ਸਿੰਘ ਦੇ ਪਿਤਾ ਵੀ ਸ਼ਹੀਦ ਹੋ ਗਏ ਸਨ। “*ਜੂਝ ਮਰਉਂ ਤਉ ਸਾਚੁ ਪਤੀਜੈ*” ਦੀ ਪੰਥਕ ਭਾਵਨਾ, ਮਿਸਲਦਾਰੀ ਦੇ ਜੇਤੂ ਤਰਕ ਦੀ ਪ੍ਰੇਰਨਾ ਸ੍ਰੋਤ

ਸੀ ਅਤੇ ਏਸੇ ਵਿੱਚੋਂ ਸਿੱਖ ਸਰਕਾਰ-ਏ-ਖਾਲਸਾ ਅਰਥਾਤ ਰਾਜ ਸਥਾਪਿਤ ਹੋਇਆ ਸੀ।

ਆਪਸੀ ਝਗੜਿਆਂ ਦਾ ਨਤੀਜਾ ਸੀ ਕਿ ਰਾਮਗੜ੍ਹੀਆ ਸਰਦਾਰ ਨੂੰ ਆਪਣਾ ਇਲਾਕਾ ਛੱਡ ਕੇ ਸਤਲੁਜੋਂ ਪਾਰ ਜਾ ਕੇ ਪਟਿਆਲਾ ਰਿਆਸਤ ਦੀ ਸਹਾਇਤਾ ਲੈਣੀ ਪਈ ਸੀ। ਆਪਣੇ ਪੁੱਤਰ ਜੋਧ ਸਿੰਘ ਨੂੰ ਪਟਿਆਲਾ ਰਿਆਸਤ ਵੱਲੋਂ ਜੀਂਦ ਰਿਆਸਤ ਦੇ ਰੂਪ ਵਿਚ ਦਿੱਤੀ ਗਈ ਜਗੀਰਦਾਰੀ ਸੌਂਪ ਕੇ, ਸਰਦਾਰ ਜੱਸਾ ਸਿੰਘ ਸੁਤੰਤਰ ਰੂਪ ਵਿਚ ਵਿਚਰਦੇ ਰਹੇ ਸਨ। ਉਨ੍ਹਾਂ ਨੇ ਸੁਤੰਤਰ ਰੂਪ ਵਿਚ ਇਕ ਯੁੱਧ-ਵੀਰ ਅਤੇ ਯੁੱਧ ਨੀਤੀਵਾਨ ਵਾਂਗ ਲੋੜ ਮੁਤਾਬਿਕ ਘਾੜਤਾਂ ਘੜਣੀਆਂ ਅਤੇ ਵਿਉਂਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇਹ ਸਮਾਂ ਮੁਗ਼ਲਾਂ ਦੇ ਕਮਜ਼ੋਰ ਹੋਣ ਦਾ ਅਤੇ ਸਿੱਖਾਂ ਦੇ ਮਜਬੂਤ ਹੋਣ ਦਾ ਸਮਾਂ ਸੀ। ਹੁਣ ਵਾਲੇ ਹਰਿਆਣਾ ਦੇ ਯਮੁਨਾਨਗਰ ਵਿਚ ਬੇਗ਼ਮ ਸਮਰੂ ਦੀ ਹਕੂਮਤ ਸੀ। ਉਸ ਨੇ ਬਾਬਾ ਬਘੇਲ ਸਿੰਘ ਨੂੰ ਧਰਮ ਦਾ ਭਰਾ ਐਲਾਨਿਆ ਹੋਇਆ ਸੀ ਅਤੇ ਇਹ ਰਿਸ਼ਤਾ 'ਰਾਖੀ ਪ੍ਰਬੰਧ' ਦੀ ਭਾਵਨਾ ਵਿਚ ਹੀ ਨਿਭ ਰਿਹਾ ਸੀ। ਬੇਗਮ ਸਮਰੂ ਰਾਹੀਂ ਸਿੱਖ ਆਗੂਆਂ ਨੂੰ ਦਿੱਲੀ ਦੀ ਮੁਗ਼ਲੀਆ ਹਕੂਮਤ ਬਾਰੇ ਪਤਾ ਲੱਗਦਾ ਰਹਿੰਦਾ ਸੀ। ਜਿਹੜੀ ਮੁਲਾਕਾਤ ਸਮੇਂ ਦੇ ਮੁਗ਼ਲ ਬਾਦਸ਼ਾਹ ਨਾਲ ਲਾਲ ਕਿਲ੍ਹੇ ਵਿਚ ਹੋਈ ਸੀ, ਉਸ ਦੀ ਵਿਚੋਲਗੀ ਬੇਗ਼ਮ ਸਮਰੂ ਨੇ ਹੀ ਕੀਤੀ ਸੀ। ਮਾਲੀ ਸਹਾਇਤਾ ਵਾਸਤੇ ਮਿਸਲਦਾਰਾਂ ਵੱਲੋਂ ਦਿੱਲੀ ਨੂੰ ਲੁੱਟਿਆ ਜਾਂਦਾ ਸੀ। ਹਾਲਤ ਇਹ ਹੋ ਗਈ ਸੀ ਕਿ ਦਿੱਲੀ ਦੇ ਲੋਕਾਂ ਨੇ ਸਰਕਾਰ ਨੂੰ ਟੈਕਸ ਦੇਣ ਤੋਂ ਪਾਸਾ ਵੱਟਣਾ ਸ਼ੁਰੂ ਕਰ ਦਿੱਤਾ ਸੀ। ਸ਼ਿਵਾ ਜੀ ਦੀ ਅਗਵਾਈ ਵਿਚ ਮਰਹੱਟਿਆਂ ਦੀ ਚੜ੍ਹਤ ਨੂੰ ਰੋਕਣ ਲਈ ਹੀ ਸਿੱਖਾਂ ਤੋਂ ਮਦਦ ਮੰਗੀ ਗਈ ਸੀ। ਮੀਟਿੰਗ ਵਾਸਤੇ ਜਿਹੜੇ ਪੰਜ ਜਰਨੈਲ ਸ਼ਾਮਲ ਹੋਣ ਵਾਸਤੇ ਦਿੱਲੀ ਗਏ ਸਨ, ਉਨ੍ਹਾਂ ਵਿਚ ਦੋਵੇਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਆਹਲੂਵਾਲੀਆ ਸ਼ਾਮਲ ਸਨ। ਸਮਝੌਤਾ ਤਾਂ ਇਹ ਹੋਇਆ ਸੀ ਕਿ ਦਿੱਲੀ ਤੋਂ ਹੋਣ ਵਾਲੀ ਆਮਦਨ ਦੋਹਾਂ ਧਿਰਾਂ ਅਰਥਾਤ ਸਿੱਖਾਂ ਅਤੇ ਮੁਗ਼ਲ ਸਰਕਾਰ ਵਿਚਕਾਰ ਵੰਡੀ ਜਾਵੇਗੀ ਪਰ ਸਿੱਖ ਜਰਨੈਲਾਂ ਨੇ ਇਹ ਸ਼ਰਤ ਵੀ ਮੰਨਵਾ ਲਈ ਸੀ ਕਿ ਗੁਰੂ ਸਾਹਿਬਾਨ ਦੀਆਂ ਯਾਦਾਂ ਨਾਲ ਜੁੜੇ ਸਥਾਨਾਂ 'ਤੇ ਗੁਰਦੁਆਰੇ ਉਸਾਰਨ ਦੀ ਸਿੱਖਾਂ ਨੂੰ ਖੁਲ੍ਹ ਹੋਵੇਗੀ। ਬਾਦਸ਼ਾਹ ਨੇ ਇਹ ਸ਼ਰਤ ਮੰਨ ਲਈ ਸੀ ਅਤੇ ਦਿੱਲੀ ਦੇ ਸਾਰੇ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਉਸ ਵੇਲੇ ਦੇ ਹੀ ਬਣੇ ਹੋਏ ਹਨ। ਇਸ ਦੇ ਵਿਸਥਾਰ ਵਿਚ ਜਾਏ ਬਿਨਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਉਸ ਵੇਲੇ ਦੇ ਸਿੱਖ ਜਰਨੈਲਾਂ ਨੇ ਆਪਣੀ ਵਿਰਾਸਤ ਨੂੰ ਗੁਰਦੁਆਰਾ ਸਾਹਿਬਾਨ ਰਾਹੀਂ ਸੰਭਾਲਿਆ, ਉਸ ਨੂੰ ਸਮਝ ਕੇ ਉਸ ਨਾਲ ਤੁਰਾਂਗੇ ਤਾਂ ਉਹ ਸਥਿਤੀ ਅਤੇ ਪ੍ਰਗਟਾਵੇ ਆਪਣੇ ਆਪ ਵਿਚ ਗੁਰਮਤਿ ਦੇ ਮਾਰਗ 'ਤੇ ਤੁਰਨ ਅਤੇ ਤੋਰਨ ਲਈ ਅਤੇ ਲੋੜੀਂਦੀ ਪੰਥਕ ਭਾਵਨਾ ਨੂੰ ਮੱਘਦਾ ਰੱਖਣ ਵਾਸਤੇ ਸਹਾਇਕ ਹੋ ਸਕਦੇ ਹਨ।

ਰਾਮਗੜ੍ਹੀਆ ਮਿਸਲ ਦਾ ਮੋਢੀ ਸਰਦਾਰ ਜੱਸਾ ਸਿੰਘ ਹੀ ਹੈ ਕਿਉਂਕਿ ਇਸ

ਤੋਂ ਪਹਿਲਾਂ ਤਰਖਾਣੀ ਕਿੱਤੇ ਨਾਲ ਜੁੜੇ ਹੋਏ ਸਿੱਖ ਭਾਈਚਾਰੇ ਨੂੰ ਰਾਮਗੜ੍ਹੀਆ ਨਹੀਂ ਕਿਹਾ ਜਾਂਦਾ ਸੀ। ਰਾਮਗੜ੍ਹੀਆ ਅਤੇ ਆਹਲੂਵਾਲੀਆ ਸਰਦਾਰਾਂ ਵਾਸਤੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਅਹਿਮ ਭੂਮਿਕਾ ਸੀ ਕਿਉਂਕਿ ਉੱਥੋਂ ਸ੍ਰੀ ਅਕਾਲ ਤਖਤ ਸਾਹਿਬ ਰਾਹੀਂ ਪੰਥਕ ਫੈਸਲੇ ਲਏ ਜਾਂਦੇ ਸਨ। ਦੋਹਾਂ ਸਰਦਾਰਾਂ ਨੇ ਰਲ ਕੇ ਮਿਸਲਦਾਰੀਆਂ ਦੇ ਆਪਸੀ ਝਗੜਿਆਂ ਨੂੰ ਨਜਿੱਠਣ ਲਈ ਲੋੜੀਂਦੀ ਪੰਥਕ ਨਿਯਮਾਵਲੀ ਬਣਾਈ ਸੀ। ਮਿਸਲ ਕਾਲ ਵਿਚ ਹੀ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਤੇ ਰਾਮ ਰੌਣੀ ਦਾ ਕਿਲ੍ਹਾ ਬਣਾਇਆ ਗਿਆ ਸੀ। ਤਾਕਤ ਪਰਖਣ ਦੀਆਂ ਬਹੁਤੀਆਂ ਲੜਾਈਆਂ ਦਾ ਕੇਂਦਰ ਰਾਮ ਰੌਣੀ ਦਾ ਕਿਲ੍ਹਾ ਹੀ ਰਹਿੰਦਾ ਸੀ। ਜਿੰਨੀ ਵਾਰ ਇਸ ਕਿਲ੍ਹੇ ਨੂੰ ਵਿਰੋਧੀਆਂ ਵੱਲੋਂ ਢਾਹਿਆ ਗਿਆ ਸੀ, ਉਸ ਨੂੰ ਮੁੜ ਉਸਾਰਨ ਦਾ ਕੰਮ ਗੁਰੂ ਕੇ ਸਿੱਖ ਕਰਦੇ ਰਹੇ ਸਨ। ਇਹ ਜ਼ਿੰਮੇਵਾਰੀ ਪੰਥ ਵੱਲੋਂ ਸਰਦਾਰ ਜੱਸਾ ਸਿੰਘ ਨੂੰ ਪੱਕੇ ਤੌਰ 'ਤੇ ਸੌਂਪ ਦਿੱਤੀ ਗਈ ਸੀ। ਇਸ ਕਿਲ੍ਹੇ ਨੂੰ ਉਸਾਰਨ ਦੀ ਯੋਜਨਾ ਸਰਦਾਰ ਸੁੱਖਾ ਸਿੰਘ ਮਾੜੀ ਕੰਬੋਕੇ ਨੇ ਪੰਥ ਤੋਂ ਪਰਵਾਨ ਕਰਵਾਈ ਸੀ। ਰਾਮਗੜ੍ਹੀਆ ਭਾਈਚਾਰੇ ਵਿੱਚੋਂ ਇਹ ਸਿੰਘ ਮੱਸੇ ਰੰਘੜ ਦਾ ਸਿਰ ਵੱਢਣ ਵੇਲੇ ਸਰਦਾਰ ਮਹਿਤਾਬ ਸਿੰਘ ਦੇ ਨਾਲ ਸੀ ਅਤੇ ੧੭੫੨ ਵਿਚ ਅਬਦਾਲੀ ਦਾ ਮੁਕਾਬਲਾ ਕਰਦੇ ਹੋਏ ਸ਼ਹੀਦ ਹੋ ਗਿਆ ਸੀ। ਸਰਦਾਰ ਸੁੱਖਾ ਸਿੰਘ ਹੀ ਸੀ ਜੋ ਮੱਸੇ ਰੰਘੜ ਵੱਲੋਂ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਵਿਚ ਇਸ਼ਨਾਨ ਕਰਨ ਤੇ ਲਾਈ ਪਾਬੰਦੀ ਵਿੱਰੁਧ ਜਾਨ ਜੋਖਮ ਵਿਚ ਪਾ ਕੇ ਇਸ਼ਨਾਨ ਕਰਨ ਜਾਂਦਾ ਰਿਹਾ ਸੀ। ਰਾਮ ਰੌਣੀ ਦੇ ਕਿਲ੍ਹੇ ਦੀ ਅਰੰਭਤਾ ਸਰਦਾਰ ਸੁੱਖਾ ਸਿੰਘ ਦੀ ਅਗਵਾਈ ਵਿਚ ਹੀ ਹੋਈ ਸੀ। ਇਸ ਕਿਲ੍ਹੇ ਦਾ ਨਾਤਾ ਰਾਮਗੜ੍ਹੀਆ ਭਾਈਚਾਰੇ ਨਾਲ ਬਹੁਤ ਸਾਰੇ ਕਾਰਨਾਂ ਕਰਕੇ ਜੁੜਿਆ ਹੋਇਆ ਸੀ/ਹੈ ਕਿਉਂਕਿ ਕਿਲ੍ਹਿਆਂ ਨੂੰ ਉਸਾਰਨ ਵਾਸਤੇ ਜਿਹੋ ਜਿਹੀ ਤਕਨੀਕੀ ਕੁਸ਼ਲਤਾ ਦੀ ਲੋੜ ਹੁੰਦੀ ਸੀ/ਹੈ, ਉਹ ਰਾਮਗੜ੍ਹੀਆ ਭਾਈਚਾਰੇ ਦੇ ਖ਼ੂਨ ਵਿਚ ਸੀ/ਹੈ। ਰਾਮ ਰੌਣੀ ਕਿਲ੍ਹੇ ਦਾ ਨਾਮ ਰਾਮਗੜ੍ਹ ਕਿਲ੍ਹਾ ਸਰਦਾਰ ਜੱਸਾ ਸਿੰਘ ਕਰਕੇ ਹੀ ਪਿਆ ਸੀ ਕਿਉਂਕਿ ਰੌਣੀ ਨਾਲੋਂ ਗੜ੍ਹ ਆਮ ਸਿੱਖ ਸਮਝ ਦੇ ਨੇੜੇ ਸੀ/ਹੈ। ਇਸ ਤੋਂ ਪਿੱਛੋਂ ਸਿੱਖਾਂ ਦਾ ਤਰਖਾਣਾ ਭਾਈਚਾਰਾ 'ਰਾਮਗੜ੍ਹੀਆ' ਦੇ ਨਾਮ ਨਾਲ ਜਾਣਿਆ ਜਾਣ ਲੱਗ ਪਿਆ ਸੀ। ਇਤਿਹਾਸਕਾਰਾਂ ਨੇ ਰਾਮਗੜ੍ਹੀਆ ਸਰਦਾਰ ਨੂੰ ਸਿੱਖੀ ਦਾ ਪਹਿਰੇਦਾਰ ਅਤੇ ਲੰਮੀ ਉਮਰ ਭੋਗਣ ਵਾਲਾ ਮਿਸਲਦਾਰ ਕਿਹਾ ਹੋਇਆ ਹੈ। ਰਾਮਗੜ੍ਹੀਆ ਸਰਦਾਰ ਵਰਗੀਆਂ ਸ਼ਖ਼ਸੀਅਤਾਂ ਨੂੰ ਇਤਿਹਾਸ ਦੀਆਂ ਸੀਮਾਵਾਂ ਤੋਂ ਮੁਕਤ ਕਰ ਕੇ ਵੇਖਾਂਗੇ ਤਾਂ ਉਹ ਹਰ ਸਮਕਾਲ ਦੇ ਰੋਲ ਮਾਡਲ ਦੀ ਭੂਮਿਕਾ ਨਿਭਾਉਣ ਵਾਲੇ ਲੱਗਣ ਲੱਗ ਪੈਣਗੇ। ਇਤਿਹਾਸ ਤਾਂ ਹੋ ਚੁੱਕੇ ਦਾ ਨਾਮ ਹੈ ਅਤੇ ਸਿਧਾਂਤਕਤਾ, ਸਾਰੇ ਸਮਿਆਂ ਨੂੰ ਨਾਲ ਲੈ ਕੇ ਤੁਰਨ ਦੀ ਸਮਰੱਥਾ ਦਾ ਨਾਮ ਹੈ। ਸਿੱਖ ਰੰਗ ਵਿਚ ਰੰਗੇ ਹੋਏ ਰਾਮਗੜ੍ਹੀਆ ਸਰਦਾਰ ਦੀ ਕਰਮਭੂਮੀ ਸਰਬੱਤ ਦੇ ਭਲੇ ਵਾਲੀ ਸੀ ਅਤੇ ਇਸ ਦੀ ਤਾਂ ਸਦਾ ਹਰ ਸਮਕਾਲ ਨੂੰ ਲੋੜ ਰਹਿੰਦੀ ਹੈ।

■

# ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸਿੱਖ ਰਾਜ ਦਾ ਉਸਰੱਈਆ ਤੇ ਦੂਰਦਰਸ਼ੀ ਨੇਤਾ

*-ਸ. ਗਿਆਨ ਸਿੰਘ**

ਅਠਾਰ੍ਹਵੀਂ ਸਦੀ ਦੇ ਇਕ ਮਹਾਨ ਸਿੱਖ ਜਰਨੈਲ, ਹਰਮਨ ਪਿਆਰੇ, ਸਿੱਖੀ ਸੰਸਕਾਰਾਂ ਵਿਚ ਨਿਪੁੰਨ ਅਤੇ 'ਫਖਰ-ਏ-ਕੌਮ' ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜੀਵਨ ਪ੍ਰਥਾਏ ਲਿਖਣਾ ਇਕ ਵੱਡੀ ਚੁਣੌਤੀ ਜਾਪਦਾ ਹੈ ਪਰ ਫਿਰ ਵੀ ਕੋਸ਼ਿਸ਼ ਕਰ ਰਿਹਾ ਹਾਂ। ਆਪ ਜੀ ਦੇ ਪਰਵਾਰਿਕ ਪਿਛੋਕੜ, ਬਚਪਨ, ਸੂਰਮਤਾਈ ਅਤੇ ਸਿੱਖ ਰਾਜ ਦੀ ਘਾੜਤ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ। ਮੈਂ ਉਨ੍ਹਾਂ ਦੇ ਜੀਵਨ ਦਾ ਕੁਝ ਵੱਖਰਾ ਪਹਿਲੂ ਪੇਸ਼ ਕਰਨ ਦੀ ਕੋਸ਼ਿਸ਼ ਕਰਾਂਗਾ।

ਅਠਾਰ੍ਹਵੀਂ ਸਦੀ ਦਾ ਦੌਰ ਸਿੱਖ ਕੌਮ ਲਈ ਚੁਣੌਤੀਆਂ ਭਰਪੂਰ ਸੀ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ੧੭੧੦ ਈ. ਵਿਚ ਸਿੱਖ ਰਾਜ ਦੀ ਸਥਾਪਨਾ ਕੀਤੀ ਗਈ ਅਤੇ ੧੭੧੬ ਈ. ਤੋਂ ਬਾਅਦ ਸਿੱਖ ਕੌਮ ਨਸਲਕੁਸ਼ੀ ਹਮਲਿਆਂ ਦਾ ਸਾਹਮਣਾ ਕਰਦੀ ਰਹੀ। ੧੭੪੬ ਈ. ਦੇ ਛੋਟੇ ਅਤੇ ੧੭੬੨ ਈ. ਦੇ ਵੱਡੇ ਘੱਲੂਘਾਰਿਆਂ ਵਿੱਚੋਂ ਨਿਕਲ ਕੇ ਮੁੜ ਆਪਣਾ ਰਾਜ ਸਥਾਪਿਤ ਕਰਨਾ ਸਿੱਖ ਕੌਮ ਦੀ ਲੀਡਰਸ਼ਿਪ ਦੀ ਗੁਣਵੱਤਾ ਸਾਬਤ ਕਰਦੀ ਹੈ। ਲੀਡਰਸ਼ਿਪ ਦੇ ਗੁਣ ਇੱਕ ਇਨਸਾਨ ਨੂੰ ਚੰਗਾ ਨੇਤਾ ਬਣਾਉਂਦੇ ਹਨ। ਸਰਦਾਰ ਜੱਸਾ ਸਿੰਘ ਜੀ ਨੈਤਿਕਤਾ ਦੇ ਗੁਣਾਂ ਦਾ ਭਰਪੂਰ ਖ਼ਜ਼ਾਨਾ ਸਨ। ਅਸਲ ਵਿਚ ਇੱਕ ਸੱਚਾ ਆਗੂ ਉਹ ਹੁੰਦਾ ਹੈ ਜੋ ਨਿਰਸਵਾਰਥ, ਹਮਦਰਦ ਅਤੇ ਦੂਜਿਆਂ ਦੀ ਸੇਵਾ ਲਈ ਸਮਰਪਿਤ ਹੋਵੇ। ਸਿੱਖ ਧਰਮ ਵਿਚ ਅਗਵਾਈ ਦਾ ਸੰਕਲਪ ਸੇਵਾ ਜਾਂ ਨਿਰਸਵਾਰਥ ਸੇਵਾ ਦੇ ਵਿਚਾਰ ਨਾਲ ਨੇੜਿਓਂ ਜੁੜਿਆ ਹੋਇਆ ਹੈ। ਸਰਦਾਰ ਜੱਸਾ ਸਿੰਘ ਜੀ ਇੱਕ ਪ੍ਰਮੁੱਖ ਸਿੱਖ ਆਗੂ ਸਨ ਜਿਨ੍ਹਾਂ ਨੇ ੧੮ਵੀਂ ਸਦੀ ਵਿਚ ਸਿੱਖ ਰਾਜ ਦੇ ਗਠਨ ਅਤੇ ਵਿਸਥਾਰ ਵਿਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦੇ ਲੀਡਰਸ਼ਿਪ ਗੁਣਾਂ ਦੀਆਂ ਕੁਝ ਉਦਾਹਰਨਾਂ ਆਪ ਜੀ ਨਾਲ ਸਾਂਝੀਆਂ ਕਰ ਰਿਹਾ ਹਾਂ, ਜੋ ਅੱਜ ਵੀ ਸਾਡੇ ਲਈ ਮਾਰਗ-ਦਰਸ਼ਕ ਹਨ:-

**ਦਲੇਰੀ:**

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆਪਣੀ ਬਹਾਦਰੀ ਅਤੇ ਨਿਡਰਤਾ ਲਈ ਜਾਣੇ ਜਾਂਦੇ ਸਨ। ਇਸ ਦੀ ਇਕ ਵੱਡੀ ਉਦਾਹਰਨ ਸਿੱਖ ਇਤਿਹਾਸ ਵਿੱਚੋਂ ਮਿਲਦੀ

*ਗੁਰੂ ਨਾਨਕ ਇੰਸਟੀਚਿਊਟ ਆਫ਼ ਗਲੋਬਲ ਸਟੱਡੀਜ਼ ਚੇਅਰ ਅਤੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ, ਕੈਨੇਡਾ ਦੇ ਸੰਸਥਾਪਕ ਪ੍ਰਧਾਨ। E-Mail:- giansingh@gurumanankinstitute.ca

ਹੈ ਕਿ ਜਦੋਂ ਅਬਦਾਲੀ ਦੇ ਜਾਣ ਪਿੱਛੋਂ ਅਦੀਨਾ ਬੇਗ ਜਲੰਧਰ ਦਾ ਹਾਕਮ ਬਣ ਬੈਠਾ। ਉਸ ਸਮੇਂ ਮੀਰ ਮੰਨੂ ਦੇ ਜ਼ੁਲਮਾਂ ਦੀ ਅੱਤ ਹੋ ਗਈ ਅਤੇ ਸਿੰਘਾਂ ਨੇ ਵੀ ਰਾਤਾਂ ਨੂੰ ਛਾਪੇ ਮਾਰ ਕੇ ਮੀਰ ਮਨੂੰ ਦੀ ਨੀਂਦ ਹਰਾਮ ਕਰ ਦਿੱਤੀ ਸੀ। ਇਸ ਪ੍ਰਸਥਿਤੀ ਤੇ ਮੀਰ ਮਨੂੰ ਨੇ ਆਪਣੇ ਜਰਨੈਲਾਂ ਨਾਲ ਡੂੰਘੀ ਵਿਚਾਰ ਚਰਚਾ ਕੀਤੀ ਅਤੇ ਸਿੰਘਾਂ ਕੋਲੋਂ ਬਦਲਾ ਲੈਣ ਲਈ ਅੱਗ-ਬਬੂਲਾ ਹੋ ਉੱਠਿਆ। ਉਸ ਨੇ ਇਸ ਕੰਮ ਦਾ ਸਾਰਾ ਕਾਰਜਭਾਰ ਅਦੀਨਾ ਬੇਗ ਨੂੰ ਸੌਂਪ ਦਿੱਤਾ ਤਾਂ ਕਿ ਸਿੰਘਾਂ ਦਾ ਖੁਰਾ-ਖੋਜ ਪੂਰੀ ਤਰਾਂ ਮਿਟਾਇਆ ਜਾ ਸਕੇ। ਉਸ ਨੇ ਸਿੱਧੇ ਸ੍ਰੀ ਅੰਮ੍ਰਿਤਸਰ ਆ ਕੇ ਰਾਮ ਰੌਣੀ ਨੂੰ ਘੇਰਾ ਪਾ ਲਿਆ। ਮਹੀਨਿਆਂ ਬੱਧੀ ਘੇਰੇ ਕਾਰਨ ਅੰਦਰੋਂ ਪਾਣੀ, ਅਸਲਾ ਤੇ ਹਥਿਆਰ ਮੁਕਦੇ ਜਾ ਰਹੇ ਸਨ । ਖਾਲਸਾ ਪੰਥ ਤੇ ਇਸ ਬਿਪਤਾ ਵੇਲੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਇਕ ਦਲੇਰੀ ਭਰੀ ਪੰਥ ਖਾਲਸੇ ਦੀ ਸੇਵਾ ਕੀਤੀ, ਜਿਸ ਨੂੰ ਬਾਬਾ ਪ੍ਰੇਮ ਸਿੰਘ ਜੀ ਹੋਤੀ ਮਰਦਾਨ ਪੁਸਤਕ 'ਖਾਲਸਾ ਰਾਜ ਦੇ ਉਸਰਈਏ' ਵਿਚ ਲਿਖਦੇ ਹਨ;

"ਅਕਤੂਬਰ ੧੭੪੮ ਵਿਚ ਖਾਲਸਾ ਪੰਥ ਵੱਲੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੂੰ ਹੁਕਮ ਪੁੱਜਾ ਕਿ ਦੁਆਬੇ ਦੇ ਨਵਾਬ ਅਦੀਨਾ ਬੇਗ ਨਾਲ ਮੇਲ ਨਾ ਰਖੋ ਅਤੇ ਇਸ ਬਿਪਤਾ ਵੇਲੇ ਖਾਲਸਾ ਪੰਥ ਦੀ ਸਹਾਇਤਾ ਕਰੋ। ਸੋ ਆਪ ਨੇ ਅਦੀਨਾ ਬੇਗ ਨਾਲੋਂ ਆਪਣੇ ਸੰਬੰਧ ਤੋੜ ਕੇ ਆਪਣੇ ਜਵਾਨਾਂ ਸਣੇ ਸਿੱਖ ਭਰਾਵਾਂ ਦਾ ਸਾਥ ਦਿੱਤਾ ਤੇ ਵੈਰੀਆਂ ਦਾ ਟਾਕਰਾ ਕੀਤਾ ਅਤੇ ਪੰਥ ਦੀ ਸੁਨਹਿਰੀ ਅੱਖਰਾਂ ਨਾਲ ਲਿਖੀ ਜਾਣ ਵਾਲੀ ਸੇਵਾ ਕੀਤੀ। ਇਸ ਕਾਰਨ ਖਾਲਸਾ ਪੰਥ ਵਿਚ ਆਪਦਾ ਨਾਮ ਹੋਰ ਉੱਘਾ ਹੋ ਗਿਆ ਤੇ ਵਧੇਰੇ ਚਮਕ ਪਿਆ। ਇਸ ਸਮੇਂ ਉਨ੍ਹਾਂ ਨੇ ਜਿਸ ਦਲੇਰੀ ਨਾਲ ਖ਼ਾਲਸਾ ਪੰਥ ਦਾ ਸਾਥ ਦਿੱਤਾ ਉਹ ਆਪਣੇ ਆਪ ਵਿਚ ਇੱਕ ਵੱਡੀ ਮਿਸਾਲ ਹੈ।"

**ਰਣਨੀਤਕ ਸੋਚ:**

ਉਹ ਇੱਕ ਸੂਝਵਾਨ ਰਣਨੀਤੀਕਾਰ ਸਨ ਜੋ ਆਪਣੇ ਵਿਰੋਧੀਆਂ ਦੀਆਂ ਚਾਲਾਂ ਦਾ ਅੰਦਾਜ਼ਾ ਲਗਾਉਣ ਅਤੇ ਉਸ ਅਨੁਸਾਰ ਆਪਣੀ ਯੋਜਨਾ ਬਣਾਉਣ ਦੇ ਯੋਗ ਸਨ। ਉਨ੍ਹਾਂ ੧੭੬੨ ਈ. ਵਿਚ ਅਹਿਮਦ ਸ਼ਾਹ ਅਬਦਾਲੀ ਦੇ ਵਿਰੁੱਧ ਸ੍ਰੀ ਅੰਮ੍ਰਿਤਸਰ ਦੀ ਰੱਖਿਆ ਵਿਚ ਅਹਿਮ ਭੂਮਿਕਾ ਨਿਭਾਈ ਸੀ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰ ਸਿੱਖ ਜਦੋਂ ਰਾਮ ਰੌਣੀ ਦੇ ਕਿਲ੍ਹੇ ਵਿਚ ਘਿਰੇ ਹੋਏ ਸਨ, ਤਾਂ ਉਨ੍ਹਾਂ ਦੀ ਰਣਨੀਤਿਕ ਸੋਚ ਕਾਰਨ ਹੀ ਸਿੰਘਾਂ ਦੀ ਫਤਹ ਹੋਈ ਸੀ। ਕਈ ਇਤਿਹਾਸਕਾਰ ਲਿਖਦੇ ਹਨ ਜਦੋਂ ਦੁਸ਼ਮਣ ਨੇ ਰਾਮ ਰੌਣੀ ਨੂੰ ਘੇਰਾ ਪਾਇਆ ਹੋਇਆ ਸੀ ਤਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆਪਣੇ ਪੰਜ ਸੌ ਘੋੜਸਵਾਰਾਂ ਸਮੇਤ, ਰਾਮ ਰੌਣੀ ਤੋਂ ਬਾਹਰ, ਦੁਸ਼ਮਣ ਦੀਆਂ ਫੌਜਾਂ ਨਾਲ ਸੀ। ਰਾਮ ਰੌਣੀ ਦੇ ਅੰਦਰੋਂ ਪੰਥ ਨੇ ਆਪਣੀ ਬਿਪਤਾ ਦੀ ਚਿੱਠੀ ਲਿਖ ਕੇ ਬਾਹਰ ਰਾਮਗੜ੍ਹੀਏ ਸਰਦਾਰ ਨੂੰ ਮਦਦ ਵਾਸਤੇ ਕਿਸੇ ਗੁਪਤ ਢੰਗ ਨਾਲ ਘੱਲੀ ਅਤੇ ਚਿੱਠੀ ਪੜ੍ਹ ਕੇ ਰਾਮਗੜ੍ਹੀਏ

ਸਰਦਾਰ ਨੇ ਤੁਰੰਤ ਤੀਰ ਰਾਹੀਂ ਉਤਰ ਦੇ ਦਿੱਤਾ। ਰਾਮਗੜ੍ਹੀਏ ਸਰਦਾਰ ਦੀ ਤੀਰ ਨਾਲ ਭੇਜੀ ਚਿੱਠੀ ਵੇਖ ਅਤੇ ਪੜ੍ਹ ਕੇ, ਅੰਦਰਲੇ ਘਿਰੇ ਸਿੰਘਾਂ ਨੂੰ ਕਾਫੀ ਢਾਰਸ ਹੋਈ। ਇਸ ਵਿਚ ਲਿਖਿਆ ਹੋਇਆ ਸੀ ਕਿ ਖਾਲਸਾ ਜੀ ਫਿਕਰ ਨਾ ਕਰੋ, ਕੱਲ ਸਵੇਰੇ ਮੈਂ ਰਾਮ ਰੌਣੀ ਦੇ ਅੰਦਰ ਆ ਜਾਵਾਂਗਾ ਅਤੇ ਭਰਾਵਾਂ ਨਾਲ ਮਿਲ ਕੇ ਦੁਸ਼ਮਣ ਦਾ ਟਾਕਰਾ ਕਰਾਂਗੇ। ਇਸ ਰਣਨੀਤੀ ਦੀ ਘਾੜਤ ਨਾਲ ਦੁਸ਼ਮਣ ਫ਼ੌਜਾਂ ਦੇ ਹੌਸਲੇ ਟੁੱਟ ਗਏ। ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦੀ ਅਦੁੱਤੀ ਕੁਰਬਾਨੀ ਤੇ ਬਹਾਦਰੀ ਅਤੇ ਰਣਨੀਤਿਕ ਸੋਚ ਕਾਰਨ ਹੀ ਰਾਮ ਰੌਣੀ ਦੇ ਅੰਦਰ ਘਿਰੇ ਸਿੱਖ ਸੂਰਬੀਰਾਂ ਦੀ ਜਾਨ ਬਚੀ ਸੀ ।

**ਦੂਰਦਰਸ਼ੀ:**

ਆਪ ਦਾ ਸਿੱਖ ਕੌਮ ਦੇ ਭਵਿੱਖ ਲਈ ਇੱਕ ਸਪੱਸ਼ਟ ਦ੍ਰਿਸ਼ਟੀਕੋਣ ਸੀ ਅਤੇ ਉਸ ਦ੍ਰਿਸ਼ਟੀ ਨੂੰ ਪ੍ਰਾਪਤ ਕਰਨ ਲਈ ਅਣਥੱਕ ਮਿਹਨਤ ਕੀਤੀ। ਉਸ ਨੇ ਸਿੱਖਾਂ ਵਿਚ ਏਕਤਾ ਦੀ ਮਹੱਤਤਾ ਨੂੰ ਪਛਾਣਿਆ ਅਤੇ ਵੱਖ-ਵੱਖ ਸਿੱਖ ਸਮੂਹਾਂ ਨੂੰ ਖਾਲਸੇ ਦੇ ਬੈਨਰ ਹੇਠ ਇਕੱਠੇ ਕਰਨ ਵਿਚ ਮੁੱਖ ਭੂਮਿਕਾ ਨਿਭਾਈ। ਸ੍ਰੀ ਹਰੀ ਰਾਮ ਗੁਪਤਾ 'ਹਿਸਟਰੀ ਆਫ ਦੀ ਸਿਖਜ਼' ਵਿਚ ਲਿਖਦਾ ਹੈ ਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦੀ ਬਹਾਦਰੀ ਕਾਰਨ ਰਾਮ ਰੌਣੀ ਅਜਿੱਤ ਰਹੀ। ਉਧਰ ਅਹਿਮਦ ਸ਼ਾਹ ਅਬਦਾਲੀ ਦੇ ਤੀਸਰੇ ਧਾਵੇ ਦੀ ਖ਼ਬਰ ਤੇ ਮੀਰ ਮਨੂੰ ਨੇ ਦੀਵਾਨ ਕੌੜਾ ਮੱਲ ਰਾਹੀਂ ਖਾਲਸੇ ਨਾਲ ਮਿਲਾਪ ਕਰਕੇ ਰਾਮ ਰੌਣੀ ਦੇ ਜੋਧੇ ਸਰਦਾਰ ਜੱਸਾ ਸਿੰਘ ਰਾਮਗੜੀਏ ਨਾਲ ਗੱਲਬਾਤ ਕੀਤੀ ਤੇ ਫਰਵਰੀ ੧੭੪੯ ਈ. ਵਿਚ ਰਾਮ ਰੌਣੀ ਦਾ ਘੇਰਾ ਚੁਕ ਲਿਆ ਗਿਆ। ਏਸੇ ਹੀ ਸਮੇਂ ਸਾਂਘਣੀਆ ਜਥੇ ਦੇ ਜਥੇਦਾਰ ਸ. ਨੰਦ ਸਿੰਘ ਸਾਂਘਣੀਆ ਦੇ ਚਲਾਣੇ ਉਪਰੰਤ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸਰਬ-ਸੰਮਤੀ ਨਾਲ ਜਥੇ ਦੇ ਜਥੇਦਾਰ ਚੁਣੇ ਗਏ ਅਤੇ ਬਾਅਦ ਵਿਚ ਉਨ੍ਹਾਂ ਦੀ ਰਾਜਨੀਤਕ ਸੂਝ-ਬੂਝ ਦੂਰਅੰਦੇਸ਼ੀ ਸਿਆਣਪ ਅਤੇ ਅਗਵਾਈ ਨੇ ਇਸ ਜਥੇ ਨੂੰ ਬੜੇ ਵਿਸ਼ਾਲ ਪੈਮਾਨੇ 'ਤੇ ਵਧਾਅ, ਜਥੇਬੰਦ ਕਰ, ਹੋਰ ਗੱਭਰੂ ਜਵਾਨ, ਘੋੜ ਸਵਾਰ ਭਰਤੀ ਕਰ ਕੇ ਏਸੇ ਜਥੇ ਨੂੰ ਰਾਮਗੜ੍ਹੀਆ ਮਿਸਲ ਦਾ ਨਾਮ ਦਿੱਤਾ ਜਿਸ ਨੇ ਇਤਿਹਾਸ ਗਵਾਹ ਹੈ ਕਿ ਸਿੱਖਾਂ ਅਤੇ ਖਾਲਸਾ ਪੰਥ ਦੀ ਰੂਪ-ਰੇਖਾ ਹੀ ਬਦਲ ਦਿੱਤੀ ਤੇ ਜਗਤ ਪ੍ਰਸਿੱਧੀ ਹਾਸਿਲ ਕੀਤੀ। ਕਾਜ਼ੀ ਨੂਰ ਮੁਹੰਮਦ ਦੇ ਇਕ ਫ਼ਾਰਸੀ ਦੇ ਸ਼ਿਅਰ ਵਿਚ ਜਿਸ ਦਾ ਤਰਜਮਾਂ ਇਸ ਤਰ੍ਹਾਂ ਹੈ ਲਿਖਦਾ ਹੈ:

"ਉਸ (ਜੱਸਾ ਕਲਾਲ) ਦੇ ਨਾਲ ਇਕ ਹੋਰ ਜੱਸਾ (ਸਿੰਘ) ਠੋਕਾ (ਤਰਖਾਣ)ਸੀ, ਜੋ ਉਨ੍ਹਾਂ (ਸਿੱਖਾਂ) ਦੇ ਵਿਚਕਾਰ ਇਕ ਬਿਫਰੇ ਹੋਏ ਸ਼ੇਰ ਵਾਂਗ ਜਾਪਦਾ ਸੀ। (*ਸ. ਜੱਸਾ ਸਿੰਘ ਰਾਮਗੜ੍ਹੀਆ* ਕ੍ਰਿਤ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ - ਵਿੱਚੋਂ)

ਇਸ ਤੋਂ ਬਾਅਦ ਕਈ ਇਤਿਹਾਸਕਾਰ ਆਪ ਨੂੰ ਸ. ਜੱਸਾ ਸਿੰਘ

'ਇਛੋਗਿੱਲੀਆ' ਕਰਕੇ ਵੀ ਲਿਖਦੇ ਆਏ ਹਨ। ਪਰ ਰਾਮਗੜ੍ਹ ਕਿਲ੍ਹੇ ਦੀ ਉਸਾਰੀ ਤੋਂ ਬਾਅਦ ਆਪ ਇਸ ਦੀ ਹਿਫਾਜ਼ਤ ਕਰਨ ਕਾਰਨ ਅਤੇ ਉਸ ਦੇ ਮੁਖਤਾਰ ਕੁਲ ਹੋਣ ਕਾਰਨ ਸ. ਜੱਸਾ ਸਿੰਘ ਰਾਮਗੜ੍ਹੀਆ ਕਹਿ ਕੇ ਬੁਲਾਇਆ ਜਾਂਦਾ ਰਿਹਾ।" (*ਸ. ਜੱਸਾ ਸਿੰਘ ਰਾਮਗੜ੍ਹੀਆ* ਕ੍ਰਿਤ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ-ਵਿੱਚੋਂ)

ਮੁਗ਼ਲ ਸਾਮਰਾਜ ਅਤੇ ਹੋਰ ਵਿਰੋਧੀਆਂ ਵਿਰੁੱਧ ਲੜਾਈਆਂ ਅਤੇ ਝੜਪਾਂ ਵਿਚ ਇਸ ਗੁਣ ਦਾ ਪ੍ਰਦਰਸ਼ਨ ਕੀਤਾ। ੧੭੬੪ ਈ. ਵਿਚ ਅੰਮ੍ਰਿਤਸਰ ਦੀ ਲੜਾਈ ਵਿਚ ੩੦,੦੦੦ ਅਫਗਾਨ ਸੈਨਿਕਾਂ ਦੀ ਫੌਜ ਦੇ ਵਿਰੁੱਧ ਜਿੱਤ ਲਈ ਸਿਰਫ ੧੦,੦੦੦ ਸਿੱਖਾਂ ਦੀ ਇੱਕ ਫੌਜ ਦੀ ਅਗਵਾਈ ਕੀਤੀ ਸੀ। ਆਪ ਜੀ ਦਾ ਸਿੱਖ ਕੌਮ ਦੇ ਭਵਿੱਖ ਲਈ ਇੱਕ ਸਪੱਸ਼ਟ ਦ੍ਰਿਸ਼ਟੀਕੋਣ ਸੀ ਅਤੇ ਉਸ ਦ੍ਰਿਸ਼ਟੀ ਨੂੰ ਪ੍ਰਾਪਤ ਕਰਨ ਲਈ ਅਣਥੱਕ ਮਿਹਨਤ ਕੀਤੀ। ਉਸ ਨੇ ਸਿੱਖਾਂ ਵਿਚ ਏਕਤਾ ਦੀ ਮਹੱਤਤਾ ਨੂੰ ਪਛਾਣਿਆ ਅਤੇ ਵੱਖ-ਵੱਖ ਸਿੱਖ ਸਮੂਹਾਂ ਨੂੰ ਖਾਲਸੇ ਦੇ ਨਿਸ਼ਾਨ ਹੇਠ ਇਕੱਠੇ ਕਰਨ ਵਿਚ ਮੁੱਖ ਭੂਮਿਕਾ ਨਿਭਾਈ।

**ਨਿਰਣਾਇਕਤਾ:**

ਉਹ ਲੜਾਈ ਸਮੇਂ ਤੁਰੰਤ ਅਤੇ ਪ੍ਰਭਾਵਸ਼ਾਲੀ ਫੈਸਲੇ ਲੈਣ ਦੀ ਆਪਣੀ ਯੋਗਤਾ ਲਈ ਜਾਣੇ ਜਾਂਦੇ ਸਨ, ਇਸ ਗੁਣ ਨੇ ਉਸ ਨੂੰ ਆਪਣੇ ਵਿਰੋਧੀਆਂ ਨੂੰ ਪਛਾੜਨ ਵਿਚ ਮਦਦ ਕੀਤੀ। ਸਭ ਤੋਂ ਪਹਿਲਾਂ ਕਾਂਗੜੇ ਦੀ ਰਿਆਸਤ ਨੂੰ ਆਪਣੇ ਅਧੀਨ ਕੀਤਾ। ਘੁਮੰਡ ਚੰਦ ਨੇ ਚਾਰ ਹਜ਼ਾਰ ਸਾਲਾਨਾ ਕਰ ਦੇਣਾ ਮਨਜ਼ੂਰ ਕੀਤਾ ਤੇ ਇਹ ਕਰ ਉਹ ਰਾਮਗੜ੍ਹੀਆ ਮਿਸਲਦਾਰ ਨੂੰ ੧੭੭੬ ਈ.ਤਕ ਬਰਾਬਰ ਦਿੰਦਾ ਰਿਹਾ। ਰਿਆਸਤ ਨੂਰਪੁਰ ਦੇ ਰਾਜੇ ਪ੍ਰਿਥਵੀ ਸਿੰਘ ਨੇ ਵੀ ਰਾਮਗੜ੍ਹੀਏ ਸਰਦਾਰ ਦੀ ਪ੍ਰਮੁੱਖਤਾ ਮੰਨ ਲਈ ਤੇ ਸਾਲਾਨਾ ਕਰ ਦੇਣਾ ਮੰਨ ਲਿਆ। ਚੰਬਾ ਰਿਆਸਤ ਦੇ ਰਾਜਾ ਰਾਜ ਸਿੰਘ ਨੇ ਵੀ ਸਾਲਾਨਾ ਕਰ ਦੇਣਾ ਪਰਵਾਨ ਕੀਤਾ। ਹੋਰ ਕਈ ਛੋਟੀਆਂ ਪਹਾੜੀ ਰਿਆਸਤਾਂ ਜਸਵਾਂ, ਦੀਪਾਲ ਪੁਰ, ਅਨਾਰ ਪੁਰ, ਹਰੀ ਪੁਰ, ਦਾਤਾਰ ਪੁਰ ਤੇ ਜੇਠੇਵਾਲ ਨੂੰ ਵੀ ਰਾਮਗੜ੍ਹੀਆ ਸਰਦਾਰ ਨੇ ਆਪਣੇ ਅਧੀਨ ਕੀਤਾ। ਇਨ੍ਹਾਂ ਰਿਆਸਤਾਂ ਵਿੱਚੋਂ ਦੋ ਲੱਖ ਰੁਪਏ ਸਾਲਾਨਾ ਕਰ ਆਉਂਦਾ ਸੀ। ਰਾਮਗੜ੍ਹੀਆ ਮਿਸਲ ਦੀਆਂ ਹੱਦਾਂ ਹੁਣ ਦੂਰ ਤਕ ਵਧ ਗਈਆਂ ਸਨ। ਬਿਆਸ ਅਤੇ ਰਾਵੀ ਵਿਚਕਾਰਲਾ ਪਹਾੜੀ ਇਲਾਕਾ ਅਤੇ ਜਲੰਧਰ ਦੁਆਬੇ ਦਾ ਮੈਦਾਨੀ ਇਲਾਕਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਰਾਜ ਵਿਚ ਸ਼ਾਮਲ ਸੀ।

**ਕ੍ਰਿਸ਼ਮਈ ਸ਼ਖ਼ਸੀਅਤ:**

ਸਰਦਾਰ ਜੱਸਾ ਸਿੰਘ ਜੀ ਇੱਕ ਕ੍ਰਿਸ਼ਮਈ ਨੇਤਾ ਸਨ ਜਿਨ੍ਹਾਂ ਨੇ ਸਾਥੀਆਂ ਵਿਚ ਵਫ਼ਾਦਾਰੀ ਅਤੇ ਸ਼ਰਧਾ ਨੂੰ ਪ੍ਰੇਰਿਤ ਕੀਤਾ। ਉਨ੍ਹਾਂ ਦੇ ਆਪਣੇ ਸਾਥੀਆਂ ਅਤੇ ਉਨ੍ਹਾਂ ਦੇ ਦੁਸ਼ਮਣਾਂ ਵਿਚ ਹਮੇਸ਼ਾ ਸਤਿਕਾਰ ਅਤੇ ਪ੍ਰਸੰਸਾ ਕੀਤੀ ਜਾਂਦੀ ਸੀ।ਇਕ ਵਾਰ

ਕਸੂਰ ਦੇ ਖੱਤਰੀ ਬ੍ਰਾਹਮਣਾਂ ਨੇ ਕਸੂਰ* ਦੇ ਪਠਾਣਾਂ ਦੇ ਘਰ ਅਨਿਆਂ ਤੇ ਅੱਤਿਆਚਾਰਾਂ ਦੀ ਫ਼ਰਿਆਦ ਸਿੰਘਾਂ ਕੋਲ ਆ ਕੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਕੀਤੀ। ਉਸ ਸਮੇਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਕਮਾਨ ਥੱਲੇ ਹੋਰ ਮਿਸਲਾਂ ਦੇ ਸਰਦਾਰਾਂ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਹਰੀ ਸਿੰਘ ਭੰਗੀ, ਸਰਦਾਰ ਜੈ ਸਿੰਘ ਕਨੱਈਆ, ਸਰਦਾਰ ਮਹਾਂ ਸਿੰਘ ਸ਼ੁਕਰਚੱਕੀਆ ਆਦਿ ਨੇ ਕਸੂਰ ,ਤੇ ਹਮਲਾ ਕੀਤਾ ਅਤੇ ਉੱਥੋਂ ਦੀਆਂ ੧੨ ਗੜ੍ਹੀਆਂ ਫਤਹ ਕਰ ਕੇ ਬੇਅੰਤ ਧਨ-ਮਾਲ ਹਾਸਲ ਕੀਤਾ ਅਤੇ ਕਸੂਰ ਦੇ ਹਾਕਮ ਹੁਸੈਨ ਖਾਂ ਨੂੰ ਉਸ ਦੇ ਪਾਪਾਂ ਦੀ ਸਜ਼ਾ ਦਿੱਤੀ ਤੇ ਕੈਦ ਬ੍ਰਾਹਮਣ ਦੀ ਕੰਨਿਆ ਨੂੰ ਛੁਡਾਇਆ। ਗਿਆਨੀ ਗਿਆਨ ਸਿੰਘ ਅਨੁਸਾਰ ਕਸੂਰ ਦੀ ਜਿੱਤ ਵਿੱਚੋਂ ਸਭ ਤੋਂ ਬਹੁਤਾ ਧਨ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਹੱਥ ਆਇਆ ਸੀ। ਨੂਰ ਜਹਾਨ ਦੇ ਸਮੇਂ ਦਾ ਕਰੋੜਾਂ ਰੁਪਿਆ, ਹੀਰੇ ਜਵਾਹਰਾਤ, ਸੋਨੇ ਚਾਂਦੀ ਆਦਿ ਦੇ ਢੇਰਾਂ ਵਿਚ ਚੰਦਰ ਸੈਣੀ ਹਾਰ ਜਿਹੜਾ ਹਨੇਰੇ ਵਿਚ ਪ੍ਰਕਾਸ਼ ਕਰਨ ਵਾਲਾ ਸੀ ਤੇ ਇਕੱਲਾ ਹੀ ੫੦ ਲੱਖ ਰੁਪਏ ਦਾ ਸੀ, ਰਾਮਗੜ੍ਹੀਆ ਸਰਦਾਰਾਂ ਹੱਥ ਆਇਆ ਸੀ। ਬਾਬਾ ਪ੍ਰੇਮ ਸਿੰਘ ਜੀ ਹੋਤੀ ਇਸ ਘਟਨਾ ਬਾਰੇ ਇਸ ਤਰ੍ਹਾਂ ਲਿਖਦੇ ਹਨ— "ਇੱਕ ਬ੍ਰਾਹਮਣ ਦੀ ਕੰਨਿਆਂ ਨੂੰ ਉਸ ਦੇ ਮਾਪਿਆਂ ਨੂੰ ਮੋੜਦੇ ਹੋਏ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੇ ਪਾਸੋਂ ੫ ਹਜ਼ਾਰ ਰੁਪਿਆ ਇਹ ਕਹਿ ਕੇ ਦਿੱਤਾ ਕਿ ਧੀਆਂ ਨੂੰ ਕੋਈ ਖ਼ਾਲੀ ਹੱਥ ਨਹੀਂ ਮੋੜਦਾ ਹੁੰਦਾ।" ਇਸ ਕਾਰਨ ਆਪ ਦੀ ਕੀਰਤੀ ਆਸਮਾਂ 'ਤੇ ਚਮਕ ਉੱਠੀ ਤੇ ਆਪ ਦਾ ਨਾਮ - 'ਬੰਦੀ ਛੋੜ' - ਪੈ ਗਿਆ। ਇਹ ਸਭ ਸਿੱਖ ਕੌਮ ਦੀ ਸੱਚੀ-ਸੁੱਚੀ ਸ਼ਖ਼ਸੀਅਤ ਦਾ ਕ੍ਰਿਸ਼ਮਾ ਹੀ ਸੀ।

**ਸੰਸਾਧਨਤਾ:**

ਆਪ ਜੀ ਸੀਮਤ ਸਾਧਨਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੇ ਯੋਗ ਸਨ ਅਤੇ ਅਕਸਰ ਆਪਣੇ ਵਿਰੋਧੀਆਂ 'ਤੇ ਕਾਬੂ ਪਾਉਣ ਲਈ ਨਵੀਨਤਾਕਾਰੀ ਰਣਨੀਤੀਆਂ ਦੀ ਵਰਤੋਂ ਕਰਦੇ। ਉਨ੍ਹਾਂ ਸਿੱਖ ਤੋਪਖਾਨੇ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਈ, ਜਿਸ ਨੇ ਸਿੱਖਾਂ ਨੂੰ ਕਈ ਲੜਾਈਆਂ ਜਿੱਤਣ ਵਿਚ ਮਦਦ ਕੀਤੀ।

**ਨਿਮਰਤਾ:**

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆਪਣੀ ਨਿਮਰਤਾ ਅਤੇ ਸਾਦਗੀ ਲਈ ਜਾਣੇ ਜਾਂਦੇ ਸਨ। ਆਪਣੀ ਤਾਕਤ ਅਤੇ ਪ੍ਰਭਾਵ ਦੀ ਸਥਿਤੀ ਦੇ ਬਾਵਜੂਦ, ਉਨ੍ਹਾਂ ਦੀ ਸੋਚਣੀ ਅਸਮਾਨ 'ਤੇ, ਪਰ ਪੈਰ ਹਮੇਸ਼ਾ ਧਰਤੀ 'ਤੇ ਟਿਕੇ ਰਿਹੇ ਅਤੇ ਹਮੇਸ਼ਾਂ ਸਿੱਖ ਕੌਮ ਦੇ ਹਿੱਤਾਂ ਨੂੰ ਆਪਣੇ ਨਾਲੋਂ ਅੱਗੇ ਰੱਖਿਆ।

**ਇਮਾਨਦਾਰੀ:**

ਆਪ ਜੀ ਇੱਕ ਮਹਾਨ ਇਮਾਨਦਾਰ ਵਿਅਕਤੀ ਸਨ ਜਿਸ ਨੂੰ ਉਸ ਦੇ

**ਕੁਝ ਵਿਦਵਾਨਾਂ ਨੇ ਕਸੂਰ, ਹਿਸਾਰ ਅਤੇ ਸਿਰਸਾ ਦੀਆਂ ਘਟਨਾਵਾਂ ਨੂੰ ਰਲਗਡ ਵੀ ਕੀਤਾ ਹੈ।*

ਸਾਥੀਆਂ ਅਤੇ ਅਨੁਯਾਈਆਂ ਦੁਆਰਾ ਉਸ ਦੀ ਇਮਾਨਦਾਰੀ ਅਤੇ ਨਿਰਪੱਖਤਾ ਲਈ ਸਤਿਕਾਰਿਆ ਜਾਂਦਾ ਸੀ।

**ਸਮਾਜ ਸੇਵੀ:**

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆਪਣੀ ਉਦਾਰਤਾ ਅਤੇ ਸਮਾਜਿਕ ਨਿਆਂ ਪ੍ਰਤੀ ਵਚਨ-ਬੱਧਤਾ ਲਈ ਵੀ ਜਾਣਿਆ ਜਾਂਦਾ ਸੀ। ਉਸ ਨੇ ਆਪਣੇ ਸਾਧਨਾਂ ਦੀ ਵਰਤੋਂ ਲੋੜਵੰਦਾਂ ਲਈ ਸਮਾਜਿਕ ਜਾਂ ਧਾਰਮਿਕ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਮਦਦ ਕੀਤੀ। ਆਪ ਜੀ ਵਿਧਵਾਵਾਂ ਅਤੇ ਅਨਾਥਾਂ ਦੀ ਮਦਦ ਕਰਨ ਲਈ ਵਿਸ਼ੇਸ਼ ਤੌਰ 'ਤੇ ਸਮਰਪਿਤ ਸਨ ਅਤੇ ਉਨ੍ਹਾਂ ਸਮਾਜ ਦੇ ਇਨ੍ਹਾਂ ਕਮਜ਼ੋਰ ਮੈਂਬਰਾਂ ਦੀ ਸਹਾਇਤਾ ਲਈ ਇੱਕ ਫੰਡ ਵੀ ਸਥਾਪਿਤ ਕੀਤਾ। ਉਹ 'ਪਛੜੀਆਂ' ਜਾਤੀਆਂ ਦੇ ਅਧਿਕਾਰਾਂ ਦੇ ਵੀ ਰਾਖੇ ਸਨ ਅਤੇ ਉਨ੍ਹਾਂ ਜਾਤੀ ਵਿਤਕਰੇ ਦੀਆਂ ਰੁਕਾਵਟਾਂ ਨੂੰ ਤੋੜ ਕੇ ਸਿੱਖੀ ਪਰੰਪਰਾ ਮੁਤਾਬਕ ਬਹੁਤ ਕੰਮ ਕੀਤਾ।

**ਸਮੂਹ ਦੇ ਮੁਖੀ:**

ਉਨ੍ਹਾਂ ਨੇ ਦਲ ਖਾਲਸਾ ਬਣਾਉਣ ਲਈ ਹੋਰ ਸਿੱਖ ਆਗੂਆਂ ਨਾਲ ਮਿਲ ਕੇ ਕੰਮ ਕੀਤਾ, ਇੱਕ ਫੌਜੀ ਸੰਗਠਨ, ਜਿਸ ਨੇ ਇੱਕ ਸਾਂਝੇ ਉਦੇਸ਼ ਤਹਿਤ ਵੱਖ-ਵੱਖ ਸਿੱਖ ਇਕਾਈਆਂ ਨੂੰ ਇੱਕਜੁੱਟ ਕਰਨ ਵਿੱਚ ਮਦਦ ਕੀਤੀ।

ਖਾਲਸਾ ਜੀ, ਸਾਨੂੰ ਕਦੇ ਵੀ ਭੁੱਲਣਾ ਨਹੀਂ ਚਾਹੀਦਾ ਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ-ਕਾਲ ਦੌਰਾਨ, ਸਿੱਖ ਆਪਣੀ ਜਾਨ ਦੀ ਬਾਜ਼ੀ ਲਾ ਕੇ ਆਪਣੇ ਰਾਜ ਦੇ ਨਾਲ ਸੁਤੰਤਰ ਜ਼ਿਮੀਂਦਾਰ ਬਣਨ ਤਕ ਪਹੁੰਚ ਗਏ ਸਨ। ਉਨ੍ਹਾਂ ਨੇ ਅਜ਼ਾਦੀ ਪ੍ਰੇਮੀਆਂ ਨੂੰ ਹਰ ਮੁਸ਼ਕਲ ਦਾ ਸਾਹਮਣਾ ਕਰਨ ਲਈ ਸਿਖਲਾਈ ਦਿੱਤੀ ਅਤੇ ਹਮੇਸ਼ਾ ਸਿੱਖੀ ਵਿਰਾਸਤ ਨੂੰ ਸੰਭਾਲਣ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਵਿਚ ਲੀਨ ਹੋਣ ਅਤੇ ਗੁਰੂ ਖਾਲਸਾ ਪੰਥ ਦੀ ਸੇਵਾ ਕਰਨ ਲਈ ਪ੍ਰੇਰਿਆ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ 'ਫ਼ਖ਼ਰ-ਏ -ਕੌਮ' ਸਨ ਅਤੇ ਰਹਿਣਗੇ। ■

## ਸਿੱਖ ਮਿਸ਼ਨ ਜੰਮੂ-ਕਸ਼ਮੀਰ ਵੱਲੋਂ ਅੰਮ੍ਰਿਤ-ਸੰਚਾਰ

ਭਾਈ ਤਰਨਜੀਤ ਸਿੰਘ ਸਿੱਖ ਮਿਸ਼ਨ ਜੰਮੂ-ਕਸ਼ਮੀਰ ਵੱਲੋਂ ਪ੍ਰਾਪਤ ਰਿਪੋਰਟ ਅਨੁਸਾਰ ਇੰਚਾਰਜ ਭਾਈ ਹਰਭਿੰਦਰ ਸਿੰਘ ਦੇ ਸਹਿਯੋਗ ਨਾਲ ਗੁਰਦੁਆਰਾ ਸੰਤ ਬਾਬਾ ਸੁੰਦਰ ਸਿੰਘ ਜੀ, ਅਖਨੂਰ, ਜੰਮੂ-ਕਸ਼ਮੀਰ ਵਿਖੇ ੫ ਅਕਤੂਬਰ, ੨੦੨੨ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ੧੩੫ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਬਾਰੇ ਪਾਏ ਭੁਲੇਖੇ ਦਾ ਸੱਚ ਕੀ ਹੈ?

*-ਡਾ. ਅਮਰਜੀਤ ਕੌਰ ਇੱਬਣ ਕਲਾਂ**

ਸਾਡੀ ਮਨੁੱਖੀ ਫ਼ਿਤਰਤ ਇਹੋ ਜਿਹੀ ਹੈ ਕਿ ਅਸੀਂ ਕਿਸੇ ਦੀ ਚੜ੍ਹਤ ਵੇਖ ਕੇ ਜਰਦੇ ਨਹੀਂ ਹਾਂ, ਨਾ ਹੀ ਕਿਸੇ ਨੂੰ ਆਪਣੇ ਤੋਂ ਵੱਧ ਗੁਣਵਾਣ ਹੋਣਾ ਬਰਦਾਸ਼ਤ ਕਰਦੇ ਹਾਂ। ਜੇਕਰ ਕਿਤੇ ਦੂਜਾ ਸਾਡੇ ਤੋਂ ਵੱਧ ਗੁਣਵਾਨ ਹੋਵੇ ਤਾਂ ਅਸੀਂ ਉਸ ਵਿਚ ਕੋਈ ਗ਼ਲਤੀ ਜਾਂ ਉਸ ਦੀ ਕਮਜ਼ੋਰੀ ਲੱਭਣ ਦੀ ਕੋਸ਼ਿਸ਼ ਕਰਦੇ ਹਾਂ। ਜੇਕਰ ਅਸੀਂ ਉਸ ਦੀ ਕੋਈ ਗ਼ਲਤੀ ਜਾਂ ਕਮਜ਼ੋਰੀ ਲੱਭਣ ਵਿਚ ਅਸਫਲ ਰਹਿੰਦੇ ਹਾਂ ਤਾਂ ਕੋਈ ਨਾ ਕੋਈ ਊਜ ਲਾ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਜੇਕਰ ਦੁਨਿਆਵੀ ਊਜ ਫਿੱਟ ਨਾ ਬੈਠੇ ਤਾਂ ਕੋਈ ਧਾਰਮਿਕ ਤੁਹਮਤ ਲੱਭ ਕੇ ਜਿਸ ਦਾ ਕੋਈ ਸਬੂਤ ਨਹੀਂ ਹੁੰਦਾ ਇਹੋ ਜਿਹੀ ਤੁਹਮਤ ਲਾ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਇਹੋ ਜਿਹੀ ਨੀਚ ਪ੍ਰਵਿਰਤੀ ਭੁੰਨੇ ਤਿੱਤਰ ਉਡਾਉਣ ਵਾਂਗ ਆਪਣੀ ਮਨਸ਼ਾ ਦੀ ਪੂਰਤੀ ਲਈ ਕੀਤੀ ਜਾਂਦੀ ਹੈ ਜੋ ਠੀਕ ਬੈਠਦੀ ਹੈ।

ਭੁੰਨੇ ਤਿੱਤਰ ਉਡਾਉਣ ਵਾਲੇ ਅੱਜ ਵੀ ਇਸ ਦੁਨੀਆ ਵਿਚ ਮੌਜੂਦ ਹਨ ਤੇ ਇਹੋ ਜਿਹੇ ਲੋਕ ਪਹਿਲੇ ਸਮਿਆਂ ਵਿਚ ਵੀ ਸਨ ਤੇ ਇਹੋ ਜਿਹੇ ਆਉਣ ਵਾਲੇ ਸਮਿਆਂ ਵਿਚ ਵੀ ਹੋਣਗੇ ਕਿਉਂਕਿ ਮਨੁੱਖੀ ਸੁਭਾਓ ਵਿਚ ਸਾੜ੍ਹਾ, ਈਰਖਾ, ਨਫ਼ਰਤ ਵੈਰ-ਵਿਰੋਧ ਪਹਿਲੇ ਸਮਿਆਂ ਵਿਚ ਵੀ ਸੀ, ਹੁਣ ਵੀ ਹੈ ਅਤੇ ਆਉਣ ਵਾਲੇ ਸਮਿਆਂ ਵਿਚ ਵੀ ਰਹੇਗਾ। ਇਹ ਪ੍ਰਵਿਰਤੀ ਮਨੁੱਖੀ ਸੁਭਾਓ ਵਿਚ ਹੈ, ਸੀ ਅਤੇ ਰਹੇਗੀ।

ਪਰ ਦੁੱਖ ਦੀ ਗੱਲ ਇਹ ਹੈ ਕਿ ਤੁਹਮਤ ਝੂਠੀ ਵੀ ਮਾਰੇ ਤੇ ਸੱਚੀ ਵੀ ਮਾਰੇ। ਜਿੱਥੇ ਤੁਹਮਤ ਇਕ ਦਾਨਿਸ਼ਵੰਦ, ਸਿਆਣਾ ਮੰਨਿਆ ਜਾਣ ਵਾਲਾ ਬੰਦਾ ਲਾਵੇ ਤਾਂ ਲੋਕੀਂ ਅੱਖਾਂ ਮੀਟ ਕੇ ਮੰਨ ਲੈਂਦੇ ਹਨ। ਲੋਕ ਭੁੱਲ ਜਾਂਦੇ ਹਨ ਕਿ ਉਸ ਵਿਚ ਵੀ ਤੇ ਇਹ ਪ੍ਰਵਿਰਤੀ ਕਿਤੇ ਵਾਂਢੇ ਤਾਂ ਨਹੀਂ ਗਈ। ਉਸ ਵਿਚ ਵੀ ਹੈ। ਉਹ ਵੀ ਕੰਨਾਂ ਦਾ ਕੱਚਾ ਹੋ ਸਕਦਾ ਹੈ।

ਉਪਰੋਕਤ ਲਿਖਣ ਤੋਂ ਭਾਵ ਕਿ ਅਠਾਰ੍ਹਵੀਂ ਸਦੀ ਦੇ ਮਹਾਨ, ਸੂਰਬੀਰ, ਨਿਡਰ ਯੋਧੇ, ਵਿਸ਼ਾਲ ਰਾਜ ਦੀ ਸਥਾਪਨਾ ਕਰਨ ਵਾਲੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਉੱਪਰ ਲਾਏ ਇਲਜ਼ਾਮ ਕਿ ਸਰਦਾਰ ਜੱਸਾ ਸਿੰਘ ਨੇ ਆਪਣੇ ਘਰ ਪੈਦਾ ਹੋਈ ਲੜਕੀ ਮਾਰ ਦਿੱਤੀ ਸੀ ਤੇ ਪੰਥ ਨੇ ਉਸ ਨੂੰ ਛੇਕ ਦਿੱਤਾ ਸੀ ਤੇ ਉਹ ਨਾਰਾਜ਼ ਹੋ ਕੇ ਅਦੀਨਾ ਬੇਗ਼ ਕੋਲ ਇੱਕ ਸੌ ਸਵਾਰਾਂ ਸਮੇਤ ਚਲਾ ਗਿਆ ਸੀ ਤੇ ਉਸ ਨੇ ਅਦੀਨਾ ਬੇਗ਼ ਕੋਲ ਨੌਕਰੀ ਕਰ ਲਈ ਸੀ ਪਰ ਜਦੋਂ ਅਦੀਨਾ ਬੇਗ ਨੇ ਸ੍ਰੀ

**ਪਿੰਡ ਤੇ ਡਾਕ, ਇੱਬਣ ਕਲਾਂ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ—੧੪੩੦੦੯ ਮੋ : +੯੧੯੮੯੦੬-੩੫੧੯੮*

ਅੰਮ੍ਰਿਤਸਰ ਰਾਮ ਰੌਣੀ ਦੇ ਕਿਲ੍ਹੇ ਨੂੰ ਘੇਰਾ ਪਾਇਆ ਤੇ ਘੇਰਾ ਪਾਉਣ ਵਾਲਿਆਂ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵੀ ਸੀ। ਜਦੋਂ ਉਸ ਨੇ ਆਪਣੇ ਸਿੱਖ ਭਰਾਵਾਂ ਦੀ ਮਾੜੀ ਹਾਲਤ ਵੇਖੀ ਤੇ ਤੀਰ ਨਾਲ ਬੰਨ੍ਹ ਕੇ ਚਿੱਠੀ ਭੇਜੀ ਕਿ ਜੇਕਰ ਮੈਨੂੰ ਖ਼ਾਲਸਾ ਮੁਆਫ਼ ਕਰ ਦੇਵੇ ਤਾਂ ਮੈਂ ਕਿਲ੍ਹੇ ਦੇ ਅੰਦਰ ਆ ਜਾਵਾਂ ਤੇ ਸਾਡੀ ਜਿੱਤ ਹੋ ਸਕਦੀ ਹੈ। ਰਾਮ ਰੌਣੀ ਦੇ ਅੰਦਰ ਦੇ ਸਿੰਘਾਂ ਨੇ ਜੈਕਾਰਿਆਂ ਨਾਲ ਉਸ ਦਾ ਸੁਆਗਤ ਕੀਤਾ ਤੇ ਸਿੰਘਾਂ ਦੀ ਜਿੱਤ ਹੋ ਗਈ।

ਇਹ ਲਿਖਤ ਪਹਿਲੀ ਵਾਰੀ ਗਿਆਨੀ ਗਿਆਨ ਸਿੰਘ 'ਤਵਾਰੀਖ ਗੁਰੂ ਖ਼ਾਲਸਾ' (ਭਾਗ ਦੂਜਾ) ਵਿਚ ਲਿਖਦੇ ਹਨ। ਉਹ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਸਿਫ਼ਤ ਵੀ ਕਰਦੇ ਹਨ ਪਰ ਨਾਲ ਹੀ ਇਹ ਲਿਖ ਕੇ ਅੱਗੋਂ ਅਦੀਨਾ ਬੇਗ ਕੋਲ ਨੌਕਰੀ ਕਰਨਾ ਲਿਖਦੇ ਹਨ ਭਾਵ ਕਿ ਉਹ ਇਸ ਤੁਹਮਤ ਭਾਵੇਂ ਸੱਚੀ ਭਾਵੇਂ ਝੂਠੀ ਨਾਲ ਸਹਿਮਤ ਹੋ ਗਏ ਹਨ।

ਨਤੀਜਾ ਇਹ ਕਿ ਉਨ੍ਹਾਂ ਤੋਂ ਬਾਅਦ ਕੇਵਲ ਇੱਕ ਦੋ ਨੇ ਮੱਖੀ 'ਤੇ ਮੱਖੀ ਮਾਰ ਦਿੱਤੀ ਤੇ ਇਹ ਤੁਹਮਤ ਪੱਕੀ ਕਰ ਦਿੱਤੀ ਜਿਸ ਨੂੰ ਕਈ ਕਥਾਵਾਚਕ, ਇਤਿਹਾਸਕਾਰ ਬਿਨਾਂ ਵਿਵੇਚਨ ਕੀਤੇ ਕਹਿ ਦਿੰਦੇ ਹਨ। ਗਿਆਨੀ ਗਿਆਨ ਸਿੰਘ ਕੋਈ ਸ਼ੱਕ ਨਹੀਂ ਕਿ ਉਹ ਵੱਡੇ ਇਤਿਹਾਸਕਾਰ ਹੋਏ ਹਨ ਪਰ ਮਨੁੱਖੀ ਪ੍ਰਵਿਰਤੀਆਂ ਤੋਂ ਉਹ ਵੀ ਨਿਰਲੇਪ ਨਹੀਂ ਸਨ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਪਿਛੋਕੜ ਵੇਖੋ ਉਹ ਕਿਸ ਧਰਤੀ ਦੇ ਜੰਮ-ਪਲ ਹਨ? ਉਸ ਮਿੱਟੀ ਦੀ ਤਾਸੀਰ ਕੀ ਹੈ? ਇਹ ਉਹ ਪਰਵਾਰ ਹੈ ਜੋ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਸਿੱਖੀ ਨਾਲ ਜੁੜਿਆ ਹੋਇਆ ਹੈ। ਜਿਨ੍ਹਾਂ ਉਦੋਂ ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਤਕ ਜੰਗਾਂ-ਯੁੱਧਾਂ ਵਿਚ ਹਿੱਸਾ ਲਿਆ। ਜਿਸ ਦੇ ਘਰ ਉਸ ਦੇ ਪਿਤਾ ਗਿਆਨੀ ਭਗਵਾਨ ਸਿੰਘ, ਦਾਦਾ ਬਾਬਾ ਹਰਦਾਸ ਸਿੰਘ, ਚਾਚਾ ਭਾਈ ਦਾਨ ਸਿੰਘ ਰਾਤ-ਦਿਨ ਗੁਰੂ-ਘਰ ਲਈ ਹਥਿਆਰ ਤਿਆਰ ਕਰਦੇ ਸਨ। ਨਾਗਣੀ ਬਰਛੇ ਵਰਗਾ ਨਾਯਾਬ ਹਥਿਆਰ ਇਨ੍ਹਾਂ ਦੇ ਦਾਦਾ ਬਾਬਾ ਹਰਦਾਸ ਸਿੰਘ ਜੀ ਨੇ ਸੁਰ ਸਿੰਘ ਦੀ ਧਰਤੀ 'ਤੇ ਤਿਆਰ ਕੀਤਾ ਸੀ। ਇਨ੍ਹਾਂ ਦੇ ਦਾਦਾ ਜੀ ਨੇ ਦਸਵੇਂ ਪਾਤਸ਼ਾਹ ਜੀ ਦੇ ਕਰ ਕਮਲਾਂ ਤੋਂ ਅੰਮ੍ਰਿਤ ਛਕਿਆ ਸੀ। ਪਿਤਾ ਗਿਆਨੀ ਭਗਵਾਨ ਸਿੰਘ ਨੇ ਅਨੇਕਾਂ ਜੀਵਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ-ਘਰ ਨਾਲ ਜੋੜਿਆ ਸੀ। ਜਿਸ ਦਾ ਨਾਨਾ ਬਾਬਾ ਨੰਦ ਸਿੰਘ ਸਾਂਘਣਾ ਸਨ ਜੋ ਕਨ੍ਹੱਈਆ ਮਿਸਲ ਦੇ ਮੁਖੀ ਸਨ। ਇਨ੍ਹਾਂ ਨੇ ਆਪਣੇ ਦੋਹਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਮਿਸਲ ਦਾ ਮੁਖੀ ਬਣਾਇਆ ਸੀ। ਇਹ ਉਹ ਪਰਵਾਰ ਸੀ ਜੋ ਗੁਰਮਤਿ ਰਹਿਤ ਮਰਯਾਦਾ ਦਾ ਧਾਰਨੀ ਸੀ। ਜਿਸ ਘਰ ਵਿਚ ਸਿੱਖੀ ਚਰਮ-ਸੀਮਾ 'ਤੇ ਸੀ। ਇਹ ਬਹੁਤ ਚੰਗੀ ਤਰ੍ਹਾਂ ਜਾਣਦੇ ਸਨ ਕਿ ਸਿੱਖੀ ਮਰਯਾਦਾ ਵਿਚ ਕੁੜੀਮਾਰ, ਨੜੀਮਾਰ ਨਾਲ ਵਰਤਿਆ ਨਹੀਂ ਜਾ ਸਕਦਾ। ਅਜਿਹੇ ਅਮੀਰ ਵਿਰਸੇ ਦਾ ਵਾਰਸ ਕੁੜੀ ਮਾਰੇ ਜਾਂ ਇਨ੍ਹਾਂ ਦੀ ਸਿੰਘਣੀ ਗੁਰਦਿਆਲ ਕੌਰ ਆਪਣੀ ਪੁੱਤਰੀ

ਮਾਰੇ, ਇਹ ਸੁਪਨੇ ਵਿਚ ਵੀ ਨਹੀਂ ਸੋਚਿਆ ਜਾ ਸਕਦਾ। ਫਿਰ ਉਹ ਸਰਦਾਰ ਜੋ ਬੇਗਾਨੀਆਂ ਧੀਆਂ ਨੂੰ ਦੁਸ਼ਮਣਾਂ ਕੋਲੋਂ ਛੁਡਾ ਕੇ ਬਾਇੱਜ਼ਤ ਘਰੀਂ ਪਹੁੰਚਾਉਂਦਾ ਰਿਹਾ ਹੋਵੇ। ਗਿਣਤੀ ਨਹੀਂ ਆਖੀ ਜਾ ਸਕਦੀ ਕਿ ਇਸ ਸਰਦਾਰ ਨੇ ਕਿੰਨੀਆਂ ਧੀਆਂ ਦੁਸ਼ਮਣ ਕੋਲੋਂ ਛਡਾਈਆਂ ਸਨ। ਹਿਸਾਰ ਦੇ ਬ੍ਰਾਹਮਣ ਦੀ ਸ਼ਿਕਾਇਤ 'ਤੇ ਆਪਣੀ ਜਾਨ ਤਲੀ 'ਤੇ ਰੱਖ ਕੇ ਉਸ ਦੀਆਂ ਦੋਵੇਂ ਧੀਆਂ ਦੁਸ਼ਮਣਾਂ ਕੋਲੋਂ ਛੁਡਵਾ ਲਿਆਏ ਸਨ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤਾਂ ਧੀਆਂ ਦਾ ਰੱਖਿਅਕ ਸੀ। ਧੀ ਮਾਰਨ ਦੀ ਕਹਾਣੀ ਬਿਲਕੁਲ ਝੂਠੀ ਹੈ। ਅਠਾਰ੍ਹਵੀਂ ਸਦੀ ਦਾ ਇਤਿਹਾਸ ਲਿਖਣ ਵਾਲੇ ਕੁਝ ਕੁ ਇਤਿਹਾਸਕਾਰਾਂ ਦਾ ਵੇਰਵਾ ਸੰਖੇਪ ਵਿਚ ਦਿੱਤਾ ਜਾਣਾ ਜ਼ਰੂਰੀ ਹੈ। ਜਿਨ੍ਹਾਂ ਨੇ ਇਸ ਘਟਨਾ ਬਾਰੇ ਕੁਝ ਨਹੀਂ ਲਿਖਿਆ। ਇਹ ਪਰਸ਼ੀਅਨ ਲੇਖਕ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਸਮਕਾਲੀ ਲੇਖਕ ਹਨ :—

੧. ਕਨਈਆ ਲਾਲ— ਤਾਰੀਖ-ਏ-ਪੰਜਾਬ
੨. ਦੇਵੀ ਪ੍ਰਸ਼ਾਦ— ਗੁਲਸ਼ਨ-ਏ-ਪੰਜਾਬ
੩. ਅਹਿਮਦਸ਼ਾਹ ਬਟਾਲਵੀ— ਸਿੱਖ ਧਰਮ ਦਾ ਮੁੱਢ ਤੇ ਉਥਾਨ
੪. ਅਮਰਨਾਥ— ਜੰਗਨਾਮੇ ਰਣਜੀਤ ਸਿੰਘ
੫. ਸ਼ਰਧਾ ਰਾਮ ਫਿਲੌਰੀ— ਸਿੱਖਾਂ ਦੇ ਰਾਜ ਦੀ ਵਿਥਿਆ
੬. ਭਾਈ ਸੰਤੋਖ ਸਿੰਘ— ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ
੭. ਸੋਭਾ ਰਾਮ— ਗੁਰਬਿਲਾਸ ਬਾਬਾ ਸਾਹਿਬ ਸਿੰਘ ਬੇਦੀ
੮. ਮਿਸਟਰ ਕਨਿੰਘਮ— ਸਿੱਖ ਇਤਿਹਾਸ
੯. ਸ. ਕਰਮ ਸਿੰਘ ਹਿਸਟੋਰੀਅਨ (ਤਿੰਨੇ ਭਾਗ)
੧੦. ਬਾਬਾ ਗਣੇਸ਼ਾ ਸਿੰਘ ਬੇਦੀ— ਗੁਰੂ ਨਾਨਕ ਸਰਜੋਦੋ ਜਨਮ ਸਾਖੀ
੧੧. ਸ. ਗੰਡਾ ਸਿੰਘ, ਸ. ਤੇਜਾ ਸਿੰਘ— ਸਿੱਖ ਇਤਿਹਾਸ
੧੨. ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ— ਪੰਜਾਬ ਦਾ ਸਮਾਜਿਕ ਇਤਿਹਾਸ
੧੩. ਅਹਿਮਦ ਸ਼ਾਹ ਬਟਾਲਵੀ— ਤਾਰੀਖ-ਏ-ਪੰਜਾਬ
੧੪. ਅਲਾਉਦੀਨ— ਇਬਰਤ ਨਾਮਾ
੧੫. ਸੁਜਾਨ ਰਾਏ ਭੰਡਾਰੀ— ਖੁਲਾਸਤੁਤ-ਤਵਾਰੀਖ
੧੬. ਸੋਹਨ ਲਾਲ ਸੂਰੀ— ਉਮਦਾ-ਉਤ-ਤਾਰੀਖ
੧੭. ਖੁਸਵਕਤ ਰਾਏ— ਅਹਿਲ-ਵਾ-ਲੇ-ਤਾਰੀਖ-ਏ-ਸਿੱਖਾਂ
੧੮. ਬੂਟੇਸ਼ਾਹ— ਤਵਾਰੀਖ-ਏ-ਪੰਜਾਬ
੧੯. ਗਣੇਸ਼ ਦਾਸ ਵਡੇਰਾ— ਚਾਰ-ਬਾਗ-ਏ-ਪੰਜਾਬ

ਮਿ. ਕਨਿੰਘਮ, ਖਜ਼ਾਨ ਸਿੰਘ, ਲੈਪਲ ਗਰਿਫਨ, ਮਿ. ਮੈਕਲੋਡ, ਮਿ. ਮੈਕਾਲਿਫ, ਸ. ਗੰਡਾ ਸਿੰਘ ਆਦਿ ਵਰਗੇ ਉੱਚ ਕੋਟੀ ਦੇ ਇਤਿਹਾਸਕਾਰ ਇਸ ਬਾਰੇ ਕਿਤੇ ਵੀ ਕੁਝ ਨਹੀਂ ਲਿਖਦੇ। ਸੋ ਅਸੀਂ ਇਸ ਤੁਹਮਤ ਨੂੰ ਜੋ ਝੂਠੀ ਹੈ, ਮੁਢੋਂ ਰੱਦ ਕਰਦੇ ਹਾਂ, ਇਸ ਵਿਚ ਤਿਲ ਭਰ ਵੀ ਸਚਿਆਈ ਨਹੀਂ ਹੈ। ■

# ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਸ਼ਖ਼ਸੀਅਤ

*-ਡਾ. ਪਰਮਵੀਰ ਸਿੰਘ**

ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪਰਕਰਮਾ ਵਿਚ ਇਕ ਵਿਸ਼ਾਲ ਪੁਰਾਤਨ ਬੁੰਗੇ ਦੇ ਦਰਸ਼ਨ ਹੁੰਦੇ ਹਨ। ਸ੍ਰੀ ਦਰਬਾਰ ਸਾਹਿਬ ਦੀ ਸੁਰੱਖਿਆ ਕਰਨ ਲਈ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ (੧੭੨੩-੧੮੦੩) ਨੇ ਇਸ ਦੀ ਉਸਾਰੀ ਕਰਵਾਈ ਸੀ। ਸਰਦਾਰ ਜੱਸਾ ਸਿੰਘ ਦੇ ਸਮੇਂ ਇਹ ਬੁੰਗਾ ਸੰਪੂਰਨ ਨਹੀਂ ਹੋ ਸਕਿਆ ਸੀ ਅਤੇ ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਆਇਆ ਤਾਂ ਉਸ ਨੇ ਇਸ ਨੂੰ ਹੋਰ ਉੱਚਾ ਲਿਜਾਣ ਤੋਂ ਰੋਕ ਦਿੱਤਾ ਸੀ।[੧] ਪਰ ਫਿਰ ਵੀ ਜਿੰਨਾ ਬੁੰਗਾ ਦਿਖਾਈ ਦੇ ਰਿਹਾ ਹੈ ਉਹ ਸੰਗਤ ਦੀ ਖਿੱਚ ਦਾ ਕੇਂਦਰ ਬਣਿਆ ਰਹਿੰਦਾ ਹੈ। ਇਸ ਬੁੰਗੇ ਦੇ ੧੫੬ ਫੁੱਟ ਉੱਚੇ ਦੋ ਮੀਨਾਰ ਦੁਸ਼ਮਣ 'ਤੇ ਨਜ਼ਰ ਰੱਖਣ ਲਈ ਬਣਾਏ ਗਏ ਸਨ ਜਿਹੜੇ ਕਿ ਸਾਨੂੰ ਉਸ ਸਮੇਂ ਦੀ ਯੁੱਧ ਰਣਨੀਤੀ ਅਤੇ ਭਵਨ ਉਸਾਰੀ ਕਲਾ ਦੀ ਯਾਦ ਦਿਵਾਉਂਦੇ ਹਨ। ਇਸ ਬੁੰਗੇ ਵਿਚ ਪੱਥਰ ਦੀ ਇਕ ਸਿਲ੍ਹ ਸੰਭਾਲ ਕੇ ਰੱਖੀ ਹੋਈ ਹੈ ਜਿਹੜੀ ਕਿ ਬਾਦਸ਼ਾਹ ਦੀ ਤਾਜਪੋਸ਼ੀ ਸਮੇਂ ਵਰਤੀ ਜਾਂਦੀ ਸੀ। ਇਸ ਦੀ ਲੰਬਾਈ ੬ ਫੁੱਟ ੩ ਇੰਚ, ਚੌੜਾਈ ੪ ਫੁੱਟ ੬ ਇੰਚ ਅਤੇ ਮੋਟਾਈ ੯ ਇੰਚ ਹੈ। ੧੭੮੩ ਈ. ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ ਅਤੇ ਹੋਰਨਾਂ ਸਿੱਖ ਸਰਦਾਰਾਂ ਦੀਆਂ ਸਾਂਝੀਆਂ ਫ਼ੌਜਾਂ ਨੇ ਦਿੱਲੀ 'ਤੇ ਹਮਲਾ ਕਰ ਕੇ ਜਿੱਤ ਪ੍ਰਾਪਤ ਕੀਤੀ ਸੀ। ਦਿੱਲੀ ਫ਼ਤਿਹ ਕਰਨ ਉਪਰੰਤ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਇਹ ਸਿਲ ਲਿਆ ਕੇ ਆਪਣੇ ਬੁੰਗੇ ਵਿਚ ਸੰਭਾਲ ਲਈ ਸੀ ਅਤੇ ਉਸ ਸਮੇਂ ਤੋਂ ਹੀ ਇਹ ਇੱਥੇ ਮੌਜੂਦ ਹੈ। ਘੱਲੂਘਾਰਾ ਜੂਨ ੧੯੮੪ ਈ. ਸਮੇਂ ਇਸ ਬੁੰਗੇ ਨੂੰ ਵੀ ਭਾਰੀ ਨੁਕਸਾਨ ਪੁੱਜਾ ਸੀ ਪਰ ਬਾਅਦ ਵਿਚ ਇਸ ਦੀ ਮੁਰੰਮਤ ਕਰ ਕੇ ਇਸ ਨੂੰ ਸੁੰਦਰ ਦਿੱਖ ਪ੍ਰਦਾਨ ਕੀਤੀ ਗਈ ਹੈ।

ਇਸ ਬੁੰਗੇ ਨੂੰ ਦੇਖਦਿਆਂ ਹੀ ਮਨ ਅਤੀਤ ਦੀਆਂ ਘਟਨਾਵਾਂ ਅਤੇ ਸਿੱਖ ਸੂਰਬੀਰਾਂ ਦੀ ਯਾਦ ਵਿਚ ਚਲਾ ਜਾਂਦਾ ਹੈ। ਉੱਘਾ ਸਿੱਖ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਇਸ ਬੁੰਗੇ ਨਾਲ ਜੁੜਿਆ ਹੋਇਆ ਅਜਿਹਾ ਪਾਤਰ ਹੈ ਜਿਸ ਨੇ ਅਠਾਰ੍ਹਵੀਂ ਸਦੀ ਦੌਰਾਨ ਸਿੱਖੀ ਪਛਾਣ ਅਤੇ ਸਵੈਮਾਣ ਨੂੰ ਕਾਇਮ ਰੱਖਣ ਲਈ ਲਹੂ ਡੋਲਵੇਂ ਯੁੱਧ ਲੜੇ ਸਨ। ਸਮੇਂ ਦੀ ਹਕੂਮਤ ਅਤੇ ਹਮਲਾਵਰ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਯਤਨਸ਼ੀਲ ਸਨ ਅਤੇ ਉਹ ਇਹ ਸਮਝਦੇ ਸਨ ਕਿ ਸ੍ਰੀ ਦਰਬਾਰ ਸਾਹਿਬ ਨੂੰ ਮਿੱਟੀ ਵਿਚ ਮਿਲਾ ਕੇ ਆਪਣੇ ਉਦੇਸ਼ ਦੀ ਪੂਰਤੀ ਕਰ ਲੈਣਗੇ ਪਰ ਉਹ ਇਹ ਨਹੀਂ ਜਾਣਦੇ ਸਨ ਕਿ ਸਿੱਖਾਂ ਦੀ ਸ਼ਕਤੀ ਦਾ ਇਹ ਸਰੋਤ ਉਨ੍ਹਾਂ ਦੇ ਮਨ ਵਿਚ

*ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ- ੧੪੭੦੦੨; ਮੋ: +੯੧੯੮੭੨੦-੭੪੩੨੨

ਵੱਸਦਾ ਹੈ ਜਿਸ ਨੂੰ ਉਹ ਕਦੇ ਵੀ ਨਹੀਂ ਢਾਹ ਸਕਦੇ। ੧੭੫੬ ਤੋਂ ੧੭੬੪ ਈ. ਤਕ ਤਿੰਨ ਵਾਰੀ ਸ੍ਰੀ ਦਰਬਾਰ ਸਾਹਿਬ ਨੂੰ ਅਫ਼ਗ਼ਾਨ ਹਮਲਾਵਰਾਂ ਨੇ ਢਾਹ ਦਿੱਤਾ ਸੀ[੨] ਪਰ ਹਰ ਹਮਲੇ ਤੋਂ ਬਾਅਦ ਸਿੱਖ ਇਸ ਨੂੰ ਦੁਬਾਰਾ ਖੜ੍ਹਾ ਕਰ ਲੈਂਦੇ ਸਨ। ਇਸ ਮਹੱਤਵਪੂਰਨ ਅਸਥਾਨ ਦੀ ਸੁਰੱਖਿਆ ਲਈ ਇਕ ਕਿਲ੍ਹੇ ਦੀ ਉਸਾਰੀ ਕੀਤੀ ਜਿਸ ਨੂੰ 'ਰਾਮ ਰੌਣੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸਿੱਖ ਸੰਘਰਸ਼ੀ ਪਰਵਾਰ ਵਿੱਚੋਂ ਸੀ। ਇਸ ਦਾ ਦਾਦਾ ਸਰਦਾਰ ਹਰਦਾਸ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਗੁਰੂ ਜੀ ਦੀ ਪ੍ਰੇਰਨਾ ਸਦਕਾ ਜਦੋਂ ਬਾਬਾ ਬੰਦਾ ਸਿੰਘ ਜੀ ਬਹਾਦਰ ਨਾਂਦੇੜ ਤੋਂ ਪੰਜਾਬ ਆਏ ਤਾਂ ਇਹ ਉਸ ਦੇ ਨਾਲ ਮੁਗ਼ਲ ਫ਼ੌਜ ਵਿਰੁੱਧ ਹੋਣ ਵਾਲੇ ਯੁੱਧਾਂ ਵਿਚ ਹਿੱਸਾ ਲੈਣ ਲੱਗ ਪਏ ਸੀ। ੧੭੧੫ ਈ. ਵਿਚ ਹੁਸ਼ਿਆਰਪੁਰ ਕੋਲ ਬਜਵਾੜੇ ਦੇ ਸਥਾਨ 'ਤੇ ਜਦੋਂ ਇਨ੍ਹਾਂ ਦਾ ਟਾਕਰਾ ਮੁਗ਼ਲ ਫ਼ੌਜ ਨਾਲ ਹੋਇਆ ਤਾਂ ਉਸ ਵਿਚ ਬਹੁਤ ਸਾਰੇ ਸਿੱਖ ਸ਼ਹੀਦ ਹੋ ਗਏ ਸਨ ਜਿਨ੍ਹਾਂ ਵਿਚ ਸਰਦਾਰ ਹਰਦਾਸ ਸਿੰਘ ਵੀ ਸੀ। ਇਨ੍ਹਾਂ ਦਾ ਲੜਕਾ ਭਾਈ ਭਗਵਾਨ ਸਿੰਘ ਸੀ ਜਿਹੜਾ ਕਿ ਬਲਵਾਨ ਅਤੇ ਸਿੱਖੀ ਸਿਦਕ ਵਿਚ ਪਰਪੱਕ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗਿਆਨ ਹੋਣ ਕਰਕੇ ਇਨ੍ਹਾਂ ਨੂੰ 'ਗਿਆਨੀ ਭਗਵਾਨ ਸਿੰਘ' ਵੀ ਕਿਹਾ ਜਾਂਦਾ ਸੀ। ੧੭੩੮ ਈ. ਵਿਚ ਭਾਰਤ 'ਤੇ ਨਾਦਰ ਸ਼ਾਹ ਨੇ ਹਮਲਾ ਕੀਤਾ ਤਾਂ ਉਸ ਨਾਲ ਲੜਦੇ ਹੋਏ ਉਹ ਸ਼ਹੀਦ ਹੋ ਗਏ ਸਨ। ਇਨ੍ਹਾਂ ਦੇ ਪੰਜ ਪੁੱਤਰ ਸਨ— ਜੱਸਾ ਸਿੰਘ, ਜੈ ਸਿੰਘ, ਮਾਲੀ ਸਿੰਘ, ਖੁਸ਼ਹਾਲ ਸਿੰਘ ਅਤੇ ਤਾਰਾ ਸਿੰਘ। ਜੱਸਾ ਸਿੰਘ ਸਭ ਤੋਂ ਵੱਡਾ ਪੁੱਤਰ ਸੀ ਜਿਸਨੂੰ ਸਿੱਖੀ ਦੀ ਲਗਨ ਘਰ ਵਿੱਚੋਂ ਹੀ ਪਿਉ-ਦਾਦੇ ਦੇ ਜੀਵਨ ਨੂੰ ਦੇਖ ਕੇ ਲੱਗੀ ਸੀ। ਇਸ ਨੇ ਸਿੱਖਾਂ ਦੀ ਜਿਹੜੀ ਮਿਸਲ ਕਾਇਮ ਕੀਤੀ ਉਹ 'ਰਾਮਗੜ੍ਹੀਆ ਮਿਸਲ' ਵੱਜੋਂ ਪ੍ਰਸਿੱਧੀ ਪ੍ਰਾਪਤ ਕਰ ਗਈ ਸੀ।

ਲਾਹੌਰ ਦੇ ਨੇੜੇ ਹੀ ਈਚੋਗਿੱਲ (ਇੱਛੋਗਿੱਲ) ਪਿੰਡ ਵਿਚ ਜਨਮੇ ਸਰਦਾਰ ਜੱਸਾ ਸਿੰਘ ਨੇ ਛੋਟੀ ਉਮਰ ਵਿਚ ਹੀ ਜੰਗੀ ਦਾਅ-ਪੇਚ ਸਿੱਖਣੇ ਅਰੰਭ ਕਰ ਦਿੱਤੇ ਸਨ ਅਤੇ ਛੇਤੀ ਹੀ ਜੰਗਾਂ ਯੁੱਧਾਂ ਵਿਚ ਹਿੱਸਾ ਵੀ ਲੈਣ ਲੱਗ ਪਿਆ ਸੀ। ਯੁੱਧ ਕਲਾ ਵਿਚ ਨਿਪੁੰਨ ਸਰਦਾਰ ਜੱਸਾ ਸਿੰਘ ਗੱਲਬਾਤ ਵਿਚ ਹੁਸ਼ਿਆਰ ਅਤੇ ਤਕੜੇ ਜੁੱਸੇ ਦੀ ਦਿੱਖ ਵਾਲਾ ਸਰਦਾਰ ਸੀ। ਨਾਦਰ ਸ਼ਾਹ ਦੇ ਹਮਲੇ ਉਪਰੰਤ ਸਿੱਖਾਂ ਨੇ ਪੰਜਾਬ ਵਿਚ ਜ਼ੋਰ ਫੜ੍ਹਨਾ ਸ਼ੁਰੂ ਕਰ ਦਿੱਤਾ ਤਾਂ ਲਾਹੌਰ ਦੇ ਸੂਬੇ ਜ਼ਕਰੀਆ ਖਾਨ ਨੇ ਅਦੀਨਾ ਬੇਗ਼ ਨੂੰ ਜਲੰਧਰ ਦਾ ਫ਼ੌਜਦਾਰ ਨਿਯੁਕਤ ਕਰ ਦਿੱਤਾ ਗਿਆ ਸੀ। ਜ਼ਕਰੀਆ ਖਾਨ ਨੇ ਇਸ ਨੂੰ ਸਿੱਖਾਂ ਨੂੰ ਦਬਾਉਣ ਦਾ ਆਦੇਸ਼ ਦਿੱਤਾ ਜਿਸ ਦਾ ਉਸ ਨੇ ਥੋੜਾ-ਬਹੁਤ ਪਾਲਣ ਵੀ ਕੀਤਾ। ਅਦੀਨਾ ਬੇਗ਼ ਸਿੱਖਾਂ ਨੂੰ ਦਬਾਉਣ ਦੀ ਬਜਾਏ ਉਨ੍ਹਾਂ ਨਾਲ ਅਜਿਹੇ ਸੰਬੰਧ ਬਣਾਉਣ ਦਾ ਵਧੇਰੇ ਇੱਛੁਕ ਸੀ ਜਿਨ੍ਹਾਂ ਨੂੰ ਉਹ ਸਮਾਂ ਆਉਣ 'ਤੇ ਆਪਣੇ ਹਿਤਾਂ ਲਈ ਵਰਤ ਸਕੇ। ਪੰਜਾਬ ਵਿਚ ਸਿੱਖ ਹੀ ਅਜਿਹੀ ਤਾਕਤ ਸਨ ਜਿਨ੍ਹਾਂ ਦੇ ਸਹਿਯੋਗ ਤੋਂ ਬਗ਼ੈਰ ਬਾਹਰੀ ਤਾਕਤਾਂ ਨਾਲ ਨਜਿੱਠਣਾ ਕਿਸੇ ਵੀ ਹਾਕਮ ਲਈ ਬਹੁਤ ਔਖਾ ਸੀ

ਅਤੇ ਇਨ੍ਹਾਂ ਨਾਲ ਵਿਗਾੜ ਪਾ ਕੇ ਪੰਜਾਬ ਦੇ ਅੰਦਰ ਸ਼ਾਂਤੀ ਕਾਇਮ ਰੱਖਣੀ ਅਸੰਭਵ ਸੀ। ਅਦੀਨਾ ਬੇਗ਼ ਸਿੱਖਾਂ ਨੂੰ ਦਬਾ ਕੇ ਲਾਹੌਰ ਦੇ ਸੂਬੇ ਨੂੰ ਮਜ਼ਬੂਤ ਨਹੀਂ ਸੀ ਕਰਨਾ ਚਾਹੁੰਦਾ ਜਿਸ ਨਾਲ ਉਸ ਦੀ ਆਪਣੀ ਹੋਂਦ ਨੂੰ ਵੀ ਖ਼ਤਰਾ ਪੈਦਾ ਹੋ ਜਾਣਾ ਸੁਭਾਵਕ ਸੀ। ਉਸ ਸਮੇਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸਿੱਖਾਂ ਦੇ ਸਤਿਕਾਰਤ ਜਰਨੈਲ ਸਨ। ਅਦੀਨਾ ਬੇਗ਼ ਨੇ ਉਨ੍ਹਾਂ ਨਾਲ ਗੰਢ-ਤੁਪ ਕਰਨ ਲਈ ਦੂਤ ਭੇਜੇ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਤਾਂ ਉਹਦੇ ਨਾਲ ਕਿਸੇ ਤਰ੍ਹਾਂ ਦੇ ਮੇਲ-ਜੋਲ ਕਰਨੋਂ ਨਾਂਹ ਕਰ ਦਿੱਤੀ, ਪਰੰਤੂ ਜੱਸਾ ਸਿੰਘ ਈਚੋਗਿੱਲੀਏ ਨੇ (ਕੂਟਨੀਤੀ ਤਹਿਤ) ਉਹਦੇ ਨਾਲ ਸੁਲ੍ਹਾ ਕਰਨੀ ਪਰਵਾਨ ਕਰ ਲਈ। ਅਦੀਨਾ ਬੇਗ਼ ਨੌਰੰਗਾਬਾਦ ਦੀ ਲੜਾਈ ਵਿਚ ਸਰਦਾਰ ਜੱਸਾ ਸਿੰਘ ਦੇ ਹੱਥ ਵੇਖ ਚੁੱਕਾ ਸੀ ਅਤੇ ਉਸ ਦੀ ਬੀਰਤਾ, ਦਲੇਰੀ ਤੇ ਰਾਜਨੀਤਕ ਸੂਝ-ਬੂਝ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਅਦੀਨਾ ਬੇਗ਼ ਇਹੋ ਜਿਹੇ ਸੁਘੜ ਜਰਨੈਲ ਨੂੰ ਆਪਣੇ ਹੱਥ ਵਿਚ ਰੱਖਣ ਦਾ ਚਾਹਵਾਨ ਸੀ। ਜਿੱਥੇ ਉਹ ਆਪਣੀ ਗ਼ਰਜ਼ ਲਈ ਸਰਦਾਰ ਜੱਸਾ ਸਿੰਘ ਨੂੰ ਵਰਤਣਾ ਚਾਹੁੰਦਾ ਸੀ, ਉੱਥੇ ਸਰਦਾਰ ਜੱਸਾ ਸਿੰਘ ਆਪਣੀ ਚਾਲ ਅਨੁਸਾਰ ਤੁਰਦਾ ਜਾ ਰਿਹਾ ਸੀ। ਆਮ ਖਿਆਲ ਇਹ ਹੈ ਕਿ ਅਦੀਨਾ ਬੇਗ਼ ਕੋਲ ਉਹ ਸਿੱਖਾਂ ਵਿਰੁੱਧ ਮੁਗ਼ਲਾਂ ਵੱਲੋਂ ਵਰਤੇ ਜਾਂਦੇ ਜੰਗੀ ਦਾਅ-ਪੇਚ ਨੂੰ ਗਹਿਰਾਈ ਨਾਲ ਸਮਝਣਾ ਚਾਹੁੰਦਾ ਸੀ। ਸ਼ਾਇਦ ਉਸ ਦਾ ਇਹ ਖਿਆਲ ਹੋਵੇ ਕਿ ਮੁਗ਼ਲਾਂ ਦੇ ਵਿਚ ਰਹਿ ਕੇ ਉਹ ਆਪਣੀ ਕੌਮ ਦੀ ਵਧੀਕ ਸੇਵਾ ਕਰ ਸਕੇਗਾ।[੩]

ਇਸ ਦ੍ਰਿਸ਼ਟੀ ਤੋਂ ਜੱਸਾ ਸਿੰਘ ਨੂੰ ਇਕ ਸੁਘੜ ਨੀਤੀਵਾਨ[੪] ਕਿਹਾ ਜਾ ਸਕਦਾ ਹੈ ਜਿਹੜਾ ਕਿ ਦੁਸ਼ਮਣਾਂ ਵੱਲੋਂ ਵਰਤੇ ਜਾਂਦੇ ਜੰਗੀ ਤੌਰ-ਤਰੀਕਿਆਂ ਨੂੰ ਉਨ੍ਹਾਂ ਦੀ ਦ੍ਰਿਸ਼ਟੀ ਤੋਂ ਸਮਝਣ ਦੀ ਹਿੰਮਤ ਰੱਖਦਾ ਸੀ। ਸਰਦਾਰ ਜੱਸਾ ਸਿੰਘ ਵਿਚ ਇਕ ਵਧੀਆ ਨੀਤੀਵਾਨ ਵਾਲੇ ਗੁਣ ਦੇਖਣ ਨੂੰ ਮਿਲਦੇ ਹਨ ਜਿਹੜੇ ਕਿ ਉਸ ਨੇ ਆਪਣੀ ਸ਼ਕਤੀ ਵਧਾਉਣ ਅਤੇ ਸਿੱਖਾਂ ਵਿਚ ਆਪਣਾ ਆਧਾਰ ਮਜ਼ਬੂਤ ਕਰਨ ਲਈ ਵਰਤੇ ਸਨ। ਸਰੀਰਕ ਤੌਰ 'ਤੇ ਚੁਸਤੀ, ਫੁਰਤੀ ਅਤੇ ਤੁਰੰਤ ਫ਼ੈਸਲੇ ਲੈਣ ਦੀ ਸਮਰੱਥਾ ਉਸ ਦਾ ਵੱਡਾ ਗੁਣ ਸੀ ਜਿਸ ਦੀ ਸਹਾਇਤਾ ਨਾਲ ਉਹ ਸਥਾਨਿਕ ਮੁਗ਼ਲ ਹਾਕਮਾਂ ਅਤੇ ਸਿੱਖਾਂ ਵਿਚ ਖਿੱਚ ਦਾ ਕਾਰਨ ਬਣਿਆ ਰਿਹਾ। ਉਸ ਦੇ ਇਸੇ ਗੁਣ ਨੂੰ ਦੇਖਦੇ ਹੋਏ ਅਦੀਨਾ ਬੇਗ਼ ਉਸ ਤੋਂ ਬਹੁਤ ਪ੍ਰਭਾਵਿਤ ਹੋਇਆ। ਸਰਦਾਰ ਜੱਸਾ ਸਿੰਘ ੧੦੦ ਸਵਾਰਾਂ ਸਮੇਤ ਉਸ ਦੀ ਫ਼ੌਜ ਨਾਲ ਕੰਮ ਕਰਨ ਲੱਗਿਆ। ਉਹ ਜਿੱਥੇ ਉਨ੍ਹਾਂ ਦੀਆਂ ਜੰਗੀ ਚਾਲਾਂ ਅਤੇ ਫ਼ੌਜੀ ਸ਼ਕਤੀ ਤੋਂ ਜਾਣੂ ਹੋਇਆ ਉੱਥੇ ਉਸ ਨੇ ਆਪਣਾ ਰਸੂਖ ਵਰਤ ਕੇ ਲਗਦੀ ਵਾਹ ਸਿੱਖਾਂ ਨੂੰ ਬਚਾਉਣ ਦਾ ਕਾਰਜ ਵੀ ਕੀਤਾ। ਰਾਮ ਰੌਣੀ ਦੇ ਕਿਲ੍ਹੇ ਵਿਚ ਜਦੋਂ ਸਿੱਖ ਬੁਰੀ ਤਰ੍ਹਾਂ ਫਸ ਗਏ ਸਨ ਅਤੇ ਉੱਥੇ ਫਸੇ ਹੋਏ ੫੦੦ ਸਿੱਖਾਂ ਵਿੱਚੋਂ ੨੦੦ ਸਿੱਖ ਮਾਰੇ ਗਏ ਸਨ ਅਤੇ ਬਾਕੀ ਰਹਿੰਦੇ ਸਿੱਖਾਂ ਨੇ ਗੜ੍ਹੀ ਵਿੱਚੋਂ ਬਾਹਰ ਨਿਕਲ ਕੇ ਲੜਦੇ ਹੋਏ ਸ਼ਹੀਦੀਆਂ ਪਾਉਣ ਦਾ ਫ਼ੈਸਲਾ ਕਰ ਲਿਆ ਸੀ ਤਾਂ ਸਰਦਾਰ ਜੱਸਾ ਸਿੰਘ ਦੀ ਸਹਾਇਤਾ ਨਾਲ ਹੀ ਉਹ ਬਚ ਸਕੇ ਸਨ। ਉਹ ਉਸ ਸਮੇਂ ਘੇਰਾ

ਪਾਉਣ ਗਈ ਜਲੰਧਰ ਅਤੇ ਲਾਹੌਰ ਦੀ ਫ਼ੌਜ ਵਿਚ ਸ਼ਾਮਲ ਸੀ। ਉਹ ਆਪਣੇ ਭਰਾਵਾਂ ਨੂੰ ਇਸ ਤਰ੍ਹਾਂ ਆਪਣੀਆਂ ਅੱਖਾਂ ਸਾਹਮਣੇ ਮਰਦੇ ਨਾ ਵੇਖ ਸਕਿਆ ਅਤੇ ਫਸੇ ਹੋਏ ਸਿੱਖਾਂ ਦੀ ਮਦਦ ਵਾਸਤੇ ਬਾਦਸ਼ਾਹ ਦੀਆਂ ਫ਼ੌਜਾਂ ਨੂੰ ਛੱਡ ਕੇ ਗੜ੍ਹੀ ਅੰਦਰ ਚਲਾ ਗਿਆ ਸੀ। ਅੰਦਰ ਜਾ ਕੇ ਨਾ ਕੇਵਲ ਉਸ ਨੇ ਆਪਣੇ ਧਰਮ-ਭਰਾਵਾਂ ਦੀ ਮਦਦ ਕੀਤੀ ਬਲਕਿ ਉਸ ਨੇ ਆਪਣੀ ਸੂਝ-ਬੂਝ ਦੀ ਵਰਤੋਂ ਕਰਦੇ ਹੋਏ ਲਾਹੌਰ ਦੇ ਦੀਵਾਨ ਕੌੜਾ ਮੱਲ ਨੂੰ ਕਹਿ ਕੇ ਉੱਥੇ ਲੰਮੇ ਸਮੇਂ ਤੋਂ ਪਏ ਹੋਏ ਫ਼ੌਜੀ ਘੇਰੇ ਨੂੰ ਚੁਕਵਾ ਦਿੱਤਾ ਸੀ, ਨਹੀਂ ਤਾਂ ਉਸ ਕਿਲ੍ਹੇ ਵਿਚ ਮੌਜੂਦ ਸਮੂਹ ਸਿੰਘਾਂ ਦੇ ਮਾਰੇ ਜਾਣ ਦਾ ਖ਼ਤਰਾ ਪੈਦਾ ਹੋ ਗਿਆ ਸੀ। ਉਸ ਦੀ ਇਸ ਨੀਤੀ ਨਾਲ ਨਾ ਕੇਵਲ ਸਿੱਖਾਂ ਦੀ ਜਾਨ ਬਚੀ ਸੀ ਬਲਕਿ ਮੀਰ ਮਨੂੰ ਨੇ ਪਰਗਣਾ ਪੱਟੀ ਦੇ ਮਾਮਲੇ ਵਿੱਚੋਂ ਅੱਧਾ ਸਿੱਖਾਂ ਨੂੰ ਜਾਗੀਰ ਵਜੋਂ ਦੇਣਾ ਮੰਨ ਲਿਆ ਅਤੇ ਦਰਬਾਰ ਸਾਹਿਬ ਦੇ ਪੁਰਾਣੇ ਬਾਰ੍ਹਾਂ ਪਿੰਡਾਂ ਦਾ ਜਬਤ ਹੋਇਆ ਮਾਮਲਾ ਬਹਾਲ ਕਰ ਦਿੱਤਾ ਸੀ।[੫] ਸਰਦਾਰ ਜੱਸਾ ਸਿੰਘ ਦੇ ਨੀਤੀਵਾਨ ਹੋਣ ਦੇ ਗੁਣਾਂ ਦਾ ਜ਼ਿਕਰ ਹਰੀ ਰਾਮ ਗੁਪਤਾ ਵੀ ਆਪਣੀ ਪੁਸਤਕ 'ਹਿਸਟਰੀ ਆਫ਼ ਦੀ ਸਿੱਖਸ' ਵਿਚ ਕਰਦਾ ਹੋਇਆ ਦੱਸਦਾ ਹੈ ਕਿ ਜੱਸਾ ਸਿੰਘ ਨੇ ਆਪਣੀ ਨੀਤੀ ਅਨੁਸਾਰ ਉਸ ਸਮੇਂ ਦੇ ਭਾਰਤ ਵਿਚ ਰਹਿ ਰਹੇ ਅੰਗਰੇਜ਼ ਗਵਰਨਰ ਲਾਰਡ ਵੈਲਜ਼ਲੀ ਨਾਲ ਚਿੱਠੀ-ਪੱਤਰ ਵੀ ਕੀਤਾ ਸੀ। ਉਹ ਅਫ਼ਗ਼ਾਨਾਂ (ਸ਼ਾਹ ਜ਼ਮਾਨ) ਦੇ ਵਿਰੁੱਧ ਅੰਗਰੇਜ਼ਾਂ ਦੀ ਸਹਾਇਤਾ ਚਾਹੁੰਦਾ ਸੀ ਤਾਂ ਕਿ ਪੰਜਾਬ ਵਿਚ ਅਮਨ ਕਾਇਮ ਰੱਖਿਆ ਜਾ ਸਕੇ। ਗਵਰਨਰ ਜਨਰਲ ਨੇ ਆਪਣੇ ਜਵਾਬੀ ਪੱਤਰ ਵਿਚ ਸ਼ਾਹ ਦੇ ਵਾਪਸ ਲਾਹੌਰ ਮੁੜ ਆਉਣ ਦੀ ਸੰਭਾਵਨਾ ਨੂੰ ਰੱਦ ਕਰਦੇ ਹੋਏ ਸਰਦਾਰ ਜੱਸਾ ਸਿੰਘ ਨੂੰ ਦੂਰਦਰਸ਼ੀ ਅਤੇ ਸੂਝਵਾਨ ਕਿਹਾ ਸੀ।[੬]

ਸਰਦਾਰ ਜੱਸਾ ਸਿੰਘ ਆਪਣੀ ਸੂਝ ਅਤੇ ਰਣਨੀਤੀ ਤਹਿਤ ਆਪਣੀ ਮਿਸਲ ਨੂੰ ਮਜ਼ਬੂਤੀ ਪ੍ਰਦਾਨ ਕਰ ਰਿਹਾ ਸੀ ਕਿਉਂਕਿ ਉਸ ਨੂੰ ਬਾਹਰੀ ਅਤੇ ਅੰਦਰੂਨੀ ਹਮਲਾਵਰਾਂ ਨਾਲ ਇਕੋ ਸਮੇਂ ਜੂਝਣਾ ਪੈ ਰਿਹਾ ਸੀ। ਉਸ ਸਮੇਂ ਦੇ ਰਾਜ-ਰੌਲੇ ਵਿਚ ਇਹ ਪਤਾ ਲਾਉਣਾ ਔਖਾ ਕਾਰਜ ਸੀ ਕਿ ਕੌਣ ਕਿਸ ਦੀ ਸਹਾਇਤਾ ਕਰ ਰਿਹਾ ਹੈ, ਕੌਣ ਅੰਦਰੂਨੀ ਸ਼ਾਸਕ ਬਾਹਰੀ ਹਮਲਾਵਰਾਂ ਨੂੰ ਆਪਣੇ ਸਵਾਰਥ ਹਿੱਤ ਬੁਲਾ ਰਿਹਾ ਹੈ। ਸਵਾਰਥੀ ਬਿਰਤੀਆਂ ਨੇ ਦੇਸ਼ ਵਿਚ ਅਜਿਹੀ ਅਫ਼ਰਾਤਫਰੀ ਫੈਲਾ ਦਿੱਤੀ ਸੀ ਕਿ ਇਹ ਦੇਸ਼ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਤੌਰ 'ਤੇ ਖੋਖਲਾ ਹੁੰਦਾ ਜਾ ਰਿਹਾ ਸੀ। ਘੱਟ ਗਿਣਤੀ ਵਿਚ ਹੁੰਦੇ ਹੋਏ ਅਜਿਹੇ ਸਮੇਂ ਸਿੱਖਾਂ ਦੀਆਂ ਜਿੱਤਾਂ ਦਾ ਕਾਰਨ ਇਹ ਸੀ ਕਿ ਉਹ ਗੁਰ-ਸ਼ਬਦ ਨਾਲ ਜੁੜ ਕੇ, ਲੋਕਾਈ ਦੇ ਭਲੇ ਹਿੱਤ, ਇਕ ਖਾਲਸਈ ਨਿਸ਼ਾਨ ਹੇਠ ਜੂਝ ਰਹੇ ਸਨ। ਬਾਹਰੀ ਹਮਲਾਵਰ ਦਾ ਮੁਕਾਬਲਾ ਕਰਨ ਲਈ ਸਿੱਖਾਂ ਦੀਆਂ ਸਾਰੀਆਂ ਜਥੇਬੰਦੀਆਂ ਮਿਲ ਕੇ ਯਤਨ ਕਰ ਰਹੀਆਂ ਸਨ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸਿੱਖਾਂ ਦੇ ਜਰਨੈਲ ਵਜੋਂ ਇਤਿਹਾਸ ਦੇ ਪੰਨਿਆਂ ਤੇ ਆਪਣੀ ਹੋਂਦ ਦਾ ਪ੍ਰਗਟਾਵਾ ਕਰ ਰਿਹਾ ਸੀ। ਦੂਜੇ ਸਿੱਖ ਸਰਦਾਰਾਂ ਨਾਲ ਮਿਲ ਕੇ ਉਸ ਨੇ ਕਈ ਸਾਂਝੀਆਂ ਮੁਹਿੰਮਾਂ ਵਿਚ ਅਹਿਮਦ ਸ਼ਾਹ ਅਬਦਾਲੀ ਨਾਲ ਲੋਹਾ

ਲਿਆ ਸੀ। ੧੭੬੨ ਈ. ਵਿਚ ਅਬਦਾਲੀ ਨੇ ਸਿੱਖਾਂ ਦਾ ਵੱਡੇ ਪੱਧਰ 'ਤੇ ਸਫ਼ਾਇਆ ਕਰਨ ਦਾ ਯਤਨ ਕੀਤਾ ਸੀ ਜਿਸ ਵਿਚ ੩੦,੦੦੦ ਤੋਂ ਵਧੇਰੇ ਸਿੱਖ ਸ਼ਹੀਦ ਹੋ ਗਏ ਸਨ। ਮਲੇਰਕੋਟਲਾ ਨੇੜੇ ਕੁੱਪ ਰਹੀੜੇ ਦੇ ਸਥਾਨ 'ਤੇ ਵਾਪਰੀ ਇਸ ਵੱਡੀ ਦੁਖਦਾਈ ਘਟਨਾ ਨੂੰ 'ਵੱਡੇ ਘੱਲੂਘਾਰੇ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸਿੱਖਾਂ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਕਰ ਕੇ ਵਾਪਸ ਜਾਂਦੇ ਅਬਦਾਲੀ ਨੇ ਸਿੱਖਾਂ ਦੇ ਕੇਂਦਰੀ ਧਰਮ ਅਸਥਾਨ ਸ੍ਰੀ ਦਰਬਾਰ ਸਾਹਿਬ ਨੂੰ ਵੀ ਢਾਹ ਦਿੱਤਾ ਸੀ। ਉਸ ਸਮੇਂ ਸਿੱਖਾਂ ਦੀ ਕਮਾਨ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦੇ ਹੱਥ ਸੀ ਇਨ੍ਹਾਂ ਦੀ ਅਗਵਾਈ ਵਿਚ ਅਬਦਾਲੀ ਨੂੰ ਸਿੱਖਾਂ ਦੇ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ।

ਵੱਡੇ ਘੱਲੂਘਾਰੇ ਵਾਲੀ ਘਟਨਾ ਤੋਂ ਤੁਰੰਤ ਬਾਅਦ ਸਿੱਖ ਛੇਤੀ ਹੀ ਦੁਬਾਰਾ ਖੜ੍ਹੇ ਹੋ ਗਏ ਸਨ ਅਤੇ ਚਾਰ ਮਹੀਨੇ ਦੇ ਵਿਚ ਹੀ ਇਨ੍ਹਾਂ ਨੇ ਅਬਦਾਲੀ ਦੇ ਸਰਹਿੰਦ ਵਿਖੇ ਨਿਯੁਕਤ ਕੀਤੇ ਹਾਕਮ ਜ਼ੈਨ ਖ਼ਾਨ ਨੂੰ ਹਰਾ ਕੇ ਉਸ ਤੋਂ ਭਾਰੀ ਨਜ਼ਰਾਨਾ ਵਸੂਲ ਕਰ ਲਿਆ ਸੀ। ਸਿੱਖਾਂ ਨੇ ਇਹ ਫ਼ੈਸਲਾ ਕਰ ਲਿਆ ਸੀ ਕਿ ਦੁੱਰਾਨੀਆਂ ਨੂੰ ਪੰਜਾਬ ਵਿਚ ਸਥਿਰ ਨਹੀਂ ਹੋਣ ਦੇਣਾ। ਭਾਵੇਂ ਕਿ ਦੁਰਾਨੀਆਂ ਦੀਆਂ ਫ਼ੌਜਾਂ ਦੀ ਗਿਣਤੀ ਸਿੱਖਾਂ ਤੋਂ ਬਹੁਤ ਜ਼ਿਆਦਾ ਸੀ ਪਰ ਫਿਰ ਵੀ ਸਿੱਖ ਆਪਣੀ ਹੋਂਦ ਦਾ ਅਹਿਸਾਸ ਕਰਵਾ ਦਿੰਦੇ ਸਨ। ੧੭੬੬ ਈ. ਵਿਚ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ 'ਤੇ ਇਕ ਵਾਰੀ ਫਿਰ ਹਮਲਾ ਕੀਤਾ ਸੀ ਅਤੇ ਇਸ ਵਾਰੀ ਵੀ ਉਸਨੂੰ ਸਿੱਖਾਂ ਦੇ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਬਿਆਸ ਦਰਿਆ ਦੇ ਕੰਢੇ 'ਤੇ ਹੋਏ ਅਫ਼ਗਾਨ-ਸਿੱਖ ਯੁੱਧ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਕਮਾਨ ਹੇਠ ਸਿੱਖਾਂ ਨੇ ਉਸ ਦਾ ਡੱਟ ਕੇ ਮੁਕਾਬਲਾ ਕੀਤਾ ਸੀ। ਇਸ ਲੜਾਈ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜ਼ਖ਼ਮੀ ਹੋ ਗਿਆ ਸੀ ਅਤੇ ਲੜਾਈ ਦੀ ਕਮਾਨ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦੇ ਹੱਥ ਵਿਚ ਰਹੀ ਸੀ। ਇਸ ਲੜਾਈ ਵਿਚ "ਅਹਿਮਦ ਸ਼ਾਹ ਅਬਦਾਲੀ ਇਕ ਵਾਰ ਯੁੱਧ ਖੇਤਰ ਵਿਚ ਲੜਨ ਲਈ ਕੁੱਦਿਆ, ਪਰ ਸਰਦਾਰ ਜੱਸਾ ਸਿੰਘ ਨੇ ਅਨੋਖੀ ਤਰ੍ਹਾਂ ਦੇ ਯੁੱਧ ਦੇ ਪੈਂਤੜੇ ਵਰਤ ਕੇ ਏਸ਼ੀਆ ਦੇ ਪ੍ਰਸਿੱਧ ਜਰਨੈਲ ਅਬਦਾਲੀ ਨੂੰ ਭਕਾ ਮਾਰਿਆ।"[੭] ਇਸ ਹਮਲੇ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਦਾ ਪੰਜਾਬ ਤੋਂ ਸਾਰਾ ਪ੍ਰਭਾਵ ਖ਼ਤਮ ਹੋ ਗਿਆ ਸੀ ਅਤੇ ਸਿੱਖਾਂ ਨਾਲ ਹੋਰ ਵਧੇਰੇ ਟੱਕਰ ਲੈਣ ਦੀ ਬਜਾਏ ਉਹ ਵਾਪਸ ਕਾਬੁਲ ਚਲਾ ਗਿਆ ਸੀ ਅਤੇ ਫਿਰ ਉਨ੍ਹਾਂ ਵੱਲ ਮੂੰਹ ਨਹੀਂ ਕੀਤਾ ਸੀ।

ਸਰਦਾਰ ਜੱਸਾ ਸਿੰਘ ਨੇ ਜਲੰਧਰ ਦੇ ਫ਼ੌਜਦਾਰ ਅਦੀਨਾ ਬੇਗ ਨਾਲ ਮਿਲ ਕੇ ਵੀ ਕਈ ਯੁੱਧ ਕੀਤੇ ਸਨ ਅਤੇ ਆਪਣੀ ਦਲੇਰੀ ਅਤੇ ਬਹਾਦਰੀ ਸਦਕਾ ਸਮੂਹ ਜਰਨੈਲਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਸੀ। ਅਦੀਨਾ ਬੇਗ ਦੇ ਚਲਾਣਾ ਕਰ ਜਾਣ ਪਿੱਛੋਂ ਉਸਦੇ ਕਈ ਇਲਾਕਿਆਂ ਨੂੰ ਸਰਦਾਰ ਜੱਸਾ ਸਿੰਘ ਨੇ ਆਪਣੇ ਅਧੀਨ ਕਰ ਲਿਆ ਸੀ। ਬਟਾਲਾ, ਕਲਾਨੌਰ, ਦੀਨਾ ਨਗਰ, ਸ੍ਰੀ ਹਰਿਗੋਬਿੰਦਪੁਰ, ਸ਼ਾਹਪੁਰ

ਕੰਡੀ, ਕਾਦੀਆਂ ਅਤੇ ਘੁਮਾਣ ਆਦਿ ਇਲਾਕੇ ਉਸ ਦੇ ਕਬਜ਼ੇ ਅਧੀਨ ਆ ਗਏ ਸਨ ਜਿਨ੍ਹਾਂ ਨੂੰ ਸਮੁੱਚੇ ਤੌਰ 'ਤੇ ਰਿਆੜਕੀ ਕਿਹਾ ਜਾਂਦਾ ਸੀ। ਉਸ ਦੀਆਂ ਜੇਤੂ ਮੁਹਿੰਮਾਂ ਦੀ ਚਰਚਾ ਚਾਰ-ਚੁਫ਼ੇਰੇ ਫੈਲੀ ਹੋਈ ਸੀ ਜਿਸ ਦਾ ਲਾਹਾ ਲੈਂਦੇ ਹੋਏ ਉਹ ਲਾਹੌਰ ਤਕ ਜਾ ਪਹੁੰਚਿਆ। ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਤੇ ਅਧਿਕਾਰ ਜਮਾਉਣ ਤੋਂ ਬਾਅਦ ਉਸ ਨੇ ਪਹਾੜੀ ਰਿਆਸਤਾਂ ਵੱਲ ਆਪਣਾ ਧਿਆਨ ਕੇਂਦਰਿਤ ਕੀਤਾ। ਇਸ ਨੇ ਕਾਂਗੜਾ, ਨੂਰਪੁਰ, ਜਸਵਾਨ, ਹਰੀਪੁਰ, ਕਟੋਚ ਅਤੇ ਚੰਬਾ ਆਦਿ ਇਲਾਕਿਆਂ ਦੇ ਹਾਕਮਾਂ ਨੂੰ ਆਪਣੀ ਈਨ ਮੰਨਣ ਲਈ ਮਜਬੂਰ ਕਰ ਦਿੱਤਾ ਸੀ। ਪਹਾੜੀ ਰਿਆਸਤਾਂ ਵਿੱਚੋਂ ਕਾਂਗੜੇ ਦੀ ਜਿੱਤ ਤੇ ਟਿੱਪਣੀ ਕਰਦੇ ਹੋਏ ਕਿਹਾ ਗਿਆ ਹੈ ਕਿ ਇਹ "ਜਿੱਤ ਸਿੱਖ ਰਾਜ ਦੇ ਇਤਿਹਾਸ ਵਿਚ ਬੜੀ ਮਹਾਨਤਾ ਰੱਖਦੀ ਹੈ, ਕਿਉਂਜੁ ਇਸ ਜਿੱਤ ਨੇ ਪੰਜਾਬ ਦੀਆਂ ਬਾਕੀ ਪਹਾੜੀ ਰਿਆਸਤਾਂ ਦੀ ਜਿੱਤ ਲਈ ਸਿੱਖਾਂ ਦਾ ਰਾਹ ਸਾਫ਼ ਕਰ ਦਿੱਤਾ। ਇਸ ਜਿੱਤ ਨਾਲ ਸਰਦਾਰ ਜੱਸਾ ਸਿੰਘ ਦਾ ਰੁਹਬ ਬਹੁਤ ਵੱਧ ਗਿਆ ਤੇ ਬਾਕੀ ਰਿਆਸਤਾਂ ਉੱਤੇ ਆਪਣਾ ਅਧਿਕਾਰ ਜਮਾਣਾ ਉਹਦੇ ਲਈ ਬਹੁਤ ਸੌਖਾ ਹੋ ਗਿਆ, ਇੱਥੋਂ ਤਕ ਕਿ ਕਈ ਪਹਾੜੀ ਰਾਜਿਆਂ ਨੇ ਬਿਨਾਂ ਲੜਾਈ ਦੇ ਸਰਦਾਰ ਜੱਸਾ ਸਿੰਘ ਨੂੰ ਸਾਲਾਨਾ ਕਰ ਦੇ ਕੇ ਉਸ ਦੀ ਪ੍ਰਮੁੱਖਤਾ ਸਵੀਕਾਰ ਕਰਨ ਦਾ ਫੈਸਲਾ ਕਰ ਲਿਆ।"[੯] ਸਰਦਾਰ ਜੱਸਾ ਸਿੰਘ ਨੇ ਪਹਾੜੀ ਰਾਜਿਆਂ ਦੀਆਂ ਰਿਆਸਤਾਂ 'ਤੇ ਕਾਬਜ਼ ਹੋਣ ਦੀ ਬਜਾਏ ਉਨ੍ਹਾਂ ਨੂੰ ਅਧੀਨਗੀ ਪ੍ਰਵਾਨ ਲੈਣ ਲਈ ਮਜਬੂਰ ਕਰ ਦਿੱਤਾ ਸੀ ਕਿਉਂਕਿ ਜੇਕਰ ਉਹ ਇਨ੍ਹਾਂ 'ਤੇ ਪੱਕੇ ਤੌਰ ਤੇ ਕਬਜ਼ਾ ਕਰ ਕੇ ਆਪਣਾ ਰਾਜ ਪ੍ਰਬੰਧ ਇਨ੍ਹਾਂ ਤੇ ਠੋਸਦਾ ਤਾਂ ਇਕ ਤਾਂ ਉਨ੍ਹਾਂ ਰਿਆਸਤਾਂ ਵਿਚ ਉਸ ਦੇ ਪ੍ਰਤੀ ਵਧੇਰੇ ਵਿਰੋਧ ਅਤੇ ਰੋਸ ਪੈ ਜਾਣਾ ਸੁਭਾਵਕ ਸੀ, ਦੂਜਾ ਪਹਾੜੀ ਰਾਜਾਂ ਦੇ ਪ੍ਰਬੰਧ ਵਿਚ ਹੋਣ ਵਾਲੇ ਵਾਧੂ ਖਰਚ ਤੋਂ ਉਹ ਬਚ ਗਿਆ ਅਤੇ ਤੀਜਾ ਉਸ ਨੇ ਮੈਦਾਨੀ ਇਲਾਕਿਆਂ ਵਿਚ ਕਬਜ਼ੇ ਅਧੀਨ ਇਲਾਕਿਆਂ ਵੱਲ ਵਧੇਰੇ ਧਿਆਨ ਦਿੱਤਾ ਜਿੱਥੇ ਉਸ ਨੂੰ ਪਹਾੜੀਆਂ ਨਾਲੋਂ ਵਧੇਰੇ ਖ਼ਤਰਾ ਜਾਪਦਾ ਸੀ।

ਸਿੱਖ ਸਰਦਾਰਾਂ ਦਾ ਜਦੋਂ ਕੋਈ ਸਾਂਝਾ ਦੁਸ਼ਮਣ ਨਾ ਰਿਹਾ ਤਾਂ ਇਲਾਕਿਆਂ ਦੀ ਵੰਡ ਪਿੱਛੇ ਉਨ੍ਹਾਂ ਦੀ ਆਪਸ ਵਿਚ ਲੜਾਈ ਅਰੰਭ ਹੋ ਗਈ। ਏਸੇ ਖਿੱਚੋਤਾਣ ਵਿਚ ਸਰਦਾਰ ਜੱਸਾ ਸਿੰਘ ਦੁਆਬਾ ਛੱਡ ਕੇ ਮਾਲਵੇ ਵਾਲੇ ਪਾਸੇ ਆ ਗਿਆ ਸੀ। ਮਾਲਵੇ ਤੋਂ ਪਾਣੀਪਤ ਅਤੇ ਕਰਨਾਲ ਦੇ ਇਲਾਕਿਆਂ ਤੋਂ ਨਜ਼ਰਾਨੇ ਪ੍ਰਾਪਤ ਕਰਦਾ ਹੋਇਆ ਉਹ ਮੇਰਠ ਅਤੇ ਮਥੁਰਾ ਦੇ ਇਲਾਕੇ ਤਕ ਜਾ ਪੁੱਜਾ ਪਰ ਕਿਸੇ ਦੀ ਉਸ ਨੂੰ ਰੋਕਣ ਦੀ ਹਿੰਮਤ ਨਾ ਪਈ। ਵਾਪਸ ਮੁੜਦਾ ਹੋਇਆ ਉਹ ਦਿੱਲੀ ਜਾ ਵੜਿਆ, ਕਿਸੇ ਦੀ ਉਸ ਨਾਲ ਟਾਕਰਾ ਕਰਨ ਦੀ ਹਿੰਮਤ ਨਾ ਪਈ ਅਤੇ ਉੱਥੋਂ ਉਹ ਚਾਰ ਤੋਪਾਂ ਅਤੇ ਬਹੁਤ ਸਾਰਾ ਸਾਮਾਨ ਲੈ ਕੇ ਵਾਪਸ ਮੁੜਿਆ। ਦੂਜੇ ਪਾਸੇ ਦੁਆਬੇ ਵਿਚ ਸ਼ੁਕਰਚੱਕੀਆ ਅਤੇ ਕਨੱਈਆ ਮਿਸਲਾਂ ਦੀ ਆਪਸ ਵਿਚ ਖੜਕ ਪਈ। ਸਰਦਾਰ ਮਹਾਂ ਸਿੰਘ ਸ਼ੁਕਰਚੱਕੀਏ ਨੂੰ ਇਹ ਇਲਮ ਸੀ ਕਿ ਜੇਕਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਉਸ ਦੀ ਸਹਾਇਤਾ ਕਰੇ ਤਾਂ ਉਹ ਆਸਾਨੀ ਨਾਲ ਕਨੱਈਏ ਸਰਦਾਰ ਤੋਂ ਜਿੱਤ

ਪ੍ਰਾਪਤ ਕਰ ਸਕਦਾ ਹੈ। ਉਸ ਨੇ ਆਪਣੀ ਇਸ ਲੜਾਈ ਵਿਚ ਹਿੱਸਾ ਲੈਣ ਲਈ ਜੱਸਾ ਸਿੰਘ ਨੂੰ ਮਨਾ ਲਿਆ ਅਤੇ ਕਨੱਈਏ ਸਰਦਾਰ ਦੇ ਇਲਾਕੇ 'ਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿਚ ਸਰਦਾਰ ਜੱਸਾ ਸਿੰਘ ਦੇ ਹੱਥੋਂ ਕਨੱਈਆ ਮਿਸਲ ਦੇ ਮੁਖੀ ਜੈ ਸਿੰਘ ਦਾ ਪੁੱਤਰ ਗੁਰਬਖ਼ਸ਼ ਸਿੰਘ ਮਾਰਿਆ ਗਿਆ ਅਤੇ ਲੜਾਈ ਖ਼ਤਮ ਹੋ ਗਈ। ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਆਪਣੇ ਸਾਰੇ ਪੁਰਾਣੇ ਇਲਾਕਿਆਂ 'ਤੇ ਮੁੜ ਕਬਜ਼ਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਦਾ ਵਿਆਹ ਕਨੱਈਆ ਮਿਸਲ ਦੇ ਜੈ ਸਿੰਘ ਦੀ ਪੋਤਰੀ ਅਤੇ ਲੜਾਈ ਵਿਚ ਮਾਰੇ ਗਏ ਗੁਰਬਖ਼ਸ਼ ਸਿੰਘ ਦੀ ਪੁੱਤਰੀ ਨਾਲ ਹੋ ਗਿਆ। ਕਨੱਈਆ ਅਤੇ ਸ਼ੁਕਰਚੱਕੀਆ ਮਿਸਲਾਂ ਵਿਚ ਪੈਦਾ ਹੋਈ ਕੜਵਾਹਟ ਰਿਸ਼ਤੇਦਾਰੀ ਵਿਚ ਬਦਲੀ ਤਾਂ ਇਨ੍ਹਾਂ ਨੇ ਰਲ ਕੇ ਰਾਮਗੜ੍ਹੀਆ ਮਿਸਲ ਦੇ ਖਿਲਾਫ਼ ਮੁਹਿੰਮ ਛੇੜ ਦਿੱਤੀ। ਮਹਾਰਾਜਾ ਰਣਜੀਤ ਸਿੰਘ ਦੀ ਸੱਸ ਸਦਾ ਕੌਰ ਨੇ ਉਸ ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ 'ਤੇ ਹਮਲਾ ਕਰਨ ਲਈ ਮਨਾ ਲਿਆ ਅਤੇ ਮਿਆਨੀ ਦੇ ਕਿਲ੍ਹੇ ਵਿਚ ਉਸ ਨੂੰ ਜਾ ਘੇਰਾ ਪਾਇਆ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸੂਝਵਾਨ ਅਤੇ ਦਲੇਰ ਜਰਨੈਲ ਸੀ, ਉਸ ਨੇ ਕਿਲ੍ਹਾ ਛੱਡਣ ਜਾਂ ਭੱਜ ਨਿਕਲਣ ਦੀ ਬਜਾਏ ਕਿਲ੍ਹੇ ਦੇ ਅੰਦਰੋਂ ਹੀ ਉਨ੍ਹਾਂ ਨਾਲ ਮੁਕਾਬਲਾ ਜਾਰੀ ਰੱਖਿਆ। ਕੁਦਰਤ ਨੇ ਸਰਦਾਰ ਜੱਸਾ ਸਿੰਘ ਦਾ ਸਾਥ ਦਿੱਤਾ ਅਤੇ ਉੱਥੇ ਨੇੜੇ ਵਗਦੇ ਬਿਆਸ ਦਰਿਆ ਵਿਚ ਹੜ੍ਹ ਆ ਗਿਆ। ਮਹਾਰਾਜ ਰਣਜੀਤ ਸਿੰਘ ਦੀ ਸੈਨਾ ਦਾ ਬਹੁਤ ਨੁਕਸਾਨ ਹੋਇਆ, ਅਖੀਰ ਉਸ ਨੂੰ ਘੇਰਾ ਚੁੱਕਣਾ ਪੈ ਗਿਆ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਇਕ ਜੇਤੂ ਜਰਨੈਲ ਵਜੋਂ ਪੰਜਾਬ ਦੇ ਇਕ ਵੱਡੇ ਪਹਾੜੀ ਅਤੇ ਮੈਦਾਨੀ ਇਲਾਕੇ ਉੱਤੇ ਕਬਜ਼ਾ ਕਰ ਲਿਆ ਸੀ। ਉਸ ਦੀਆਂ ਜੇਤੂ ਮੁਹਿੰਮਾਂ ਨੇ ਉਸ ਦੇ ਇਲਾਕੇ ਵਿਚ ਭਾਰੀ ਵਾਧਾ ਕੀਤਾ ਸੀ। ਇੱਥੋਂ ਤਕ ਕਿ ਕਟੋਚ ਵਿਚ ਅਹਿਮਦ ਸ਼ਾਹ ਦੇ ਡਿਪਟੀ ਘਮੰਡ ਚੰਦ ਅਤੇ ਦੂਜੇ ਪਹਾੜੀ ਰਾਜਪੂਤ ਰਾਜੇ ਉਸ ਦੇ ਬਾਜ਼ਗੁਜ਼ਾਰ ਬਣ ਗਏ ਸਨ ਅਤੇ ਹੁਣ ਉਸ ਦਾ ਰਾਜ ਸਤਲੁਜ ਤੇ ਬਿਆਸ ਵਿਚਕਾਰ ਪਹਾੜ ਵੱਲ ਦੇ ਸਾਰੇ ਦੇਸ਼ ਉਤੇ ਫੈਲ ਗਿਆ ਸੀ ਜਿਸ ਵਿਚ ਬਿਸਤ ਜਲੰਧਰ ਦਾ ਇਕ ਬਹੁਤ ਵੱਡਾ ਭਾਗ ਸ਼ਾਮਲ ਸੀ।[੯] ਉਸ ਦੇ ਜੀਵਨ ਵਿਚ ਇਹ ਸਮਾਂ ਅਜਿਹਾ ਸੀ ਕਿ ਉਸ ਦੀ ਮਿਸਲ ਦੀ ਤਾਕਤ ਦਾ ਟਾਕਰਾ ਕਰਨ ਵਿਚ ਕਿਸੇ ਦਾ ਹੌਂਸਲਾ ਨਹੀਂ ਸੀ ਪੈਂਦਾ, "ਆਸ ਪਾਸ ਦੇ ਹਾਕਮ ਏਧਰ ਨਜ਼ਰ ਪੁੱਟ ਕੇ ਨਹੀਂ ਸਨ ਵੇਖ ਸਕਦੇ ਏਸ ਵੇਲੇ ਏਸ ਮਿਸਲ ਵਿਚ ਸੁਆਰ ੧੯੦੦੦ ਤੀਕਰ ਪੁੱਜ ਚੁੱਕੇ ਹੋਏ ਸਨ ਤੇ ਸਾਰਾ ਮੁਲਕ ੩੫ ਲੱਖ ਤੋਂ ਵੀ ਵੱਧ ਸੀ, ੩੬੦ ਕਿਲ੍ਹੇ ਚੰਗੇ ਪੱਕੇ ਏਨ੍ਹਾਂ ਦੇ ਵਸੀਕਾਰ ਵਿਚ ਸਨ ਬਸ ਰਾਮਗੜ੍ਹੀਏ ਏਸ ਵੇਲੇ ਘਰ ਘਰ ਰਾਜੇ ਬਣੇ ਹੋਏ ਸਨ।"[੧੦] ਉਸ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਤੋਂ ਪਤਾ ਲੱਗਦਾ ਹੈ ਕਿ ਉਸ ਦਾ ਪਰਿਵਾਰਕ ਪਿਛੋਕੜ ਭਾਵੇਂ ਤਰਖਾਣਾ ਪੇਸ਼ੇ ਨਾਲ ਸੰਬੰਧਤ ਸੀ ਪਰ ਉਸ ਦੀ ਸ਼ਖ਼ਸੀਅਤ ਵਿਚ ਉਸ ਦੇ ਜੱਦੀ ਪੇਸ਼ੇ ਨਾਲੋਂ ਜਰਨੈਲ ਦੇ ਗੁਣ ਵਧੇਰੇ ਮਾਤਰਾ ਵਿਚ ਉੱਘੜ ਕੇ ਸਾਹਮਣੇ ਆਉਂਦੇ ਹਨ ਜਿਨ੍ਹਾਂ ਨੇ ਉਸ ਨੂੰ ਪੰਜਾਬ ਦੇ ਇਕ ਵੱਡੇ ਹਿੱਸੇ 'ਤੇ

ਕਾਬਜ਼ ਹੋਣ ਵਿਚ ਹਿੱਸਾ ਪਾਇਆ ਸੀ।

ਸਰਦਾਰ ਜੱਸਾ ਸਿੰਘ ਦੀ ਸ਼ਖ਼ਸੀਅਤ ਵਿੱਚੋਂ ਉਸ ਦਾ ਸਿੱਖੀ ਪ੍ਰੇਮ ਕਿਸੇ ਨਾਲੋਂ ਘੱਟ ਨਹੀਂ ਸੀ। ਉਸ ਨੇ ਸਿੱਖੀ ਸਿਧਾਂਤਾਂ ਨੂੰ ਜੀਵਨ ਵਿਚ ਗ੍ਰਹਿਣ ਕੀਤਾ ਅਤੇ ਆਜੀਵਨ ਉਨ੍ਹਾਂ ਦੀ ਰੋਸ਼ਨੀ ਵਿਚ ਹੀ ਇਲਾਕੇ ਜਿੱਤਦਾ ਅਤੇ ਲੋਕਾਂ ਦੀ ਸੇਵਾ ਕਰਦਾ ਰਿਹਾ। ਸਿੱਖੀ ਸਿਧਾਂਤਾਂ ਅਨੁਸਾਰ ਉਹ ਹਮੇਸ਼ਾਂ ਗਰੀਬਾਂ ਅਤੇ ਨਿਆਸਰਿਆਂ ਦੀ ਸਹਾਇਤਾ ਕਰਦਾ। ਇਸ ਦੀ ਇਕ ਮਿਸਾਲ ਉਸ ਦੇ ਜੀਵਨ ਵਿਚ ਉਸ ਸਮੇਂ ਦੇਖਣ ਨੂੰ ਮਿਲਦੀ ਹੈ ਜਦੋਂ ਰਿਆੜਕੀ ਦਾ ਇਲਾਕਾ ਖੁੱਸ ਜਾਣ ਪਿੱਛੋਂ ਉਹ ਹਿਸਾਰ ਦੇ ਇਲਾਕੇ ਵਿਚ ਘੁੰਮ ਰਿਹਾ ਸੀ। ਹਿਸਾਰ ਦੇ ਗਵਰਨਰ ਨੂੰ ਸਜ਼ਾ ਦੇਣ ਲਈ ਸਰਦਾਰ ਜੱਸਾ ਸਿੰਘ ਨੇ ਉਸ 'ਤੇ ਹਮਲਾ ਕਰ ਦਿੱਤਾ ਸੀ ਕਿਉਂਕਿ ਉਸ ਨੇ ਇਕ ਬ੍ਰਾਹਮਣ ਦੀਆਂ ਦੋ ਧੀਆਂ ਜਬਰਨ ਘਰ ਪਾ ਲਈਆਂ ਸਨ। ਉਸ ਨੇ ਦੋਵੇਂ ਲੜਕੀਆਂ ਉਸ ਪਾਸੋਂ ਲੈ ਕੇ ਉਨ੍ਹਾਂ ਦੇ ਪਿਤਾ ਨੂੰ ਸੌਂਪ ਦਿੱਤੀਆਂ ਸਨ।[੧੧]

ਸਰਦਾਰ ਜੱਸਾ ਸਿੰਘ ਹਮੇਸ਼ਾਂ ਅਕਾਲ ਪੁਰਖ ਦੀ ਰਜ਼ਾ ਵਿਚ ਰਹਿਣ ਵਾਲਾ ਵਿਅਕਤੀ ਸੀ। ਹਿਸਾਰ ਦੇ ਇਲਾਕੇ ਵਿਚ ਹੀ ਸੀ ਕਿ ਅਰਥਿਕ ਤੰਗੀ ਨੇ ਉਸ ਦੀਆਂ ਫ਼ੌਜਾਂ ਨੂੰ ਬੇਚੈਨ ਕਰ ਦਿੱਤਾ। ਗੱਲ ਇੱਥੋਂ ਤਕ ਪਹੁੰਚ ਗਈ ਕਿ ਫ਼ੌਜਾਂ ਨੇ ਇਹ ਸੋਚਣਾ ਸ਼ੁਰੂ ਕਰ ਦਿੱਤਾ ਕਿ ਜਿਸ ਸਰਦਾਰ ਕੋਲ ਕੋਈ ਇਲਾਕਾ ਹੀ ਨਹੀਂ ਉਹ ਸਾਨੂੰ ਪੈਸੇ ਕਿੱਥੋਂ ਦੇਵੇਗਾ। ਇਹ ਗੱਲ ਸਰਦਾਰ ਜੱਸਾ ਸਿੰਘ ਤਕ ਪੁੱਜੀ ਤਾਂ ਉਸ ਨੇ ਹੱਸ ਕੇ ਕਿਹਾ ਜਿਸ ਨੇ ਸਰਦਾਰੀ ਬਖ਼ਸ਼ੀ ਹੈ, ਇਸ ਦੀ ਲਾਜ ਵੀ ਉਹ ਆਪ ਹੀ ਰੱਖੇਗਾ। ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ— "ਉਸਨੇ ਇਕ ਜਗ੍ਹਾ ਬੈਠ ਕੇ ਅੰਤਰ ਧਿਆਨ ਹੋ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ! ਪ੍ਰਦੇਸ ਦਾ ਮਾਮਲਾ ਹੈ, ਐਸ ਵੇਲੇ ਸਹਾਇਤਾ ਕਰੋ। ਅਰਦਾਸ ਕਰ ਚੁੱਕਣ 'ਤੇ ਪਿਆਸ ਲੱਗੀ, ਆਦਮੀ ਨੂੰ ਖੂਹ ਤੋਂ ਪਾਣੀ ਲੈਣ ਲਈ ਭੇਜਿਆ, ਕੱਢਣ ਲਗਿਆਂ ਗੜਵੀ ਖੂਹ ਵਿਚ ਡਿੱਗ ਪਈ। ਗੜਵੀ ਕੱਢਣ ਲਈ ਜਦ ਆਦਮੀ ਖੂਹ ਵਿਚ ਵੜਿਆ ਤਦ ਉਹਨੂੰ ੪ ਸੰਦੂਕ ਖੂਹ ਵਿੱਚੋਂ ਮਿਲੇ ਜੋ ਬਾਹਰ ਕੱਢਣ ਤੇ ਖੋਹਲੇ ਗਏ ਜਿਸ ਵਿੱਚੋਂ ੪ ਲੱਖ ਮੋਹਰਾਂ ਨਿਕਲੀਆਂ, ਉਹਦੀ ਮੂੰਹ ਮੰਗੀ ਮੁਰਾਦ ਮਿਲੀ, ਅਚਨਚੇਤ ਇੰਨਾ ਧਨ ਹੱਥ ਆ ਜਾਣ ਤੋਂ ਸਰਦਾਰ ਜੱਸਾ ਸਿੰਘ ਬੜਾ ਖੁਸ਼ ਹੋਇਆ। ਓਹਨੇ ਅਕਾਲ ਪੁਰਖ ਦਾ ਧੰਨਵਾਦ ਕਰਕੇ ਸਾਰੀਆਂ ਮੋਹਰਾਂ ਫ਼ੌਜ ਵਿਚ ਵੰਡ ਦਿੱਤੀਆਂ"[੧੨] ਗੁਰੂ ਆਸ਼ੇ ਅਨੁਸਾਰੀ ਹੋ ਕੇ ਚੱਲਣ ਦੇ ਉਸ ਦੇ ਗੁਣ ਨੇ ਉਸ ਅੰਦਰ ਧਰਮ-ਯੁੱਧ ਕਰਨ ਦਾ ਚਾਅ ਪੈਦਾ ਕੀਤਾ ਸੀ ਜਿਸ ਨਾਲ ਪੰਜਾਬ ਦੇ ਲੋਕ ਅਫ਼ਗਾਨਾਂ ਦੀ ਬਜਾਏ ਅਜਿਹੇ ਜਰਨੈਲਾਂ ਦੀ ਅਧੀਨਗੀ ਅਤੇ ਸੁਰੱਖਿਆ ਅਧੀਨ ਰਹਿਣਾ ਪਸੰਦ ਕਰਨ ਲੱਗ ਪਏ ਸਨ। ਇਹ ਗੱਲ ਜਗਤ ਪ੍ਰਸਿੱਧ ਹੈ ਕਿ ਸਥਾਨਕ ਸਹਾਇਤਾ ਤੋਂ ਬਗ਼ੈਰ ਕੋਈ ਜਰਨੈਲ ਜਾਂ ਹਮਲਾਵਰ ਕਿਸੇ ਇਲਾਕੇ 'ਤੇ ਬਹੁਤੀ ਦੇਰ ਤਕ ਕਾਬਜ਼ ਨਹੀਂ ਰਹਿ ਸਕਦਾ। ਸਰਦਾਰ ਜੱਸਾ ਸਿੰਘ ਜਿਹੇ ਸਿੱਖ ਸਰਦਾਰਾਂ ਵਿਚ ਲੋਕ ਕਲਿਆਣਤਾ ਦੇ ਗੁਣਾਂ ਨੇ ਹੀ ਉਨ੍ਹਾਂ ਨੂੰ ਬਰੇਤੇ, ਪਹਾੜਾਂ ਦੀਆਂ ਲੁਕਣਗਾਹਾਂ ਅਤੇ ਜੰਗਲਾਂ ਵਿੱਚੋਂ ਕੱਢ ਕੇ ਪੰਜਾਬ ਦੇ

ਹਾਕਮ ਬਣਾਇਆ ਸੀ।

ਸਰਦਾਰ ਜੱਸਾ ਸਿੰਘ ਇਕ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਸ਼ਖ਼ਸ ਸੀ। ਉਸ ਨੇ ਜੀਵਨ ਵਿਚ ਬਹੁਤ ਸਾਰੇ ਉਤਰਾਅ-ਚੜ੍ਹਾਅ ਦੇਖੇ ਸਨ ਪਰ ਹਰ ਵੇਲੇ ਅਕਾਲ ਪੁਰਖ ਦੀ ਰਜ਼ਾ ਅਤੇ ਚੜ੍ਹਦੀ ਕਲਾ ਵਿਚ ਰਹਿਣਾ ਉਸ ਦਾ ਵਿਸ਼ੇਸ਼ ਗੁਣ ਸੀ ਜਿਸ ਨੇ ਉਸ ਨੂੰ ਔਖੇ ਤੋਂ ਔਖੇ ਸਮੇਂ ਵਿਚ ਵੀ ਡੋਲਣ ਨਹੀਂ ਦਿੱਤਾ ਸੀ। ਭਾਵੇਂ ਕਿ ਉਸ ਨੇ ਪੰਜਾਬ ਵਿਚ ਇਕ ਵੱਡੇ ਇਲਾਕੇ ’ਤੇ ਕਬਜ਼ਾ ਕਰ ਲਿਆ ਸੀ ਪਰ ਉਸ ਦਾ ਜਿੱਤੇ ਹੋਏ ਇਲਾਕਿਆਂ ’ਤੇ ਅਧਿਕਾਰ ਬਹੁਤ ਲੰਮਾ ਸਮਾਂ ਕਾਇਮ ਨਾ ਰਹਿ ਸਕਿਆ। ਉਸ ਨੇ ਬਾਹਰੀ ਹਮਲਾਵਰਾਂ ਤੋਂ ਜਿੱਤ ਕੇ ਜਿਨ੍ਹਾਂ ਇਲਾਕਿਆਂ ’ਤੇ ਕਬਜ਼ਾ ਕੀਤਾ ਸੀ ਉਨ੍ਹਾਂ ਨੂੰ ਉਸ ਦੇ ਆਪਣੇ ਹੀ ਮਿਸਲਦਾਰ ਭਰਾਵਾਂ ਨੇ ਖੋਹ ਲਿਆ ਸੀ। ਜਿਨ੍ਹਾਂ ਭਰਾਵਾਂ ਨਾਲ ਮਿਲ ਕੇ ਉਸ ਨੇ ਦੁਰਾਨੀਆਂ ਨੂੰ ਭਜਾਇਆ ਸੀ ਉਨ੍ਹਾਂ ਦੁਆਰਾ ਹੀ ਉਸ ਦੇ ਇਲਾਕਿਆਂ ’ਤੇ ਕਾਬਜ਼ ਹੋ ਜਾਣ ਨਾਲ ਉਸ ਦੇ ਮਨ ਵਿਚ ਰੋਸ ਅਤੇ ਗੁੱਸਾ ਤਾਂ ਸੀ ਪਰ ਉਹ ਕਦੇ ਵੀ ਨਿਰਾਸ਼ ਨਹੀਂ ਸੀ ਹੋਇਆ। ਉਸ ਨੂੰ ਆਪਣਾ ਇਲਾਕਾ ਛੱਡ ਕੇ ਪੰਜਾਬ ਦੇ ਦੂਜੇ ਇਲਾਕਿਆਂ, ਯੂ.ਪੀ. ਅਤੇ ਰਾਜਸਥਾਨ ਦੇ ਇਲਾਕਿਆਂ ਵਿਚ ਜਾਣ ਲਈ ਮਜਬੂਰ ਹੋਣਾ ਪਿਆ ਸੀ। ਉਸ ਦੇ ਜੋਸ਼ ਅਤੇ ਉਤਸ਼ਾਹ ਵਿਚ ਕਦੇ ਕਮੀ ਨਹੀਂ ਸੀ ਆਈ। ਉਸ ਨੇ ਹਾਂਸੀ, ਹਿਸਾਰ, ਮਥੁਰਾ, ਮੇਰਠ ਅਤੇ ਰਾਜਸਥਾਨ ਦੇ ਕਈ ਇਲਾਕਿਆਂ ਦੇ ਹਾਕਮਾਂ ਤੋਂ ਈਨ ਮਨਵਾ ਕੇ ਉਨ੍ਹਾਂ ਤੋਂ ਨਜ਼ਰਾਨੇ ਵਸੂਲ ਕੀਤੇ ਸਨ। ਉਸ ਦੇ ਇਲਾਕੇ ਖੁੱਸ ਜਾਣ ਤੋਂ ਬਾਅਦ ਵੀ ਉਸ ਦੇ ਮਾਣ-ਸਤਿਕਾਰ ਅਤੇ ਉਸ ਦੀ ਸ਼ਖ਼ਸੀਅਤ ਵਿਚ ਕੋਈ ਕਮੀ ਨਹੀਂ ਸੀ ਆਈ। ਉਸ ਦੀ ਦਲੇਰੀ ਅਤੇ ਬਹਾਦਰੀ ਨੂੰ ਅਫ਼ਗ਼ਾਨ ਵੀ ਮੰਨਦੇ ਸਨ। ਜ਼ਿੰਦਗੀ ਦੇ ਹਰ ਮੋੜ ਤੇ ਉਹ ਅਕਾਲ ਪੁਰਖ ਨੂੰ ਅੰਗ-ਸੰਗ ਜਾਣ ਕੇ ਉਸ ਦੀ ਰਜ਼ਾ ਵਿਚ ਰਹਿਣ ਦਾ ਯਤਨ ਕਰਦਾ ਅਤੇ ਅਗਲੇ ਮਿੱਥੇ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਲਗਾਤਾਰ ਯਤਨਸ਼ੀਲ ਰਹਿੰਦਾ ਸੀ। ਉਸ ਦੇ ਇਸ ਆਸ਼ਾਵਾਦੀ ਨਜ਼ਰੀਏ ਨੇ ਉਸ ਅੰਦਰ ਬੇਹੱਦ ਸੂਰਮਤਾ ਪੈਦਾ ਕਰਨ ਵਿਚ ਯੋਗਦਾਨ ਪਾਇਆ ਸੀ, ਉਸ ਨੂੰ ਕਿਸੇ ਮੋੜ ਤੇ ਡੋਲਣ ਨਹੀਂ ਸੀ ਦਿੱਤਾ ਅਤੇ ਉਸ ਦੇ ਇਸ ਗੁਣ ਦੀ ਕਦਰ ਕਰਕੇ ਹੀ ਉਸ ਨੂੰ ਵੱਖ-ਵੱਖ ਮਿਸਲਦਾਰ ਆਪਣੀ ਸਹਾਇਤਾ ਲਈ ਬੁਲਾਉਂਦੇ ਰਹਿੰਦੇ ਸਨ।

ਸਰਦਾਰ ਜੱਸਾ ਸਿੰਘ ਜਿਹਾ ਗੁਣੀ ਜਰਨੈਲ ਆਪਣੇ ਸਮੇਂ ਦੀਆਂ ਔਖੀਆਂ ਘਾਟੀਆਂ ਚੜ੍ਹਦਾ-ਉਤਰਦਾ ੮੦ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਿਆ ਸੀ। ਉਸ ਦਾ ਸਮੁੱਚਾ ਜੀਵਨ ਸੱਚਾ-ਸੁੱਚਾ ਅਤੇ ਗੁਰੂ ਆਸ਼ੇ ਦੇ ਅਨੁਸਾਰੀ ਸੀ। ਉਸ ਦੀ ਕਾਬਲੀਅਤ, ਬਹਾਦਰੀ ਅਤੇ ਦਾਨਾਈ ਦੀਆਂ ਮਿਸਾਲਾਂ ਅੱਜ ਵੀ ਪੇਸ਼ ਕੀਤੀਆਂ ਜਾਂਦੀਆਂ ਹਨ।

**ਹਵਾਲੇ :**

੧. The Bunga for some reason or others was only half finished and the towers were not yet domed, because it was the intention of

the Sirdars to raise them higher. But Ranjit Singh at once ordered that the towers be raised no higher and all the materials and many pillars and pieces of stone and marble very beatifully engraved he sent to Ram Bag (now called Company gardens) which he was preparing as a pleasure ground. There was such a large stock of building materials that after using all that was required for the garden the remainder were stocked and employed afterwards in the preparation of the last bed for the Lion of the Punjab in the Guru Garden where free from the anxieties of the world he sleeps calmly and quietly. Sirdar Sundar Singh Ramgarhia, The annals of Ramgarhia Sirdars (1902), p. 35. ਕਰਨਲ ਇਕਬਾਲ ਸਿੰਘ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਵੰਸ਼ਜ਼ ਹਨ ਜਿਨ੍ਹਾਂ ਨੇ ਇਸ ਬੁੰਗੇ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੇ ਹੋਏ ਦੱਸਿਆ ਕਿ ਭਾਵੇਂ ਇਹ ਬੁੰਗਾ ਉਹਨਾਂ ਦੇ ਬਜ਼ੁਰਗ ਸਰਦਾਰ ਜੱਸਾ ਸਿੰਘ ਨੇ ਤਿਆਰ ਕਰਵਾਇਆ ਸੀ ਅਤੇ ਇਹ ਪੰਥ ਦੀ ਮਲਕੀਅਤ ਸੀ ਪਰ ੧੯੧੬ ਈ. ਵਿਚ ਸਰਦਾਰ ਜੋਧ ਸਿੰਘ ਰਾਮਗੜ੍ਹੀਆ ਦੇ ਅਕਾਲ ਚਲਾਣੇ ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਸੀ। ਇਨ੍ਹਾਂ ਦੇ ਇਕ ਪੂਰਵਜ਼ ਸਰਦਾਰ ਮੰਗਲ ਸਿੰਘ ਨੇ ਪਿਸ਼ਾਵਰ ਨੇੜੇ ਜਮਰੌਦ ਵਿਖੇ ਹੋਏ ਯੁੱਧ ਉਪਰੰਤ ਦਿਖਾਈ ਬਹਾਦਰੀ ਦੌਰਾਨ ਇਨਾਮ ਵੱਜੋਂ ਮਹਾਰਾਜਾ ਰਣਜੀਤ ਸਿੰਘ ਤੋਂ ਇਸਨੂੰ ਵਾਪਸ ਪ੍ਰਾਪਤ ਕੀਤਾ ਸੀ। ਉਸ ਸਮੇਂ ਤੋਂ ਹੀ ਇਹ ਬੁੰਗਾ ਉਹਨਾਂ ਦੇ ਪਰਵਾਰ ਦੀ ਮਲਕੀਅਤ ਬਣ ਗਿਆ ਸੀ ਅਤੇ ਇਸ ਨੂੰ 'ਬੁੰਗਾ ਸਰਦਾਰ ਮੰਗਲ ਸਿੰਘ' ਕਿਹਾ ਜਾਂਦਾ ਸੀ। ਕਰਨਲ ਇਕਬਾਲ ਸਿੰਘ ਆਪ ਵੀ ਉਸੇ ਬੁੰਗੇ ਵਿਚ ਰਹਿੰਦੇ ਰਹੇ ਹਨ ਅਤੇ ੧੯੭੨ ਈ. ਵਿਚ ਇਹਨਾਂ ਦੇ ਪਰਿਵਾਰ ਨੇ ਇਹ ਬੁੰਗਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਸੀ। ਰਾਮਗੜ੍ਹੀਆ ਸਰਦਾਰਾਂ ਅਤੇ ਬੁੰਗੇ ਸੰਬੰਧੀ ਇਹਨਾਂ ਨੇ The Quest for the Past ਸਿਰਲੇਖ ਅਧੀਨ ਇਕ ਪੁਸਤਕ ਲਿਖੀ ਹੈ ਜਿਸ ਵਿਚੋਂ ਸਰਦਾਰਾ ਜੱਸਾ ਸਿੰਘ ਰਾਮਗੜ੍ਹੀਆ ਤੋਂ ਲੈ ਕੇ ਸਮੂਹ ਰਾਮਗੜੀਆ ਸਰਦਾਰਾਂ ਅਤੇ ਬੁੰਗੇ ਦੀ ਵੀਹਵੀਂ ਸਦੀ ਤਕ ਦੀ ਸਥਿਤੀ ਬਾਰੇ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

੨. Ian J. Kerr, Harimandar, in *The Encyclopaedia of Sikhism*, vol. II, ed. by Harbans Singh, p. 241

੩. ਪ੍ਰਿਥੀਪਾਲ ਸਿੰਘ ਕਪੂਰ, *ਸਰਦਾਰ ਜੱਸਾ ਸਿੰਘ ਰਾਮਗੜ੍ਹੀਆ*, ਪੰਨਾ ੪੦.

੪. ਨੀਤੀਵਾਨਾਂ ਵੱਲੋਂ ਕਿਸੇ ਵੀ ਪ੍ਰਾਪਤੀ ਲਈ ਚਾਰ ਪ੍ਰਮੁੱਖ ਸਾਧਨ ਮੰਨੇ ਗਏ ਹਨ: ਸਾਮ - ਮਿੱਠੇ ਬੋਲਾਂ ਨਾਲ ਕ੍ਰੋਧ ਸ਼ਾਂਤ ਕਰਨਾ; ਦਾਮ - ਧਨ ਦੇ ਕੇ ਪ੍ਰਸੰਨ ਕਰਨਾ; ਦੰਡ - ਸ਼ਸਤਰ

ਅਤੇ ਬਲ ਨਾਲ ਸਜ਼ਾ ਦੇਣੀ; ਭੇਦ - ਫੋਕਟ ਪਾ ਕੇ ਕਾਰਜ ਸਿੱਧ ਕਰਨਾ। ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ ੭੧੭.

੫. ਸੋਹਣ ਸਿੰਘ ਸੀਤਲ, *ਸਿੱਖ ਮਿਸਲਾਂ ਤੇ ਸਰਦਾਰ ਘਰਾਣੇ,* ਪੰਨਾ ੫੯.

੬. Hari Ram Gupta, *History of the Sikhs,* vol. iv, p. 481.

੭. ਗੁਰਨਾਮ ਸਿੰਘ ਰਾਏ, *ਜੱਸਾ ਸਿੰਘ ਰਾਮਗੜ੍ਹੀਆ,* ਪੰਨਾ ੧੨੯.

੮. ਪ੍ਰਿਥੀਪਾਲ ਸਿੰਘ ਕਪੂਰ, *ਸਰਦਾਰ ਜੱਸਾ ਸਿੰਘ ਰਾਮਗੜ੍ਹੀਆ,* ਪੰਨਾ ੭੩.

੯. Syad Muhammad Latif, *History of the Panjab* (1891), p. 308.

੧੦. ਸੂਰਜ ਸਿੰਘ ਦਰਬਾਰਾ ਸਿੰਘ, *ਇਤਿਹਾਸ ਰਾਮਗੜ੍ਹੀਆ,* ਪੰਨੇ ੪੨੪-੨੫.

੧੧. Syad Muhammad Latif, History of the Panjab (1891), p. 308; One day a Brahman complained to Sirdar Jassa Singh Ramgarhia that the Governor of Hissar had carried off his two daughters by force. He at once marched against the place, which he took and sacked. He s lew the Nawab with his own hands and restored the girls to their father. Fearing lest the local Brahmans in their blind bigotry might outcaste the girls the Sirdar collected all the Brahmans of the district and obliged them to take food from the hands of the girls. Sundar Singh Ramgarhia, The annals of Ramgarhia Sirdars (1902), P. 8.

੧੨. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ,* ਭਾਗ ਦੂਜਾ, ਪੰਨਾ ੨੩੭.

■

## ਬਾਬਾ ਬਕਾਲਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਮੈਨੇਜਰ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ, ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਉਕਤ ਗੁਰਦੁਆਰਾ ਸਾਹਿਬ ਵਿਖੇ ੮ ਨਵੰਬਰ, ੨੦੨੨ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ੭੦ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਸਿੱਖੀ ਸਿਦਕ ਦਾ ਮੁਜੱਸਮਾ : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

*-ਸ. ਉਜਾਗਰ ਸਿੰਘ**

ਸਿੱਖ ਧਰਮ ਦੀ ਵਿਰਾਸਤ ਅਮੀਰ ਹੈ। ਇਸ ਵਿਰਾਸਤ ਨੂੰ ਅਮੀਰ ਕਰਨ ਵਿਚ ਸਾਡੇ ਧਰਮ ਦੇ ਪੈਰੋਕਾਰਾਂ ਦਾ ਵੱਡਾ ਯੋਗਦਾਨ ਹੈ। ਉਨ੍ਹਾਂ ਪੈਰੋਕਾਰਾਂ ਦੀ ਸੂਚੀ ਲੰਮੀ ਹੈ, ਜਿਨ੍ਹਾਂ ਨੇ ਸਿੱਖ ਧਰਮ ਨੂੰ ਪ੍ਰਫੁਲਿਤ ਕਰਨ ਵਿਚ ਬੇਹਤਰੀਨ ਯੋਗਦਾਨ ਪਾਇਆ ਹੈ। ਸਿੱਖੀ ਦੇ ਬੂਟੇ ਨੂੰ ਆਪਣੇ ਖ਼ੂਨ ਨਾਲ ਸਿੰਜਿਆ ਹੈ। ਉਨ੍ਹਾਂ ਵਿੱਚੋਂ ਕੁਝ ਅਜਿਹੇ ਗੁਰਮਤਿ ਦੇ ਧਾਰਨੀ ਮਹਾਨ ਯੋਧੇ ਹਨ, ਜਿਨ੍ਹਾਂ ਦਾ ਯੋਗਦਾਨ ਵਿਲੱਖਣ ਹੈ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਉਨ੍ਹਾਂ ਵਿੱਚੋਂ ਇਕ ਅਜਿਹਾ ਬੁੱਧੀਮਾਨ ਪੈਰੋਕਾਰ ਹੋਇਆ ਹੈ, ਜਿਸ ਦੀ ਕਾਬਲੀਅਤ ਦਾ ਸਿੱਕਾ ਵਿਰੋਧੀ ਵੀ ਮੰਨਦੇ ਰਹੇ ਹਨ। ਉਹ ਆਪਣੀ ਕੌਮ ਦੀ ਚੜ੍ਹਦੀ ਕਲਾ ਲਈ ਸਾਰੀ ਉਮਰ ਜੂਝਦਾ ਰਿਹਾ ਤਾਂ ਜੋ ਸਿੱਖੀ ਸਿਦਕ ਬਰਕਰਾਰ ਰਹਿ ਸਕੇ। ਉਹ ਨੌਜਵਾਨ ਸਿੱਖ ਪੀੜ੍ਹੀ ਲਈ ਹਮੇਸ਼ਾ ਪ੍ਰੇਰਨਾ-ਸ੍ਰੋਤ ਅਤੇ ਮਾਰਗ-ਦਰਸ਼ਕ ਰਹੇਗਾ। ਸਿੱਖ ਇਤਿਹਾਸ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਨਾਮ ਸੁਨਹਿਰੇ ਅੱਖਰਾਂ ਵਿਚ ਲਿਖਿਆ ਜਾਵੇਗਾ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, 'ਰਾਮਗੜ੍ਹੀਆ ਮਿਸਲ' ਦੇ ਮੋਢੀ ਸਨ। ਉਹ ਸਿੱਖੀ ਸੋਚ ਨੂੰ ਪ੍ਰਣਾਏ ਹੋਏ ਸਨ। ਉਨ੍ਹਾਂ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਨੂੰ ਸਿਰਜਣ ਵਿਚ ਵਿਲੱਖਣ ਯੋਗਦਾਨ ਪਾਇਆ ਹੈ। ਉਹ ਮਹਾਨ ਜਰਨੈਲ, ਨਿਡਰ ਯੋਧੇ ਅਤੇ ਸੁਲਝੇ ਹੋਏ ਸਮਰੱਥ ਨੀਤੀਵਾਨ ਵਿਅਕਤੀ ਸਨ। ਉਹ ਜਿੱਥੇ ਧਾਰਮਿਕ ਤੌਰ 'ਤੇ ਗੁਰਮਤਿ ਦੀ ਵਿਚਾਰਧਾਰਾ ਨੂੰ ਪ੍ਰਫੁਲਿਤ ਕਰਨ ਵਿਚ ਕਾਰਜਸ਼ੀਲ ਸਨ, ਉੱਥੇ ਹੀ ਯੁੱਧ ਨੀਤੀ ਦੇ ਮਾਹਿਰ ਸਨ। ਉਨ੍ਹਾਂ ਬਚਪਨ ਵਿਚ ਹੀ ਯੁੱਧ ਦੀ ਨੀਤੀ ਦੇ ਗੁਣ ਗ੍ਰਹਿਣ ਕਰ ਲਏ ਸਨ। ਉਨ੍ਹਾਂ ਦੇ ਪਿਤਾ ਭਗਵਾਨ ਸਿੰਘ ਵੀ ਸਿਰਲੱਥ ਯੋਧੇ ਅਤੇ ਜੰਗੀ ਨੀਤੀਵਾਨ ਸਨ, ਜਿਨ੍ਹਾਂ ਆਪਣੇ ਸਪੁੱਤਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਸਿੱਖ ਧਰਮ ਦੀ ਮਾਣ-ਮਰਯਾਦਾ ਕਾਇਮ ਰੱਖਣ ਅਤੇ ਸਿੱਖ ਸਿਧਾਂਤਾਂ 'ਤੇ ਪਹਿਰਾ ਦੇਣ ਦੀ ਗੁੜ੍ਹਤੀ ਦਿੱਤੀ ਸੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੇ ਪਿਤਾ ਦੇ ਪਦ-ਚਿੰਨ੍ਹਾਂ 'ਤੇ ਚਲਦਿਆਂ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਜਦੋ-ਜਹਿਦ ਕਰਦਿਆਂ ਹਰ ਖੇਤਰ ਵਿਚ ਸਫਲਤਾ ਪ੍ਰਾਪਤ ਕੀਤੀ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਜੰਗੀ ਜੀਵਨ ਲਗਭਗ ੧੫ ਸਾਲ ਦੀ ਉਮਰ ਵਿਚ ਹੀ ਨਾਦਰ ਸ਼ਾਹ ਵਿਰੁੱਧ ਪਹਿਲੀ ਲੜਾਈ ਲੜਦਿਆਂ ਸ਼ੁਰੂ ਹੋ ਗਿਆ

**ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ। #੩੦੨੮ ਫੇਜ਼-੨, ਅਰਬਨ ਅਸਟੇਟ, ਪਟਿਆਲਾ—੧੪੭੦੦੨ ਮੋ. ੯੪੧੭੮੧੩੦੨੨*

ਸੀ। ਇਸ ਲੜਾਈ ਦੇ ਤਜ਼ਰਬੇ ਜ਼ਿੰਦਗੀ ਭਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਕੰਮ ਆਏ। ਅਦੀਨਾ ਬੇਗ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਪ੍ਰਤਿਭਾ ਦੀ ਪਛਾਣ ਕਰ ਲਈ ਸੀ ਪ੍ਰੰਤੂ ਅਣਖੀ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਉਸ ਦਾ ਸਾਥ ਛੱਡ ਦਿੱਤਾ ਅਤੇ ਆਜ਼ਾਦ ਤੌਰ 'ਤੇ ਸਿੱਖੀ ਦੀ ਆਨ ਅਤੇ ਸ਼ਾਨ ਨੂੰ ਬਰਕਰਾਰ ਰੱਖਣ ਲਈ ਜਦੋ-ਜਹਿਦ ਸ਼ੁਰੂ ਕਰ ਦਿੱਤੀ। ਉਹ ਸੁਜੱਗਤਾ ਅਤੇ ਸੂਰਮਗਤੀ ਦੇ ਮੁਜੱਸਮਾ ਸਨ। ਉਨ੍ਹਾਂ ਦੀ ਦੂਰ-ਅੰਦੇਸ਼ੀ ਸੀ ਕਿ ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਰਾਮਗੜ੍ਹ ਕਿਲ੍ਹਾ ਅਤੇ ਰਾਮਗੜ੍ਹੀਆ ਬੁੰਗੇ ਦੀ ਉਸਾਰੀ ਕਰਵਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। 'ਰਾਮਗੜ੍ਹ' ਕਿਲ੍ਹੇ ਦੀ ਉਸਾਰੀ ਤੋਂ ਪਹਿਲਾਂ ਜੱਸਾ ਸਿੰਘ ਈਚੋਗਿੱਲੀਆ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਰਾਮਗੜ੍ਹ (ਰਾਮ ਰੌਣੀ) ਦਾ ਕਿਲ੍ਹਾ ਉਸਾਰਨ ਤੋਂ ਬਾਅਦ ਰਾਮਗੜ੍ਹੀਆ ਸ਼ਬਦ ਉਨ੍ਹਾਂ ਦੇ ਨਾਮ ਨਾਲ ਜੁੜਿਆ ਸੀ। ਸਿੱਖ ਇਤਿਹਾਸ ਵਿਚ ਅਣਖ਼ੀ ਸੂਰਬੀਰ ਯੋਧਿਆਂ ਦੀ ਸੂਚੀ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਨਾਮ ਪਹਿਲੀ ਕਤਾਰ ਵਿਚ ਆਉਂਦਾ ਹੈ। ਸਿੱਖ ਰਾਜ ਦੀ ਨੀਂਹ ਦਾ ਸਿਹਰਾ ਉਸ ਦੀਆਂ ਰਣਨੀਤਕ ਨੀਤੀਆਂ ਨੂੰ ਜਾਂਦਾ ਹੈ। ਉਨ੍ਹਾਂ ਸਿੱਖ ਮਿਸਲਾਂ ਦੀ ਏਕਤਾ ਬਣਾਉਣ ਵਿਚ ਵੀ ਮੋਹਰੀ ਦਾ ਕੰਮ ਕੀਤਾ। ਸਾਂਝੇ ਦੁਸ਼ਮਣ ਦੇ ਵਿਰੁੱਧ ਲੜਨ ਲਈ ਦੋਵੇਂ ਸਰਦਾਰ ਜੱਸਾ ਸਿੰਘ (ਰਾਮਗੜ੍ਹੀਆ ਤੇ ਆਹਲੂਵਾਲੀਆ) ਇਕੱਠੇ ਹੁੰਦੇ ਰਹੇ ਹਨ। ਵੱਡੇ ਘੱਲੂਘਾਰੇ ੧੭੬੨ ਈ. ਵੇਲੇ ਜੱਸਾ ਸਿੰਘ ਆਹਲੂਵਾਲੀਆ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਸਨ ਤਾਂ ਜੱਸਾ ਸਿੰਘ ਰਾਮਗੜ੍ਹੀਆ ਨੇ ਉਸ ਨੂੰ ਸੁਰੱਖਿਅਤ ਥਾਂ 'ਤੇ ਪਹੁੰਚਾ ਕੇ ਲੜਾਈ ਦਾ ਮੋਰਚਾ ਖੁਦ ਸੰਭਾਲ ਲਿਆ ਸੀ। ਇਨਸਾਨੀਅਤ ਦੀ ਇਸ ਤੋਂ ਵੱਡੀ ਉਦਾਹਰਨ ਹੋਰ ਕੀ ਹੋ ਸਕਦੀ ਹੈ? ਏਸੇ ਤਰ੍ਹਾਂ ਜਦੋਂ ਉਨ੍ਹਾਂ ਦੇ ਭਰਾ ਮਾਲੀ ਸਿੰਘ ਰਾਮਗੜ੍ਹੀਆ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਕੈਦ ਕਰ ਲਿਆ ਸੀ ਤਾਂ ਉਸ ਵੇਲੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਉਸ ਨੂੰ ਬਣਦਾ ਮਾਣ-ਸਤਿਕਾਰ ਦੇਂਦਿਆਂ ਆਪਣੀ ਨਿਗਰਾਨੀ ਹੇਠ ਇਲਾਜ ਕਰਵਾਇਆ ਅਤੇ ਤੰਦਰੁਸਤ ਹੋਣ ਉਪਰੰਤ ਉਸ ਦੇ ਟਿਕਾਣੇ 'ਤੇ ਪਹੁੰਚਾਇਆ ਸੀ। ਰਾਜਨੀਤਿਕ ਵਿਰੋਧਤਾ ਦੇ ਬਾਵਜੂਦ ਅਜਿਹੀ ਮਾਣ ਮਰਯਾਦਾ ਦੇਣੀ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਸਿਆਣਪ ਅਤੇ ਕੂਟਨੀਤਕ ਸੋਚ ਦਾ ਹਾਸਲ ਸੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਪਹਾੜੀ ਰਾਜਿਆਂ ਨੂੰ ਜਿੱਤਣ ਦੀ ਮੁਹਿੰਮ ਵਿੱਢੀ ਸੀ ਅਤੇ ਕਾਂਗੜੇ ਦੇ ਕਿਲ੍ਹੇ 'ਤੇ ਕਾਬਜ਼ ਰਹੇ ਸਨ। ਲਾਹੌਰ 'ਤੇ ਕਬਜ਼ਾ ਕਰਨ ਵੇਲੇ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਮਦਦ ਲਈ ਸੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਮਿਕਨਾਤੀਸੀ (ਚੁੰਬਕੀ) ਵਿਅਕਤਿਤਵ ਹੋਣ ਕਰਕੇ ਉਨ੍ਹਾਂ ਨਾਲ ਹਰ ਕੋਈ ਰਲ ਕੇ ਤੁਰਨ ਲਈ ਤਿਆਰ ਰਹਿੰਦਾ ਸੀ। ਉਨ੍ਹਾਂ

ਪਹਾੜੀ ਰਿਆਸਤਾਂ ਵਿਚ ਸਿੱਖ ਰਾਜ ਦੀ ਨੀਂਹ ਰੱਖੀ ਸੀ। ਪਹਾੜੀ ਰਿਆਸਤਾਂ ਰਿਆੜਕੀ ਅਤੇ ਦੁਆਬੇ ਦੀ ਜਿੱਤ ਨਾਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਚੜ੍ਹਤ ਹੋ ਗਈ। ਉਨ੍ਹਾਂ ਨੇ ਪਾਣੀਪਤ ਅਤੇ ਮੇਰਠ ਸ਼ਹਿਰਾਂ ਤਕ ਮੱਲਾਂ ਮਾਰੀਆਂ। ਉਨ੍ਹਾਂ ਦੀ ਬਹਾਦਰੀ ਅਤੇ ਵਚਨਬੱਧਤਾ ਦੀ ਪ੍ਰਸੰਸਾ ਦੁਸ਼ਮਣ ਵੀ ਕਰਦੇ ਸਨ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਫ਼ੌਜੀ ਦ੍ਰਿਸ਼ਟੀਕੋਣ ਨੂੰ ਮੁੱਖ ਰਖਦਿਆਂ ਵਿਸ਼ੇਸ਼ ਥਾਵਾਂ 'ਤੇ ਕਿਲ੍ਹਿਆਂ ਦੀ ਉਸਾਰੀ ਕਰਵਾਈ। ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਸਮੇਂ ਹਜ਼ਾਰਾਂ ਹਿੰਦੂ ਇਸਤਰੀਆਂ ਨੂੰ ਅਹਿਮਦ ਸ਼ਾਹ ਅਬਦਾਲੀ ਤੋਂ ਛੁਡਾ ਕੇ ਵਾਪਸ ਲਿਆ ਕੇ ਉਨ੍ਹਾਂ ਦੇ ਵਾਰਸਾਂ ਦੇ ਹਵਾਲੇ ਕੀਤਾ ਸੀ।ਉਹ ਉੱਚੇ-ਸੁੱਚੇ ਕਿਰਦਾਰ ਵਾਲੇ ਇਨਸਾਨ ਸਨ। ਉਹ ਰਾਜਨੀਤਕ ਤੌਰ 'ਤੇ ਵੀ ਚੇਤੰਨ, ਚਿੰਤਨਸ਼ੀਲ ਅਤੇ ਪ੍ਰਬੰਧਕੀ ਕਲਾ ਦੇ ਮਾਹਿਰ ਸਨ, ਜਿਸ ਕਰਕੇ ਉਨ੍ਹਾਂ ੧੭੮੩ ਈ. ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਬਘੇਲ ਸਿੰਘ ਨਾਲ ਮਿਲ ਕੇ ਦਿੱਲੀ 'ਤੇ ਕਬਜ਼ਾ ਕੀਤਾ ਸੀ। ਲਾਲ ਕਿਲ੍ਹੇ 'ਤੇ ਖਾਲਸਈ ਨਿਸ਼ਾਨ ਲਹਿਰਾਉਣ ਤੋਂ ਬਾਅਦ ਕਿਲ੍ਹੇ ਵਿੱਚੋਂ ਮੁਗ਼ਲਾਂ ਦੀ ਤਾਜਪੋਸ਼ੀ ਵਾਲੀ ਸਿਲ ਚੁੱਕ ਕੇ ਅੰਮ੍ਰਿਤਸਰ ਲੈ ਆਂਦੀ, ਜੋ ਰਾਮਗੜ੍ਹੀਆ ਬੁੰਗੇ ਵਿਚ ਰੱਖੀ ਹੈ। ਇਹ ਸਿਲ ਮੁਗ਼ਲਾਂ 'ਤੇ ਖਾਲਸੇ ਦੀ ਜਿੱਤ ਦਾ ਪ੍ਰਤੀਕ ਹੈ, ਜੋ ਨੌਜਵਾਨ ਪਨੀਰੀ ਨੂੰ ਆਪਣੀ ਅਮੀਰ ਵਿਰਾਸਤ ਬਾਰੇ ਜਾਣਕਾਰੀ ਦਿੰਦਾ ਹੈ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਸਿੱਖ ਰਾਜ ਦੀ ਸਥਾਪਨਾ ਦਾ ਮੁੱਢ ਬੰਨ੍ਹਿਆ ਸੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਸਿੱਖ ਪੰਥ ਦੀ ਹਰ ਮੁਹਿੰਮ ਵਿਚ ਮੋਹਰੀ ਦੀ ਭੂਮਿਕਾ ਨਿਭਾਈ ਸੀ। ਉਹ ਜੰਗਜੂ ਸੀ, ਇਸ ਕਰਕੇ ਉਨ੍ਹਾਂ ਵੱਲੋਂ ਬਣਾਏ ਗਏ ਕੁਝ ਮਹੱਤਵਪੂਰਨ ਕਿਲ੍ਹੇ ਇਸ ਪ੍ਰਕਾਰ ਹਨ: ਕਿਲ੍ਹਾ ਰਾਮਗੜ੍ਹ, ਬੁੰਗਾ ਰਾਮਗੜ੍ਹੀਆ, ਕਟੜਾ ਰਾਮਗੜ੍ਹੀਆ, ਕਿਲ੍ਹਾ ਮਿਆਣੀ, ਬਟਾਲਾ ਦੀ ਫਸੀਲ, ਸਿੰਘਪੁਰਾ ਬਰਨਾਲਾ, ਕਿਲ੍ਹਾ ਦਰਸ਼ਨ ਸਿੰਘ, ਕਿਲ੍ਹਾ ਹਲਵਾਰਾ, ਪਿੰਡ ਮੱਤੇਵਾਲ ਦਾ ਕਿਲ੍ਹਾ, ਦਿੱਲੀ ਦੀ ਜਿੱਤ ਦੇ ਚਿੰਨ੍ਹ ਅਤੇ ਸ੍ਰੀ ਹਰਿਗੋਬਿੰਦਪੁਰ ਦੀਆਂ ਇਮਾਰਤਾਂ ਆਦਿ। ਇਸ ਤੋਂ ਇਲਾਵਾ ਉਨ੍ਹਾਂ ਕੁਝ ਗੁਰਦੁਆਰਾ ਸਾਹਿਬਾਨ ਬਣਵਾਏ ਜਿਵੇਂ: ਬਾਬਾ ਦੀਪ ਸਿੰਘ ਦੀ ਯਾਦ ਵਿਚ 'ਗੁਰਦੁਆਰਾ ਸ਼ਹੀਦ ਗੰਜ', ਰਾਮਗੜ੍ਹੀਏ ਸਰਦਾਰਾਂ ਦੀਆਂ ਸਮਾਧਾਂ, ਸ਼ਹਿਰ ਬਟਾਲਾ ਦੀ ਇਤਿਹਾਸਿਕ ਦੀਵਾਰ, ਰਾਮਗੜ੍ਹੀਆ ਬੁੰਗਾ ਤਰਨ ਤਾਰਨ, ਬਾਬਾ ਅਟੱਲ ਰਾਇ ਸਾਹਿਬ ਸ੍ਰੀ ਅੰਮ੍ਰਿਤਸਰ ਆਦਿ। ਇਨ੍ਹਾਂ ਕਿਲ੍ਹਿਆਂ ਅਤੇ ਯਾਦਗਾਰਾਂ ਨੂੰ ਉਸਾਰਨ ਲਈ ਜਿਹੋ ਜਿਹੀ ਕੁਸ਼ਲਤਾ ਦੀ ਲੋੜ ਹੁੰਦੀ ਹੈ, ਉਹ ਰਾਮਗੜ੍ਹੀਆ ਭਾਈਚਾਰੇ ਦੇ ਖ਼ੂਨ ਵਿਚ ਹੈ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਇਕ ਬਹੁਤ ਹੀ ਮਜ਼ਬੂਤ ਫ਼ੌਜ ਤਿਆਰ ਕੀਤੀ ਸੀ, ਜਿਸ ਵਿਚ ਬਹੁਗਿਣਤੀ ਘੋੜ ਸਵਾਰਾਂ ਦੀ ਸੀ। ਸਿੱਖ ਇਤਿਹਾਸ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਵਿਸ਼ੇਸ਼ ਯੋਗਦਾਨ ਰਹਿੰਦੀ ਦੁਨੀਆ ਤਕ ਯਾਦ ਰੱਖਿਆ ਜਾਵੇਗਾ। ■

# ਪੰਥ ਦਾ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

*-ਸ. ਹਰਜਿੰਦਰ ਸਿੰਘ ਮੰਡੇਰ**

ਅਠਾਰ੍ਹਵੀਂ ਸਦੀ ਦੇ ਸਿੱਖ ਯੋਧਿਆਂ ਦਾ ਇਤਿਹਾਸ ਪੜ੍ਹਦਿਆਂ ਲਿਖਦਿਆਂ ਇਹ ਅਹਿਸਾਸ ਤਾਂ ਜ਼ਰੂਰ ਹੁੰਦਾ ਹੈ ਕਿ ਉਨ੍ਹਾਂ ਦਾ ਜੀਵਨ ਬੜਾ ਉੱਚਾ-ਸੁੱਚਾ ਹੁੰਦਾ ਸੀ। ਜਿਨ੍ਹਾਂ ਨੇ ਲੱਗਭਗ ਅੱਠ-ਨੌ ਸੌ ਸਾਲ ਦੱਖਣੀ ਏਸ਼ੀਆ ਨੂੰ ਲੁੱਟਣ ਲਈ ਦਰਾ-ਏ-ਖੈਬਰ ਵੱਲੋਂ ਆਉਣ ਵਾਲੇ ਧਾੜਵੀਆਂ ਦਾ ਰਾਹ ਸਦਾ ਲਈ ਬੰਦ ਕਰ ਦਿੱਤਾ। ਇਸ ਦਾ ਸਿਹਰਾ ਅਠਾਰ੍ਹਵੀਂ ਤੇ ਉਨੀਵੀਂ ਸਦੀ ਵਿਚ ਪੰਜਾਬ ’ਤੇ ਸ਼ਾਸਨ ਕਰਨ ਵਾਲੇ ਸਿੱਖ ਸੂਰਬੀਰ ਯੋਧਿਆਂ ਦੇ ਸਿਰ ਬੱਝਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਖਾਲਸਾ ਰਾਜ ਕਾਇਮ ਕੀਤਾ ਗਿਆ। ਜਿਸ ਰਾਹੀਂ ਉਨ੍ਹਾਂ ਨੇ ਸਦੀਆਂ ਤੋਂ ਜ਼ਮੀਨਾਂ ਉੱਤੇ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ ਤੇ ਜ਼ਮੀਨਾਂ ਦੇ ਪਟੇ ਉਨ੍ਹਾਂ ਵਾਹੀਕਾਰਾਂ ਦੇ ਨਾਂ ਲਿਖ ਦਿੱਤੇ। ਸਿੱਖਾਂ ਦਾ ਇਹ ਸ਼ਾਸਨ ਤਕਰੀਬਨ ੧੭੧੬ ਈ. ਤਕ ਰਿਹਾ। ਬਾਬਾ ਬੰਦਾ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹਾਦਤ ਪਿੱਛੋਂ ਸਿੱਖ ਕੌਮ ਉਤੇ ਬਹੁਤ ਹੀ ਜੋਖਮ ਵਾਲਾ ਸਮਾਂ ਰਿਹਾ, ਇਹ ਉਹ ਸਮਾਂ ਸੀ, ਜਦੋਂ ਸਿੱਖ ਜੰਗਲਾਂ ਵਿਚ ਦਿਨ ਕੱਟਦੇ ਸਨ। ਬਹੁਤ ਹੀ ਘੱਟ ਵਿਰਲੇ ਟਾਵੇਂ ਸਿੱਖਾਂ ਦੇ ਪਰਵਾਰ ਲੁਕਵੇਂ ਢੰਗ ਨਾਲ ਪਿੰਡਾਂ ਸ਼ਹਿਰਾਂ ਵਿਚ ਨਜ਼ਰ ਆਉਂਦੇ। ਮੁਗ਼ਲ ਹਕੂਮਤਾਂ ਵੱਲੋਂ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੇ ਨਿੱਤ ਨਵੇਂ ਐਲਾਨ ਕੀਤੇ ਜਾਂਦੇ ਸਨ।

ਇਸ ਪਰਵਾਰ ਦਾ ਪਿਛੋਕੜ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸੁਰ ਸਿੰਘ ਨਾਲ ਜੁੜਿਆ ਹੋਇਆ ਦੱਸਿਆ ਜਾਂਦਾ ਹੈ। ਜ਼ਕਰੀਆ ਖਾਨ ਦੇ ਲਾਹੌਰ ਦਾ ਗਵਰਨਰ ਬਣਨ ਸਮੇਂ ਸ੍ਰੀ ਅੰਮ੍ਰਿਤਸਰ ਦੇ ਇਲਾਕੇ ਵਿਚ ਸਿੱਖਾਂ ਉੱਤੇ ਜ਼ੁਲਮ ਵਧ ਜਾਣ ’ਤੇ ਸਰਦਾਰ ਭਗਵਾਨ ਸਿੰਘ ਜੀ ਪਰਵਾਰ ਸਮੇਤ ਲਾਹੌਰ ਦੇ ਪੂਰਬ ਵੱਲ ਸਥਿਤ ਪਿੰਡ ਈਚੋਗਿੱਲ(ਇੱਛੋਗਿੱਲ) ਵਿਚ ਜਾ ਵੱਸੇ ਸਨ, ਜਿੱਥੇ ਇਨ੍ਹਾਂ ਦਿਨਾਂ ਦੇ ਅਜਿਹੇ ਕਾਲੇ ਦੌਰ ਵਿਚ ਭਾਈ ਭਗਵਾਨ ਸਿੰਘ ਦੇ ਘਰ ੫ ਮਈ#, ੧੭੨੩ ਈ. ਨੂੰ ਸਰਦਾਰ ਜੱਸਾ ਸਿੰਘ ਦਾ ਜਨਮ ਹੋਇਆ। ਇਨ੍ਹਾਂ ਦੇ ਚਾਰ ਭਰਾ— ਭਾਈ ਜੈ ਸਿੰਘ, ਭਾਈ ਖੁਸ਼ਹਾਲ ਸਿੰਘ, ਭਾਈ ਮਾਲੀ ਸਿੰਘ ਅਤੇ ਭਾਈ ਤਾਰਾ ਸਿੰਘ ਸਨ।

ਭਾਈ ਭਗਵਾਨ ਸਿੰਘ ਜੀ ਸਿੱਖੀ ਦਾ ਪ੍ਰਚਾਰ ਕਰਨ ਕਰਕੇ ਗਿਆਨੀ ਵਜੋਂ

*#ਡਾ.ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵ ਕੋਸ਼(ਭਾਗ ਪਹਿਲਾ) ਪੰਨਾ ੨੭੯*

** ਡਰਬੀ (ਯੂ. ਕੇ.) ਸੰਪਰਕ: ੦੦੪ ੪੭੪੪੩-੯੧੬੯੩੯*

ਜਾਣੇ ਜਾਂਦੇ ਸਨ। ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਫੌਜਾਂ ਵੱਲੋਂ ਮੁਗ਼ਲਾਂ ਨਾਲ ਲੜੀਆਂ ਗਈਆਂ ਕਈ ਜੰਗਾਂ ਵਿਚ ਭਾਗ ਲਿਆ ਸੀ। ਸਰਦਾਰ ਜੱਸਾ ਸਿੰਘ ਦੇ ਦਾਦਾ ਜੀ ਸਰਦਾਰ ਹਰਦਾਸ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ ਤੇ ਉਹ ਗੁਰੂ ਸਾਹਿਬ ਦੀ ਫੌਜ ਲਈ ਸ਼ਸਤਰ ਬਣਾ ਕੇ ਦਿਆ ਕਰਦੇ ਸਨ। ਇਸ ਤਰ੍ਹਾਂ ਇਹ ਪਰਵਾਰ ਗੁਰੂ-ਘਰ ਨਾਲ ਪੀੜ੍ਹੀ-ਦਰ-ਪੀੜ੍ਹੀ ਜੁੜਿਆ ਹੋਇਆ ਸੀ। ਇਸ ਤੋਂ ਇਹ ਪਤਾ ਚੱਲਦਾ ਹੈ ਕਿ ਇਸ ਪਰਵਾਰ ਦਾ ਸਿੱਖੀ ਨਾਲ ਕਿਵੇਂ ਦਾ ਗੂੜ੍ਹਾ ਪਿਆਰ ਤੇ ਉਨ੍ਹਾਂ ਨੂੰ ਗੁਰੂ ਪਾਸੋਂ ਮਿਲਿਆ ਗੁਰ-ਗਿਆਨ ਵੀ ਬੇ-ਮਿਸਾਲ ਹੋਵੇਗਾ। ਸਰਦਾਰ ਜੱਸਾ ਸਿੰਘ ਨੇ ਆਪਣੇ ਪਿਤਾ ਸਰਦਾਰ ਭਗਵਾਨ ਸਿੰਘ ਜੀ ਪਾਸੋਂ ਗੁਰਮੁਖੀ ਗਿਆਨ ਹਾਸਲ ਕੀਤਾ ਅਤੇ ਗੁਰਬਾਣੀ ਦੇ ਨਿੱਤਨੇਮ ਦਾ ਪਾਠ ਕਰਨਾ ਸਿੱਖਿਆ। ਇਨ੍ਹਾਂ ਦੀ ਸ਼ਾਦੀ ਬੀਬੀ ਗੁਰਦਿਆਲ ਕੌਰ (ਕਈ ਥਾਂਈਂ ਦਿਆਲ ਕੌਰ ਵੀ ਲਿਖਿਆ ਮਿਲਦਾ ਹੈ) ਨਾਲ ਹੋਈ ਜਿਨ੍ਹਾਂ ਤੋਂ ਇਨ੍ਹਾਂ ਦੇ ਦੋ ਪੁੱਤਰ ਜੋਧ ਸਿੰਘ ਅਤੇ ਵੀਰ ਸਿੰਘ ਪੈਦਾ ਹੋਏ।

ਮੁਗ਼ਲ ਧਾੜਵੀ ਨਾਦਰ ਸ਼ਾਹ ਨੇ ਜਦੋਂ ੧੭੩੯ ਈ. ਨੂੰ ਪੰਜਾਬ ਤੇ ਹੱਲਾ ਕੀਤਾ ਤਾਂ ਨਾਦਰ ਸ਼ਾਹ ਤੇ ਜ਼ਕਰੀਆ ਖਾਨ ਦੀਆਂ ਫੌਜਾਂ ਦਾ ਟਾਕਰਾ ਵਜ਼ੀਰਾਬਾਦ ਨੇੜੇ ਹੋਇਆ। ਜਦੋਂ ਬਾਹਰੋਂ ਕੋਈ ਆਫ਼ਤ ਆਉਂਦੀ ਸੀ ਤਾਂ ਸਥਾਨਕ ਮੁਸਲਮਾਨ ਸ਼ਾਸਕ ਮਦਦ ਲੈਣ ਲਈ ਸਿੱਖਾਂ ਨਾਲ ਸਮਝੌਤਾ ਕਰ ਲੈਂਦੇ ਸਨ। ਇਸ ਤਰ੍ਹਾਂ ਸਰਦਾਰ ਭਗਵਾਨ ਸਿੰਘ ਅਤੇ ਸਰਦਾਰ ਜੱਸਾ ਸਿੰਘ ਨੇ ਵੀ ਜ਼ਕਰੀਆ ਖਾਨ ਦੀਆਂ ਫੌਜਾਂ ਵੱਲੋਂ ਨਾਦਰ ਸ਼ਾਹ ਦੇ ਦਲ ਨਾਲ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਪਰ ਸਰਦਾਰ ਭਗਵਾਨ ਸਿੰਘ ਜੀ ਇਸ ਜੰਗ ਵਿਚ ਸ਼ਹੀਦੀ ਪ੍ਰਾਪਤ ਕਰ ਗਏ। ਜਿਸ ਤੋਂ ਪ੍ਰਭਾਵਿਤ ਜ਼ਕਰੀਆ ਖਾਨ ਨੇ ਸਰਦਾਰ ਜੱਸਾ ਸਿੰਘ ਦੇ ਪਰਵਾਰ ਨੂੰ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਦੇ ਪੰਜਾਂ ਪਿੰਡਾਂ ਦੀ ਮਾਲਕੀ ਜਗੀਰ ਵਜੋਂ ਦੇ ਦਿੱਤੀ, ਇਹ ਪਿੰਡ ਵੱਲਾ, ਸੁਲਤਾਨਵਿੰਡ, ਚੱਬਾ, ਤੁੰਗ ਅਤੇ ਵੇਰਕਾ ਵਜੋਂ ਜਾਣੇ ਜਾਂਦੇ ਸਨ। ਇਨ੍ਹਾਂ ਇਲਾਕਿਆਂ ਤੋਂ ਇਲਾਵਾ ਜੱਸਾ ਸਿੰਘ ਨੇ ਪਹਾੜੀ ਇਲਾਕਿਆਂ ਵਿਚ ਵੀ ਆਪਣਾ ਸਿੱਕਾ ਮਨਵਾਇਆ, ਜਿਨ੍ਹਾਂ ਵਿਚ ਕਾਂਗੜਾ, ਨੂਰਪਰ, ਮੰਡੀ ਅਤੇ ਚੰਬੇ ਦੇ ਇਲਾਕੇ ਸ਼ਾਮਲ ਸਨ। ਇਨ੍ਹਾਂ ਇਲਾਕਿਆਂ ਤੋਂ ਸਰਦਾਰ ਜੱਸਾ ਸਿੰਘ ਦੀ ਦੋ ਲੱਖ ਰੁਪਏ ਦੇ ਕਰੀਬ ਸਾਲਾਨਾ ਆਮਦਨ ਸੀ।

ਜਦੋਂ ਵੀ ਪੰਜਾਬ ਉੱਤੇ ਵਿਦੇਸ਼ੀ ਧਾੜਵੀਆਂ ਵੱਲੋਂ ਹਮਲੇ ਕੀਤੇ ਜਾਂਦੇ ਸਨ ਤਾਂ ਉਹ ਸਿੱਖਾਂ ਦੀ ਤਾਕਤ ਨੂੰ ਤਹਿਸ-ਨਹਿਸ ਕਰਨ ਲਈ ਸ੍ਰੀ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਨੂੰ ਢਾਹੁਣ ਦੀ ਕੋਸ਼ਿਸ਼ ਕਰਦੇ ਸਨ ਤੇ ਕਈ ਵਾਰ ਢਾਹਿਆ ਵੀ ਗਿਆ ਸੀ।

ਇਸ ਲਈ ੧੭੪੭ ਈ. ਦੀ ਵੈਸਾਖੀ ਵਾਲੇ ਦਿਨ ਸਿੱਖਾਂ ਨੇ ਸ੍ਰੀ ਅੰਮ੍ਰਿਤਸਰ ਵਿਚ ਬਹੁਤ ਵੱਡਾ ਇਕੱਠ ਕੀਤਾ। ਵਿਚਾਰ ਹੋਈ ਕਿ ਹਕੂਮਤੀ ਜ਼ੁਲਮਾਂ ਤੋਂ ਬਚਣ ਲਈ ਸਿੱਖ ਆਮ ਤੌਰ 'ਤੇ ਜੰਗਲਾਂ ਵਿਚ ਰਹਿੰਦੇ ਨੇ। ਜਦੋਂ ਕੋਈ ਧਾੜਵੀ ਹਮਲਾ ਕਰਦਾ ਹੈ ਤਾਂ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਲਈ ਜਦ ਤਕ ਸਿੱਖ ਪਹੁੰਚਦੇ ਹਨ ਤਾਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ ਅਤੇ ਧਾੜਵੀ ਸ੍ਰੀ ਦਰਬਾਰ ਸਾਹਿਬ ਦਾ ਨੁਕਸਾਨ ਕਰ ਕੇ ਅੱਗੇ ਲੰਘ ਜਾਂਦੇ ਹਨ। ਇਸ ਦੌਰਾਨ ਪੰਥ ਨੇ ਫੈਸਲਾ ਕੀਤਾ ਕਿ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਲਈ ਕਿਲ੍ਹਿਆਂ ਦਾ ਨਿਰਮਾਣ ਕੀਤਾ ਜਾਵੇ। ਸ੍ਰੀ ਅੰਮ੍ਰਿਤਸਰ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂ 'ਤੇ 'ਰਾਮ ਰੌਣੀ' ਕਿਲ੍ਹਾ ਬਣਾਉਣ ਦਾ ਗੁਰਮਤਾ ਸਰਬ-ਸੰਮਤੀ ਨਾਲ ਪਾਸ ਹੋਇਆ। ਇਹ ਕਿਲ੍ਹਾ ਪਹਿਲਾਂ ਕੱਚੀ ਇੱਟ ਦਾ ਬਣਾਇਆ ਗਿਆ ਸੀ। ਸਰਦਾਰ ਜੱਸਾ ਸਿੰਘ ਨੇ ਇਸ ਨੂੰ ਪੱਕਾ ਕੀਤਾ ਅਤੇ ਨਾਮ 'ਰਾਮਗੜ੍ਹ' ਰੱਖਿਆ। ਇਸ ਕਿਲ੍ਹੇ ਕਰਕੇ ਹੀ ਸਰਦਾਰ ਜੱਸਾ ਸਿੰਘ ਦੇ ਨਾਂ ਨਾਲ 'ਰਾਮਗੜ੍ਹੀਆ' ਸ਼ਬਦ ਸਦਾ ਲਈ ਜੁੜ ਗਿਆ ਤੇ ਉਹ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਹੋ ਗਿਆ। ਸਰਦਾਰ ਜੱਸਾ ਸਿੰਘ ਦਾ ਪਰਵਾਰ ਕਿਉਂਕਿ ਤਰਖਾਣ ਬਰਾਦਰੀ ਵਿੱਚੋਂ ਸੀ, ਇਸ ਲਈ ਤਕਰੀਬਨ ਸਾਰੀ ਤਰਖਾਣ ਬਰਾਦਰੀ ਨੂੰ ਹੀ ਰਾਮਗੜ੍ਹੀਆ ਦੇ ਵਾਰਿਸ ਹੋਣ 'ਤੇ ਫ਼ਖਰ ਹੈ ਅਤੇ ਉਹ ਰਾਮਗੜ੍ਹੀਆ ਹੀ ਅਖਵਾਉਂਦੇ ਹਨ।

੧੭੪੮ ਈ. ਵਿਚ ਪੰਥ ਨੇ ਇਕੱਠ ਕਰ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ 'ਦਲ ਖਾਲਸਾ' ਦੀ ਸਥਾਪਨਾ ਕੀਤੀ, ਜਿਸ ਨੂੰ ੧੨ ਜਥਿਆਂ ਵਿਚ ਵੰਡਿਆ ਗਿਆ। ਹਰ ਜਥਾ ਆਪਣੇ ਆਪ ਵਿਚ ਖੁਦ-ਮੁਖਤਿਆਰ ਤੇ ਆਪਣੇ ਇਲਾਕੇ ਦਾ ਮਾਲਕ ਸੀ। ਪਰ ਜਦੋਂ ਕੋਈ ਬਾਹਰੀ ਆਫ਼ਤ ਆਉਂਦੀ ਤਾਂ ਸਾਰਾ ਦਲ ਖਾਲਸਾ ਇਕੱਠਾ ਹੋ ਕੇ ਮੁਕਾਬਲਾ ਕਰਦਾ।

ਮੀਰ ਮਨੂੰ ਨੇ ਸ੍ਰੀ ਅੰਮ੍ਰਿਤਸਰ ਅਤੇ ਕਿਲ੍ਹਾ ਰਾਮ ਰੌਣੀ ਉੱਤੇ ਹਮਲਾ ਕਰਨ ਸਮੇਂ ਅਦੀਨਾ ਬੇਗ ਨੂੰ ਫੌਜੀ ਮਦਦ ਲਈ ਸੱਦਿਆ। ਅਦੀਨਾ ਬੇਗ ਜੱਸਾ ਸਿੰਘ ਨੂੰ ਨਾਲ ਲੈ ਕੇ ਮੀਰ ਮਨੂੰ ਦੀ ਮਦਦ ਲਈ ਸ੍ਰੀ ਅੰਮ੍ਰਿਤਸਰ ਪਹੁੰਚ ਗਿਆ। ਮੀਰ ਮਨੂੰ ਦੀਆਂ ਫੌਜਾਂ ਨੇ ਲੰਮਾ ਸਮਾਂ ਕਿਲ੍ਹੇ ਨੂੰ ਘੇਰਾ ਪਾਈ ਰੱਖਿਆ। ਅੰਦਰਲੇ ਸਿੰਘਾਂ ਕੋਲ ਰਸਦ ਪਾਣੀ ਖਤਮ ਹੋਣ ਲੱਗਾ। ਬਾਹਰ ਬੈਠੇ ਸਰਦਾਰ ਜੱਸਾ ਸਿੰਘ ਨੂੰ ਅਹਿਸਾਸ ਹੋਇਆ ਕਿ ਉਸ ਦੇ ਭਰਾ ਅੰਦਰ ਇੰਨੀ ਤਕਲੀਫ਼ ਵਿਚ ਹਨ ਅਤੇ ਉਹ ਭੁੱਖ ਨਾਲ ਮਰਨ ਲੱਗੇ ਹਨ ਤੇ ਉਹ ਦੁਸ਼ਮਣ ਫੌਜ ਨਾਲ ਕਿਉਂ ਮਿਲਿਆ ਬੈਠਾ ਹੈ। ਹੁਣ ਸਰਦਾਰ ਜੱਸਾ ਸਿੰਘ ਨੂੰ ਮੁਗ਼ਲ ਫੌਜਾਂ ਦੇ ਬਹੁਤ ਸਾਰੇ ਅੰਦਰੂਨੀ ਭੇਦ ਪਤਾ ਸਨ। ਉਸ ਨੇ ਕਿਲ੍ਹੇ ਅੰਦਰ ਬੈਠੇ ਸਿੰਘਾਂ ਨੂੰ ਸੁਨੇਹਾ ਭੇਜ ਦਿੱਤਾ ਕਿ ਉਹ ਪੰਥ ਦੀ ਮਦਦ

ਕਰਨੀ ਚਾਹੁੰਦਾ ਹੈ। ਇਸ ਦੇ ਨਾਲ ਹੀ ਉਸ ਨੇ ਜ਼ਾਹਰਾ ਤੌਰ 'ਤੇ ਕਿਲ੍ਹੇ ਅੰਦਰ ਬੈਠੇ ਸਿੰਘਾਂ ਨੂੰ ਮਦਦ ਭੇਜ ਦਿੱਤੀ, ਇਸ ਨਾਲ ਅੰਦਰਲੇ ਸਿੰਘਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਓਧਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਸ਼ਰ-ਏ-ਆਮ ਅੰਦਰਲੇ ਸਿੰਘਾਂ ਨਾਲ ਮਿਲਣ ਦਾ ਐਲਾਨ ਕਰ ਦਿੱਤਾ। ਜਦੋਂ ਸਿੰਘਾਂ ਦੀਆਂ ਆਪਸ ਵਿਚ ਜੱਫ਼ੀਆਂ ਪੈ ਗਈਆਂ ਤੇ ਇੱਕ ਦੂਜੇ ਦੀ ਮਦਦ ਉੱਤੇ ਉਤਰ ਆਏ ਤਾਂ ਇਸ ਨਾਲ ਬਾਹਰ ਦਾ ਪਾਸਾ ਹੀ ਪਲਟ ਗਿਆ। ਸਰਦਾਰ ਜੱਸਾ ਸਿੰਘ ਨੇ ਨਾਲ ਹੀ ਦੀਵਾਨ ਕੌੜਾ ਮੱਲ ਰਾਹੀਂ ਮੀਰ ਮਨੂੰ ਨੂੰ ਸਿੱਖਾਂ ਨਾਲ ਸਮਝੌਤਾ ਕਰਨ ਲਈ ਸੁਨੇਹਾ ਭੇਜ ਦਿੱਤਾ। ਇਹ ਦੇਖ ਕੇ ਮੀਰ ਮਨੂੰ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਸਿੱਖਾਂ ਨਾਲ ਸਮਝੌਤਾ ਕਰਨਾ ਹੀ ਬੇਹਤਰ ਸਮਝਿਆ। ਇਸ ਪਿੱਛੋਂ ਪੰਥ ਨੇ ਸਰਦਾਰ ਜੱਸਾ ਸਿੰਘ ਨੂੰ ਇਸ ਕਿਲ੍ਹੇ ਦਾ ਕਿਲ੍ਹੇਦਾਰ ਥਾਪ ਦਿੱਤਾ ਇਸ ਦੀ ਸਾਰੀ ਜ਼ਿੰਮੇਵਾਰੀ ਉਸ ਨੂੰ ਸੌਂਪ ਦਿੱਤੀ ਗਈ।

ਵੱਡੇ ਘੱਲੂਘਾਰੇ ਪਿੱਛੋਂ ਸਿੱਖਾਂ ਨੇ ਮੁੜ ਅਬਦਾਲੀ ਨਾਲ ਦੋ ਹੱਥ ਕਰਨ ਦੀ ਵਿਉਂਤ ਬਣਾ ਲਈ। ਅਬਦਾਲੀ ਨੂੰ ਲਾਹੌਰ ਵਿਚ ਪਤਾ ਲੱਗਾ ਕਿ ਸ੍ਰੀ ਅੰਮ੍ਰਿਤਸਰ ਵਿਚ ਮੁੜ ਹਜ਼ਾਰਾਂ ਸਿੱਖ ਇਕੱਠੇ ਹੋ ਗਏ ਹਨ। ਉਸ ਨੇ ਸਿੱਖਾਂ ਨੂੰ ਖਤਮ ਕਰਨ ਦਾ ਚੰਗਾ ਮੌਕਾ ਸਮਝ ਕੇ ਸਿੱਖਾਂ ਉੱਤੇ ਹਮਲਾ ਕਰ ਦਿੱਤਾ। ਪਰ ਐਤਕੀ ਸਿੱਖ ਪੂਰੀ ਤਿਆਰੀ ਵਿਚ ਸਨ ਤੇ ਅਬਦਾਲੀ ਨੂੰ ਲੋਹੇ ਦੇ ਚਣੇ ਚਬਾਉਣ ਦੇ ਰੌਂਅ ਵਿਚ ਸਨ। ਸਾਰਾ ਦਿਨ ਲੜਾਈ ਹੁੰਦੀ ਰਹੀ ਤੇ ਸਿੱਖਾਂ ਅੱਗੇ ਅਬਦਾਲੀ ਠਹਿਰ ਨਾ ਸਕਿਆ, ਉਸ ਨੂੰ ਜ਼ਬਰਦਸਤ ਹਾਰ ਹੋਈ ਤੇ ਉਹ ਰਾਤ ਦੇ ਹਨ੍ਹੇਰੇ ਵਿਚ ਉੱਥੋਂ ਜਾਨ ਬਚਾ ਕੇ ਨੱਠ ਗਿਆ। ਓਧਰੋਂ ਅਫ਼ਗਾਨਿਸਤਾਨ ਵਿਚ ਗੜਬੜ ਦੀ ਖ਼ਬਰ ਮਿਲਣ 'ਤੇ ਉਹ ਬਗਾਵਤ ਨੂੰ ਦਬਾਉਣ ਲਈ ਛੇਤੀ ਨਾਲ ਵਾਪਸ ਚਲਿਆ ਗਿਆ।

ਅਦੀਨਾ ਬੇਗ ਦੀ ਮੌਤ ਪਿੱਛੋਂ ਸਰਦਾਰ ਜੱਸਾ ਸਿੰਘ ਨੇ ਕਨਈਆ ਮਿਸਲ ਦੇ ਸਰਦਾਰ ਜੈ ਸਿੰਘ ਨਾਲ ਗਠਜੋੜ ਕਰ ਕੇ ਮਿਆਣੀ ਤੇ ਸ੍ਰੀ ਹਰਿਗੋਬਿੰਦਪੁਰ ਦੇ ਇਲਾਕੇ ਜਿੱਤ ਲਏ। ਇਸੇ ਤਰ੍ਹਾਂ ਇਕ ਹੋਰ ਮੁਹਿੰਮ ਦੌਰਾਨ ਜੈ ਸਿੰਘ ਤੇ ਹਰੀ ਸਿੰਘ ਨਾਲ ਮਿਲ ਕੇ ਕਸੂਰ ਵੀ ਫਤਹ ਕਰ ਲਿਆ ਤੇ ਸ੍ਰੀ ਹਰਿਗੋਬਿੰਦਪੁਰ ਨੂੰ ਆਪਣਾ ਹੈੱਡ ਕੁਆਰਟਰ ਬਣਾ ਲਿਆ। ਇਸ ਪਿੱਛੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਕਈ ਇਲਾਕੇ ਜਿੱਤ ਕੇ ਆਪਣੇ ਅਧੀਨ ਕਰ ਲਏ, ਜਿਨ੍ਹਾਂ ਵਿਚ ਬਾਰੀ ਦੁਆਬ, ਬਟਾਲਾ, ਕਲਾਨੌਰ, ਲਾਹੌਰ, ਦੀਨਾ ਨਗਰ, ਮੁਕੇਰੀਆਂ, ਪੱਟੀ, ਸ਼ਾਹਪੁਰ ਕੰਡੀ, ਗੁਰਦਾਸਪੁਰ, ਕਾਦੀਆਂ, ਘੁਮਾਣ, ਮੱਤੇਵਾਲ, ਜਲੰਧਰ ਦੁਆਬ, ਉੜਮੁੜ ਟਾਂਡਾ, ਸਰੀਂਹ, ਮਿਆਣੀ, ਗੜ੍ਹਦੀਵਾਲ ਤੇ ਹਜ਼ੂਰਾ ਆਦਿ ਇਨ੍ਹਾਂ ਵਿਚ ਸ਼ਾਮਲ ਸਨ।

ਅਹਿਮਦ ਸ਼ਾਹ ਨੇ ਜਦੋਂ ਸੱਤਵੀਂ ਵਾਰ ਹੱਲਾ ਬੋਲਿਆ ਤਾਂ ਫੇਰ ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਨੇ ਅਬਦਾਲੀ ਨੂੰ ਜਾ ਘੇਰਿਆ ਅਤੇ ਉਸ ਦਾ ਬਹੁਤ ਨੁਕਸਾਨ ਕੀਤਾ। ਅਬਦਾਲੀ ਮੁੜ ਹਾਰ ਖਾ ਕੇ ਵਾਪਸ ਭੱਜ ਗਿਆ।

੧੧ ਮਾਰਚ, ੧੭੮੩ ਈ. ਨੂੰ ਦਲ ਖਾਲਸਾ ਨੇ ਸਰਦਾਰ ਜੱਸਾ ਸਿੰਘ ਆਹਲੂਵਲੀਆ ਦੀ ਅਗਵਾਈ ਹੇਠ ਦਿੱਲੀ ਵੱਲ ਨੂੰ ਧਾਵਾ ਬੋਲ ਦਿੱਤਾ। ਉਨ੍ਹਾਂ ਦੇ ਨਾਲ ਇਸ ਚੜ੍ਹਾਈ ਸਮੇਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਬਘੇਲ ਸਿੰਘ ਅਤੇ ਹੋਰ ਵੀ ਕਈ ਮਿਸਲਾਂ ਦੇ ਸਰਦਾਰ ਸ਼ਾਮਲ ਸਨ। ਦਿੱਲੀ ਫਤਹ ਕਰ ਕੇ ਸਿੱਖਾਂ ਨੇ ਲਾਲ ਕਿਲ੍ਹੇ ਉੱਤੇ ਖਾਲਸਈ ਨਿਸ਼ਾਨ ਝੁਲਾ ਦਿੱਤਾ। ਸਿੱਖਾਂ ਨੇ ਦਿੱਲੀ ਵਿਚ ਅਤੇ ਦਿੱਲੀ ਦੇ ਆਲੇ-ਦੁਆਲੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਸਥਾਨਾਂ ਦੀ ਨਿਸ਼ਾਨਦੇਹੀ ਕਰ ਕੇ ਉੱਥੇ ਗੁਰਦੁਆਰਾ ਸਾਹਿਬਾਨ ਉਸਾਰਨ ਦਾ ਸਮਝੌਤਾ ਕਰ ਕੇ ਦਿੱਲੀ ਦਾ ਤਖ਼ਤ ਵਾਪਸ ਸੌਂਪ ਦਿੱਤਾ। ਇਸ ਸੰਧੀ ਮੁਤਾਬਕ ਸਰਦਾਰ ਬਘੇਲ ਸਿੰਘ ਨੇ ਦਿੱਲੀ ਦੀ ਅਮਨ ਕਾਨੂੰਨ ਦੀ ਜ਼ਿੰਮੇਵਾਰੀ ਸੰਭਾਲੀ ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨਾਲ ਮਿਲ ਕੇ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਦੀ ਉਸਾਰੀ ਕਰਵਾਈ, ਜਿਨ੍ਹਾਂ ਵਿਚ ਗੁਰਦੁਆਰਾ ਸੀਸ ਗੰਜ, ਗੁਰਦੁਆਰਾ ਰਕਾਬ ਗੰਜ ਤੇ ਗੁਰਦੁਆਰਾ ਬੰਗਲਾ ਸਾਹਿਬ ਦੇ ਨਾਂ ਵਰਣਨ-ਯੋਗ ਹਨ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਿੱਲੀ ਤੋਂ ਵਾਪਸ ਆਉਂਦੇ ਹੋਏ ਲਾਲ ਕਿਲ੍ਹੇ ਵਿੱਚੋਂ ਉਹ ਤਖਤ ਦੀ ਸਿਲ ਪੁੱਟ ਕੇ ਪੰਜਾਬ ਲੈ ਆਏ, ਜਿਸ ਉੱਤੇ ਦਿੱਲੀ ਦੇ ਬਾਦਸ਼ਾਹਾਂ ਦੀ ਤਾਜਪੋਸ਼ੀ ਕੀਤੀ ਜਾਂਦੀ ਸੀ ਅਤੇ ਜਿਸ ਉੱਤੇ ਬੈਠ ਕੇ ਔਰੰਗਜ਼ੇਬ ਨੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਜਾਰੀ ਕੀਤਾ ਸੀ। ਦਿੱਲੀ ਤਖ਼ਤ ਦੀ ਇਹ ਸਿੱਲ ਅੱਜ ਵੀ ਸ੍ਰੀ ਦਰਬਾਰ ਸਾਹਿਬ ਨੇੜੇ ਸਥਿਤ ਰਾਮਗੜ੍ਹੀਆ ਬੁੰਗੇ ਵਿਚ ਮੌਜੂਦ ਹੈ। ਇਸ ਸਿਲ ਦੇ ਇਲਾਵਾ ਉਹ ਉੱਥੋਂ ਦੀ ਬਾਰਾਂਦਰੀ ਦੇ ਥੰਮ ਵੀ ਪੁੱਟ ਕੇ ਲੈ ਆਏ ਸਨ, ਜਿਹੜੇ ਕਿ ਬੁੰਗੇ ਵਿਚ ਲਗਾਏ ਗਏ ਹਨ। ਇਸ ਬੁੰਗੇ ਦੀ ਤਿਆਰੀ ਵੀ ਸਰਦਾਰ ਜੱਸਾ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਦੇ ਮਕਸਦ ਨਾਲ ਕਰਵਾਈ ਸੀ, ਜਿਸ ਦੀਆਂ ਦੋ ਮੰਜ਼ਿਲਾਂ ਜ਼ਮੀਨ ਦੇ ਉੱਪਰ ਅਤੇ ਤਿੰਨ ਮੰਜ਼ਿਲਾਂ ਜ਼ਮੀਨ ਦੇ ਅੰਦਰ ਹਨ। ਇਸ ਦੇ ਇਲਾਵਾ ਇਸ ਬੁੰਗੇ ਦੇ ਦੋ ਮੀਨਾਰ ਅੱਜ ਵੀ ਰਾਮਗੜ੍ਹੀਆ ਬੁੰਗੇ ਦੀ ਸ਼ਾਨ ਪ੍ਰਗਟ ਕਰਦੇ ਹੋਏ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਦੇਖੇ ਜਾ ਸਕਦੇ ਹਨ। ਇਹ ਬੁੰਗਾ ਲਾਲ ਪੱਥਰ ਨਾਲ ਬਣਾਇਆ ਗਿਆ ਹੈ, ਜਿਸ ਦੀ ਆਪਣੀ ਹੀ ਸ਼ਾਨ ਤੇ ਮਾਣਮੱਤਾ ਇਤਿਹਾਸ ਹੈ।

੧੭੯੫ ਈ. ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਸਰਦਾਰ ਬਘੇਲ

ਸਿੰਘ ਤੇ ਸਰਦਾਰ ਗੁਰਦਿੱਤ ਸਿੰਘ ਨਾਲ ਮਿਲ ਕੇ ਜਮੁਨਾ ਪਾਰ ਦੇ ਇਲਾਕਿਆਂ ਉਤੇ ਜਿੱਤ ਪ੍ਰਾਪਤ ਕੀਤੀ। ਜ਼ਬੀਤਾ ਖਾਨ ਆਪਣੇ ਕਿਲ੍ਹੇ 'ਚੋਂ ਹੀ ਬਾਹਰ ਨਾ ਨਿਕਲਿਆ, ਖ਼ਾਲਸਾ ਫੌਜ ਦਾ ਸਾਹਮਣਾ ਉਹਨੇ ਕੀ ਕਰਨਾ ਸੀ ਤੇ ਅੰਦਰੋਂ ਹੀ ਖਿਰਾਜ ਭਰਨ ਦੀ ਸ਼ਰਤ 'ਤੇ ਸਮਝੌਤਾ ਕਰ ਲਿਆ। ਇਸ ਪਿੱਛੋਂ ਖ਼ਾਲਸਾ ਫੌਜਾਂ ਗੰਗਾ ਦਰਿਆ ਪਾਰ ਕਰ ਗਈਆਂ ਤੇ ਰੁਹੇਲ ਖੰਡ, ਮਹਿਮੂਦਪੁਰ ਤੇ ਚੰਦੌਸੀ ਆਦਿ ਵੀ ਜਿੱਤ ਲਏ। ਇੱਥੋਂ ਇੱਕ ਕਰੋੜ ਰੁਪਏ ਦੇ ਲੱਗਭਗ ਉਨ੍ਹਾਂ ਦੇ ਹੱਥ ਲੱਗੇ ਤੇ ਸਰਦਾਰ ਜੱਸਾ ਸਿੰਘ ਨੇ ਖਜ਼ਾਨੇ ਆਪਣੀਆਂ ਫੌਜਾਂ ਨੂੰ ਵੰਡੇ। ਸਰਦਾਰ ਜੱਸਾ ਸਿੰਘ ਜੀ ਜਿੱਥੇ ਬਹਾਦਰ, ਦਲੇਰ ਤੇ ਜੋਸ਼ੀਲੇ ਸਨ, ਉੱਥੇ ਉਹ ਬਹੁਤ ਨਰਮ ਦਿਲ ਤੇ ਨੇਕ ਇਨਸਾਨ ਵੀ ਸਨ। ਉਹ ਕਿਸੇ ਉੱਤੇ ਜ਼ੁਲਮ ਹੁੰਦਾ ਨਹੀਂ ਦੇਖ ਸਕਦੇ ਸਨ। ਪੰਥ ਅਤੇ ਸਮੁੱਚੀ ਕੌਮ ਦੇ ਭਲੇ ਅਤੇ ਵੱਡੇ ਹਿੱਤ ਲਈ ਉਹ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਰਹਿੰਦੇ ਸਨ।

ਸਰਦਾਰ ਜੱਸਾ ਸਿੰਘ ਨੇ ਆਪਣਾ ਆਖਰੀ ਸਮਾਂ ਨਜ਼ਦੀਕ ਦੇਖ ਕੇ ਆਪਣੇ ਇਲਾਕੇ ਆਪਣੇ ਪੁੱਤਰ ਜੋਧ ਸਿੰਘ ਨੂੰ ਸੌਂਪ ਦਿੱਤੇ। ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਖਾਲਸਾ ਰਾਜ ਦੀ ਸਥਾਪਨਾ ਕਰਨ ਸਮੇਂ ਇਹ ਇਲਾਕੇ ਆਪਣੇ ਰਾਜ ਵਿਚ ਸ਼ਾਮਿਲ ਕਰ ਲਏ ਅਤੇ ਰਾਮਗੜ੍ਹੀਆ ਸਰਦਾਰਾਂ ਨੂੰ ਵੱਡੀਆਂ ਜਗੀਰਾਂ ਤੇ ਪੈਨਸ਼ਨਾਂ ਦੇ ਕੇ ਨਾਲ ਮਿਲਾਈ ਰੱਖਿਆ। ਆਖਰ ਇਹ ਮਹਾਨ ਜਰਨੈਲ ਅੱਸੀ ਸਾਲ ਦੀ ਉਮਰ ਵਿਚ ਜੰਗਾਂ ਜੁੱਧਾਂ ਵਿਚ ਆਪਣੀ ਧਾਂਕ ਬਿਠਾਉਂਦਾ ਹੋਇਆ ੮ ਅਗਸਤ, ੧੮੦੩ ਈ. ਨੂੰ ਅਕਾਲ ਚਲਾਣਾ ਕਰ ਗਿਆ। ਜਿਸ ਨੂੰ ਪੰਥ ਵੱਲੋਂ ਆਪਣੇ ਮਹਾਨ ਜਰਨੈਲ ਵਜੋਂ ਸਦਾ ਯਾਦ ਰੱਖਿਆ ਜਾਵੇਗਾ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਯਾਦ ਵਿਚ ਕਈ ਥਾਂਈਂ ਉਨ੍ਹਾਂ ਦੇ ਬੁੱਤ ਲਗਾਏ ਗਏ ਹਨ। ਜਿਨ੍ਹਾਂ ਵਿੱਚੋਂ ਸ੍ਰੀ ਅੰਮ੍ਰਿਤਸਰ ਵਿਚ ਘੋੜ ਸਵਾਰ ਵੱਡ-ਅਕਾਰੀ ਬੁੱਤ ਲਾਇਆ ਗਿਆ ਹੈ। ਇਸੇ ਤਰ੍ਹਾਂ ਇੰਗਲੈਂਡ ਦੇ ਸ਼ਹਿਰ ਸਲੋਹ ਵਿਖੇ ਰਾਮਗੜ੍ਹੀਆ ਸਭਾ ਸਲੋਹ ਵਿਚ ਵੀ ਘੋੜ ਸਵਾਰ ਬੁੱਤ ਲਗਾਇਆ ਗਿਆ ਹੈ। ਹੁਣ ਸਾਡੇ ਆਪਣੇ ਸ਼ਹਿਰ ਡਰਬੀ ਵਿਖੇ ਵੀ ਗੁਰਦੁਆਰਾ ਸਾਹਿਬ ਵਿਚ ਵੀ ਉਨ੍ਹਾਂ ਦਾ ਬੁੱਤ ਲਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਆਪਣੇ ਮਹਾਨ ਜਰਨੈਲਾਂ ਨੂੰ ਯਾਦ ਰੱਖਣਾ ਹਰ ਕੌਮ ਦਾ ਫਰਜ਼ ਹੁੰਦਾ ਹੈ। ਜਿਹੜੀਆਂ ਕੌਮਾਂ ਆਪਣੇ ਇਤਿਹਾਸ ਦੇ ਪੰਨਿਆਂ ਨੂੰ ਯਾਦ ਰੱਖਦੀਆਂ ਹਨ, ਉਨ੍ਹਾਂ ਤੋਂ ਸਬਕ ਸਿੱਖ ਕੇ ਚੱਲਦੀਆਂ ਹਨ, ਉਨ੍ਹਾਂ ਨੂੰ ਅੱਗੇ ਵਧਣ ਤੋਂ ਕੋਈ ਨਹੀਂ ਰੋਕ ਸਕਦਾ। ਆਓ, ਉਸ ਮਹਾਨ ਜਰਨੈਲ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਲਈ ਗੁਰੂ ਚਰਨਾਂ ਵਿਚ ਅਰਦਾਸ ਕਰੀਏ। ■

# ਬਹੁਪੱਖੀ ਸ਼ਖ਼ਸੀਅਤ : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

*-ਡਾ. ਇੰਦਰਜੀਤ ਸਿੰਘ ਵਾਸੂ**

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਠਾਰ੍ਹਵੀਂ ਸਦੀ ਦਾ ਸਿੱਖ ਜਰਨੈਲ ਹੋਇਆ ਹੈ ਜਿਸ ਨੇ ਆਪਣੇ ਸਮੇਂ ਦਾ ਹਾਣੀ ਬਣ ਕੇ, ਪੰਜਾਬ ਦੀ ਮੁਗ਼ਲਾਂ ਤੋਂ ਅਜ਼ਾਦੀ ਦੇ ਸੰਘਰਸ਼ ਨੂੰ ਸਫਲਤਾ ਦੀ ਬੁਲੰਦੀ 'ਤੇ ਪੁਚਾ ਦਿੱਤਾ। ਸੋਲ੍ਹਵੀਂ ਤੇ ਸਤਾਰ੍ਹਵੀਂ ਸਦੀ ਵਿਚ ਪੰਜਾਬ ਦਾ ਗ਼ੁਲਾਮ ਮਨੁੱਖ, ਸਿੱਖ ਗੁਰੂ ਸਾਹਿਬਾਨ ਦੀ ਅਗਵਾਈ ਵਿਚ ਅਜ਼ਾਦੀ ਦੇ ਖੰਡੇਧਾਰ ਮਾਰਗ ਨੂੰ ਪਛਾਣ ਲੈਂਦਾ ਹੈ ਤੇ ਵਿਦੇਸ਼ੀ ਧਾੜਵੀ ਜਾਬਰਾਂ ਨਾਲ ਟਕਰਾਉਣ ਦੀ ਸਮਰੱਥਾ ਹਾਸਲ ਕਰ ਲੈਂਦਾ ਹੈ। ਪਿਛਲੇ ਸੱਤ-ਅੱਠ ਸੌ ਸਾਲਾਂ ਤੋਂ ਸੱਖਣੀ ਪੰਜਾਬ ਦੀ ਧਰਤੀ 'ਤੇ ਗੁਰਮਤਿ ਦੀ ਵਿਚਾਰਧਾਰਾ ਰਾਹੀਂ ਬਾਬਾ ਬੰਦਾ ਸਿੰਘ ਬਹਾਦਰ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਨਵਾਬ ਕਪੂਰ ਸਿੰਘ ਆਦਿ ਮਹਾਨ ਯੋਧੇ ਪੈਦਾ ਹੁੰਦੇ ਹਨ। ਇਨ੍ਹਾਂ ਤੋਂ ਇਲਾਵਾ ਇਸ ਸਮੇਂ ਇਸ ਧਰਤੀ 'ਤੇ ਇੱਕ ਹੋਰ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਪੈਦਾ ਹੁੰਦਾ ਹੈ ਜੋ ਹੋਰ ਸੂਰਬੀਰ ਜੋਧਿਆਂ ਨਾਲ ਰਲ ਕੇ ਮੁਗ਼ਲ ਰਾਜ ਦਾ ਖੁਰਾ ਖੋਜ ਮਿਟਾਉਣ ਤੇ ਖਾਲਸਾ ਰਾਜ ਦੀ ਆਮਦ ਨੂੰ ਨਿਸ਼ਚਿਤ ਕਰਨ ਲਈ ਆਪਣਾ ਸਾਰਾ ਜੀਵਨ ਸਮਰਪਿਤ ਕਰ ਦਿੰਦਾ ਹੈ। ਇਸ ਲੇਖ ਦਾ ਵਿਸ਼ਾ ਉਸ ਦੇ ਸਮੁੱਚੇ ਕਰਮਸ਼ੀਲ ਤੇ ਸੰਘਰਸ਼ਸ਼ੀਲ ਜੀਵਨ 'ਤੇ ਦ੍ਰਿਸ਼ਟੀ ਪਾਉਣਾ ਹੈ ਜਿਸ ਦਾ ਵਰਣਨ ਹੇਠ ਲਿਖੇ ਅਨੁਸਾਰ ਕੀਤਾ ਜਾ ਰਿਹਾ ਹੈ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਜੀਵਨ-ਕਾਲ ੧੭੨੩ ਈ. ਤੋਂ ੧੮੦੩ ਈ. ਤਕ ਦਾ ਹੈ। ਇਹ ਸਾਰਾ ਸਮਾਂ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ੧੭੧੬ ਈ. ਤੋਂ ਬਾਅਦ ਦੇ ਸਮੇਂ ਨਾਲ ਸੰਬੰਧਿਤ ਹੈ। ਇਸ ਸਾਰੇ ਸਮੇਂ ਦਾ ਸਿੱਖ ਇਤਿਹਾਸ ਕਤਲ-ਏ-ਆਮ, ਘੱਲੂਘਾਰਿਆਂ ਤੇ ਮੌਤ ਦੇ ਪਰਛਾਵਿਆਂ ਥੱਲੇ ਜ਼ਿੰਦਗੀ ਤੇ ਮੌਤ ਦੀ ਲੜਾਈ ਲੜਦਿਆਂ, ਸ਼ਹਾਦਤ ਤੇ ਸਿੱਖੀ ਦੇ ਸਿਦਕ ਦੇ ਨਜ਼ਾਰੇ ਪੇਸ਼ ਕਰਦਿਆਂ, ਖਾਲਸੇ ਦੇ ਅਰੁੱਕ ਕਾਫਲੇ ਦੀ ਅੱਗੇ ਵਧਣ ਦੀ ਸ਼ਾਨਦਾਰ ਕਹਾਣੀ ਪੇਸ਼ ਕਰਦਾ ਹੈ।[੧]

ਚਾਰ ਸੂਬੇਦਾਰ ਅਬਦੁਸ-ਸਮਦ ਖਾਂ, ਖਾਨ ਬਹਾਦਰ ਜ਼ਕਰੀਆ ਖਾਨ, ਯਾਹੀਆ ਖਾਂ ਤੇ ਮੀਰ ਮਨੂੰ ਸਿੱਖਾਂ ਦਾ ਵਾਰ-ਵਾਰ ਕਤਲ-ਏ-ਆਮ ਕਰਦੇ ਹਨ।

ਪ੍ਰਸਿੱਧ ਇਤਿਹਾਸਕਾਰ ਖਾਫੀ ਖਾਨ ਅਨੁਸਾਰ ਪੰਜਾਬ ਇਸ ਸਮੇਂ ਖ਼ੂਨ ਦੀ

**# ੧੦੦੦ ਅਰਬਨ ਅਸਟੇਟ, ਫਗਵਾੜਾ-੧੪੪੪੦੧; ਮੋ. +੯੧ ੯੦੫੬੩-੬੦੭੬੩*

ਥਾਲੀ ਬਣਦਾ ਹੈ।[੨]

ਮੀਰ ਮਨੂੰ ਵੇਲੇ ਹੇਠ ਲਿਖਿਆ ਦੋਹਰਾ ਇਸ ਸੰਬੰਧ ਵਿਚ ਵਿਸ਼ੇਸ਼ ਹੈ :-

*ਮਨੂੰ ਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ।*
*ਜਿਉਂ ਜਿਉਂ ਮਨੂੰ ਵਢਦਾ ਅਸੀਂ ਦੂਣ ਸਵਾਏ ਹੋਏ।*

**ਜਨਮ ਤੇ ਵਿਰਸਾ :**

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ੫ ਮਈ, ੧੭੨੩ ਈ. ਨੂੰ ਲਾਹੌਰ ਤੋਂ ੨੦ ਮੀਲ ਦੂਰ ਪਿੰਡ ਈਚੋਗਿੱਲ (ਇੱਛੋਗਿੱਲ) ਵਿਚ ਸਰਦਾਰ ਭਗਵਾਨ ਸਿੰਘ ਅਤੇ ਮਾਤਾ ਗੰਗ ਕੌਰ ਦੇ ਘਰ ਵਿਖੇ ਹੋਇਆ। ਆਪਣੇ ਪਿਤਾ ਕੋਲੋਂ ਸਰਦਾਰ ਜੱਸਾ ਸਿੰਘ ਨੇ ਗੁਰਮੁਖੀ ਅੱਖਰ ਸਿੱਖੇ ਜਿਸ ਕਰਕੇ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ ਸਿੱਖਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਵੀ ਅਰੰਭ ਕਰ ਦਿੱਤਾ। ਸਰਦਾਰ ਜੱਸਾ ਸਿੰਘ ਨੇ ਅੰਮ੍ਰਿਤ ਛਕ ਕੇ, ਦਸਮੇਸ਼ ਪਿਤਾ ਦੁਆਰਾ ਸਾਜੇ ਖਾਲਸਾ ਪੰਥ ਦੀ ਵਿਚਾਰਧਾਰਾ ਨੂੰ ਅਪਣਾਇਆ। ਇਨ੍ਹਾਂ ਦੇ ਪਿਤਾ ਸਰਦਾਰ ਭਗਵਾਨ ਸਿੰਘ ਇਕ ਗਰੀਬ ਤਰਖਾਣ ਪਰ ਇਕ ਉਤਸ਼ਾਹੀ ਸਿੱਖ ਸੀ। ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਕਰਕੇ 'ਗਿਆਨੀ' ਵੀ ਆਖਦੇ ਸਨ।

ਸਰਦਾਰ ਜੱਸਾ ਸਿੰਘ ਇਸ ਗੱਲੋਂ ਖੁਸ਼ਕਿਸਮਤ ਸੀ ਕਿ ਉਸ ਦੀਆਂ ਰਗਾਂ ਵਿਚ ਉਸ ਦੇ ਦਾਦੇ ਤੇ ਉਸ ਦੇ ਪਿਤਾ ਦਾ ਖ਼ੂਨ ਦੌੜਦਾ ਸੀ ਜੋ ਦੋਵੇਂ ਹੀ ਸ਼ਹੀਦ ਸਨ। ਉਸ ਦਾ ਦਾਦਾ ਭਾਈ ਹਰਦਾਸ ਸਿੰਘ ਸੁਰ ਸਿੰਘ (ਸ੍ਰੀ ਅੰਮ੍ਰਿਤਸਰ) ਸੀ ਜਿਨ੍ਹਾਂ ਨੇ ਅੰਮ੍ਰਿਤ ਦੀ ਦਾਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਲਈ ਸੀ ਤੇ ਉਨ੍ਹਾਂ ਨੇ ਗੁਰੂ ਜੀ ਦੀ ਅਗਵਾਈ ਵਿਚ, ਮੁਗ਼ਲਾਂ ਵਿਰੁੱਧ ਹੋਈਆਂ ਜੰਗਾਂ ਵਿਚ ਹਿੱਸਾ ਵੀ ਲਿਆ ਸੀ। ਜਦੋਂ ਗੁਰੂ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਨਾਂਦੇੜ ਤੋਂ ਪੰਜਾਬ ਭੇਜਿਆ ਤਾਂ ਭਾਈ ਹਰਦਾਸ ਸਿੰਘ ਜੀ ਨੇ ਮੁਗ਼ਲਾਂ ਵਿਰੁੱਧ ਚੱਲ ਰਹੇ ਸੰਘਰਸ਼ ਵਿਚ ਬੜਾ ਯੋਗਦਾਨ ਪਾਇਆ ਤੇ ਬਜਵਾੜਾ ਦੀ ਲੜਾਈ ਵਿਚ ਸ਼ਹੀਦ ਹੋ ਗਏ।

**ਸੰਘਰਸ਼ਸ਼ੀਲ ਜੀਵਨ ਦਾ ਅਰੰਭ :**

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੇ ਭਰਾਵਾਂ ਦੀ ਸਹਾਇਤਾ ਨਾਲ ਬਿਆਸ ਨਦੀ ਦੇ ਦੋਵੇਂ ਪਾਸੇ ਦੇ ਖੇਤਰ 'ਤੇ ਕਬਜ਼ਾ ਕੀਤਾ ਤੇ ਨਦੀ 'ਤੇ ਸੱਜੇ ਪਾਸੇ ਸ੍ਰੀ ਹਰਿਗੋਬਿੰਦਪੁਰ ਨੂੰ ਆਪਣੀ ਰਾਜਧਾਨੀ ਬਣਾਇਆ। ਬਾਰੀ ਦੁਆਬ ਵਿਚ ਉਨ੍ਹਾਂ ਦਾ ਨਿਯੰਤਰਣ, ਬਟਾਲਾ ਤੇ ਕਲਾਨੌਰ ਦੇ ਆਲੇ-ਦੁਆਲੇ ਦੇ ਖੇਤਰਾਂ 'ਤੇ ਸੀ। ਸਰਦਾਰ ਜੱਸਾ ਸਿੰਘ ਦੇ ਭਰਾ ਮਾਲੀ ਸਿੰਘ ਤੇ ਤਾਰਾ ਸਿੰਘ ਨੇ ਕਾਦੀਆਂ ਨੂੰ ਸਈਅਦ ਸਾਸ਼ਕ ਤੋਂ ਯੁੱਧ ਵਿਚ ਜਿੱਤਿਆ। ਉਨ੍ਹਾਂ ਦੁਆਰਾ ਇਨ੍ਹਾਂ ਜਿੱਤਾਂ ਦਾ ਅਰੰਭ ਸਿੱਖ-ਰਾਜ ਦੀ ਸਥਾਪਤੀ ਦਾ ਬੁਨਿਆਦੀ ਆਧਾਰ ਬਣਦਾ ਹੈ ਕਿਉਂਕਿ ਉਨ੍ਹਾਂ ਨੇ ਰਾਮਗੜ੍ਹੀਆ ਮਿਸਲ ਵਿਚ ਵਾਪਰ ਚੁੱਕੀਆਂ ਕੁਝ ਘਟਨਾਵਾਂ ਵਿਚ ਵੱਡੀ ਭੂਮਿਕਾ ਨਿਭਾਈ ਅਤੇ

ਕਈ ਵਿਰੋਧਾਂ ਦੇ ਬਾਵਜੂਦ ਲਗਾਤਾਰ ਜਿੱਤਾਂ ਪ੍ਰਾਪਤ ਕਰਦੇ ਰਹੇ।[੩]

ਮੁਗ਼ਲਾਂ ਦੀਆਂ ਸਿੱਖਾਂ ਨਾਲ ਲਗਾਤਾਰ ਲੜਾਈਆਂ ਵਿਚ ਲਾਹੌਰ ਦੀ ਹਕੂਮਤ ਹੌਲੀ-ਹੌਲੀ ਕਮਜ਼ੋਰ ਹੁੰਦੀ ਗਈ ਅਤੇ ਰਾਜ ਭਾਗ ਸੰਭਾਲੀ ਰੱਖਣਾ ਉਨ੍ਹਾਂ ਦੇ ਵੱਸ ਤੋਂ ਬਾਹਰ ਹੋ ਗਿਆ। ਇਸ ਹਾਲਤ ਤੋਂ ਲਾਭ ਉਠਾ ਕੇ ਸਿੱਖ ਸਰਦਾਰਾਂ ਨੇ ਗੰਗਾ ਦਰਿਆ ਤੋਂ ਲੈ ਕੇ ਚਨਾਬ ਦਰਿਆ ਤਕ ਦੇ ਵਿਸ਼ਾਲ ਇਲਾਕੇ ਉੱਤੇ ਆਪਣਾ ਕਬਜ਼ਾ ਕਰ ਕੇ ਬਾਰ੍ਹਾਂ ਮਿਸਲਾਂ ਕਾਇਮ ਕਰ ਲਈਆਂ ਜਿਨ੍ਹਾਂ ਵਿਚ 'ਰਾਮਗੜ੍ਹੀਆ ਮਿਸਲ' ਨੇ ਪ੍ਰਸਿੱਧੀ ਹਾਸਲ ਕੀਤੀ।

**ਵਿਸ਼ਾਲ ਰਾਜ ਦੀ ਉਸਾਰੀ ਵੱਲ-ਜਿੱਤਾਂ ਹੀ ਜਿੱਤਾਂ :**

ਅਹਿਮਦ ਸ਼ਾਹ ਅਬਦਾਲੀ ਦੇ ਭਾਰਤ ਉਤੇ ਹਮਲਿਆਂ ਦੌਰਾਨ ਸਰਦਾਰ ਜੱਸਾ ਸਿੰਘ ਨੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਕਸੂਰ ਦੀ ਜਿੱਤ ਵਿਚ ਉਹਦਾ ਯੋਗਦਾਨ ਸੀ। ਦਲ ਖਾਲਸੇ ਨਾਲ ਮਿਲ ਕੇ, ਉਸ ਨੇ ੧੭੬੩ ਈ. ਵਿਚ ਸਰਹੰਦ 'ਤੇ ਕਬਜ਼ਾ ਕੀਤਾ। ਹੌਲੀ ਹੌਲੀ ਜਲੰਧਰ ਦੁਆਬੇ ਵਿਚਲੇ ਕਈ ਇਲਾਕੇ, ਜੱਸਾ ਸਿੰਘ ਰਾਮਗੜ੍ਹੀਆ ਦੇ ਅਧੀਨ ਆ ਗਏ। ਇਸ ਤੋਂ ਬਿਨਾਂ ਪਹਾੜੀ ਇਲਾਕੇ ਕਟੌਚੀ, ਚੰਬਾ, ਹਰੀਪੁਰ ਆਦਿ ਵੀ ਉਸ ਦੇ ਕਬਜ਼ੇ ਹੇਠ ਆ ਗਏ। ਉਸ ਦਾ ਜੰਗੀ ਜੀਵਨ ਤਾਂ ਸੋਲ੍ਹਾਂ ਸਾਲ ਦੀ ਉਮਰ ਵਿਚ ਹੀ ਨਾਦਰਸ਼ਾਹ ਦੇ ਵਿਰੁੱਧ ਹੋਈ ਪਹਿਲੀ ਲੜਾਈ ਲੜਦਿਆਂ ਸ਼ੁਰੂ ਹੋ ਗਿਆ ਸੀ। ੧੭੪੮ ਈ. ਵਿਚ ਉਸ ਨੇ ਅਬਦਾਲੀ ਦੇ ਪਹਿਲੇ ਹਮਲੇ ਸਮੇਂ ਜੰਗ ਵਿਚ ਹਿੱਸਾ ਲਿਆ ਤੇ ਉਸ ਦੇ ਅੰਤਮ ਸੁਆਸਾਂ ਤਕ ਉਸ ਨਾਲ ਹੋਈਆਂ ਜੰਗਾਂ ਵਿਚ ਭਾਗ ਲੈਂਦਾ ਰਿਹਾ।[੪]

**ਦਿੱਲੀ ਫਤਹ :**

ਸਰਦਾਰ ਜੱਸਾ ਸਿੰਘ ਦ੍ਰਿੜ੍ਹਤਾ ਤੇ ਜੁਰਅਤ ਦਾ ਪ੍ਰਤੀਕ ਸੀ। ਇਤਿਹਾਸ ਦੱਸਦਾ ਹੈ ਇਕ ਵਾਰੀ ਸਰਦਾਰ ਜੱਸਾ ਸਿੰਘ ਨੇ ਸਿੱਖ ਸਰਦਾਰਾਂ ਨਾਲ ਰਲ ਕੇ ਅਫ਼ਗਾਨ ਹਮਲਾਵਰਾਂ ਨੂੰ ਕਈ ਲੜਾਈਆਂ ਵਿਚ ਭਾਂਜ ਦਿੱਤੀ। ਇਸ ਸਮੇਂ ਅਫ਼ਗਾਨਾਂ ਦਾ ਡਰ ਘਟ ਗਿਆ। ਕਿਸੇ ਕਾਰਨ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਪੰਜਾਬ ਵਿੱਚੋਂ ਨਿਕਲਣਾ ਪਿਆ। ਪਰ ਉਸਨੇ ਹਿੰਮਤ ਨਾ ਛੱਡੀ, ਹਿਸਾਰ 'ਤੇ ਕਬਜ਼ਾ ਕਰ ਲਿਆ, ਸਰਦਾਰ ਜੱਸਾ ਸਿੰਘ ਨੇ ਇੱਕ ਤਕੜੀ ਫੌਜ ਤਿਆਰ ਕੀਤੀ ਜਿਸ ਵਿਚ ਬਹੁ-ਗਿਣਤੀ ਸਿੱਖ ਘੋੜ ਸਵਾਰਾਂ ਦੀ ਸੀ। ਇਸ ਸਮੇਂ ਸਰਦਾਰ ਜੱਸਾ ਸਿੰਘ ਨੇ ਦਿੱਲੀ ਦਰਵਾਜਿਆਂ ਅਤੇ ਆਸ-ਪਾਸ ਦੇ ਇਲਾਕਿਆਂ ਤੇ ਹਮਲੇ ਕੀਤੇ ਅਤੇ ਗੰਗ ਦੁਆਬ ਤਕ ਮਾਰਾਂ ਮਾਰੀਆਂ। ਸਿੰਘਾਂ ਸਰਦਾਰਾਂ ਜਦ ਮਾਰਚ ੧੭੮੩ ਈ. ਨੂੰ ਦਿੱਲੀ ਲਾਲ ਕਿਲ੍ਹੇ 'ਤੇ ਫਤਹ ਪਾਈ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ ਤੇ ਹੋਰ ਸਰਦਾਰਾਂ ਦੇ ਨਾਲ ਜੱਸਾ ਸਿੰਘ ਰਾਮਗੜ੍ਹੀਆ ਵੀ ਸ਼ਾਮਲ ਸੀ।

**ਦਿੱਲੀ ਦੀ ਜਿੱਤ ਦੇ ਚਿੰਨ :**

੧੭੮੩ ਈ. ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਖਾਲਸਾ ਦਲ ਨਾਲ ਚੰਦੋਸੀ, ਕਾਸਗੰਜ, ਖੁਰਜਾ, ਸਿਕੰਦਰਾ ਤੇ ਭਰਤਪੁਰ ਆਦਿ ਜਿੱਤਣ ਤੋਂ ਬਾਅਦ ਦਿੱਲੀ ਸ਼ਹਿਰ ਵਿਚ ਦਾਖ਼ਲ ਹੋਇਆ। ਸ਼ਾਹ ਆਲਮ ਟਾਕਰਾ ਨਾ ਕਰ ਸਕਿਆ। ਉਨ੍ਹਾਂ ਨੇ ਪਹਿਲਾਂ ਮੁਗ਼ਲਪੁਰਾ ਜਿੱਤਿਆ ਤੇ ਫਿਰ ਮਜਨੂੰ ਟਿੱਲੇ 'ਤੇ ਜਾ ਟਿਕੇ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਲਾਲ ਕਿਲ੍ਹੇ ਵਿਚ ਜਾ ਵੜਿਆ ਤੇ ਸ਼ਾਹ ਆਲਮ ਅੰਦਰ ਲੁੱਕ ਗਿਆ। ਸ਼ਾਹ ਆਲਮ ਵੱਲੋਂ ਨਜ਼ਰਾਨਾ ਭੇਟ ਕੀਤਾ ਗਿਆ ਤੇ ਸ਼ਹਿਰ ਨੂੰ ਬਰਬਾਦ ਨਾ ਕਰਨ ਦੀ ਬੇਨਤੀ ਕੀਤੀ, ਜੋ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਮੰਨ ਲਈ।

ਦਿੱਲੀ ਨੂੰ ਛੱਡਣ ਸਮੇਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜਿੱਤ ਦੀ ਨਿਸ਼ਾਨੀ ਵਜੋਂ ੪ ਤੋਪਾਂ, ਲਾਲ ਕਿਲ੍ਹੇ ਦੇ ਲਾਲ ਪੱਥਰ ਦੇ ਥੰਮ ਅਤੇ ਤਖ਼ਤ-ਏ-ਤਾਊਸ ਦੀ ਉਹ ਸਿਲ ਪੁੱਟ ਕੇ ਨਾਲ ਲੈ ਆਇਆ ਜਿਸ 'ਤੇ ਮੁਗ਼ਲ ਬਾਦਸ਼ਾਹਾਂ ਦੀ ਤਾਜਪੋਸ਼ੀ ਹੋਇਆ ਕਰਦੀ ਸੀ।

**ਛੋਟੇ ਤੇ ਵੱਡੇ ਘੱਲੂਘਾਰੇ ਸਮੇਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਭੂਮਿਕਾ :**

ਜਦੋਂ ਛੋਟਾ ਘੱਲੂਘਾਰਾ ਹੋਇਆ ਤਾਂ ਜੱਸਾ ਸਿੰਘ ਰਾਮਗੜ੍ਹੀਆ ਵੱਲੋਂ ਅਹਿਮ ਭੂਮਿਕਾ ਨਿਭਾਈ ਗਈ। ਯਾਹੀਆ ਖਾਨ ਅਤੇ ਦੀਵਾਨ ਲੱਖਪਤ ਰਾਏ ਨੇ ਸਿੱਖਾਂ ਉਤੇ ਵੱਡਾ ਹਮਲਾ ਕੀਤਾ। ਸਿੱਖ ਇਸ ਹਮਲੇ ਵਿਚ ਪਠਾਨਕੋਟ ਤੇ ਡਲਹੌਜੀ ਦੇ ਵਿਚਾਲੇ ਦੀਆਂ ਪਹਾੜੀਆਂ ਵਿਚ ਘਿਰ ਗਏ। ਇਸ ਘੇਰੇ ਵਿਚ ਨੌਂ-ਦਸ ਹਜ਼ਾਰ ਦੇ ਕਰੀਬ ਸਿੱਖ ਸ਼ਹੀਦ ਹੋਏ। ਇੱਕ ਹਜ਼ਾਰ ਸਿੰਘ ਲਾਹੌਰ ਲਿਆ ਕੇ ਸ਼ਹੀਦ ਕੀਤੇ ਗਏ। ਇਸ ਥਾਂ ਨੂੰ ਸ਼ਹੀਦ ਗੰਜ ਕਹਿੰਦੇ ਹਨ।

ਵੱਡਾ ਘੱਲੂਘਾਰਾ; ੫ ਫਰਵਰੀ, ੧੭੬੨ ਈ. ਨੂੰ ਅਹਿਮਦ ਸ਼ਾਹ ਅਬਦਾਲੀ ਨੇ ਸਿੱਖਾਂ ਦਾ ਸਰਵਨਾਸ਼ ਕਰਨ ਲਈ ਕੁਪ ਰਹੀੜੇ (ਮਲੇਰਕੋਟਲਾ) ਦੇ ਸਥਾਨ 'ਤੇ ਭਿਆਨਕ ਹਮਲਾ ਕਰ ਕੇ ਕੀਤਾ। ਇਸ ਸਮੇਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਿੱਖਾਂ ਦੀ ਅਗਵਾਈ ਕਰ ਰਿਹਾ ਸੀ। ਉਸ ਨੂੰ ੨੨ ਜ਼ਖ਼ਮ ਆਏ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਉਸ ਨੂੰ ਸੁਰੱਖਿਅਤ ਜਗ੍ਹਾ 'ਤੇ ਭੇਜ ਕੇ, ਸਿੱਖਾਂ ਦੀ ਕਮਾਨ ਆਪ ਸੰਭਾਲ ਲਈ। ਇਸ ਹਮਲੇ ਸਮੇਂ ੩੦,੦੦੦ ਸਿੱਖ ਸ਼ਹੀਦ ਹੋਏ ਤੇ ੧੫,੦੦੦ ਮੁਸਲਮ ਸੈਨਾ ਮਾਰੀ ਗਈ। ਜਦੋਂ ੧੭੬੭ ਈ. ਵਿਚ ਅਹਿਮਦ ਸ਼ਾਹ ਅਬਦਾਲੀ ਨੇ ਆਖਰੀ ਹਮਲਾ ਪੰਜਾਬ 'ਤੇ ਕੀਤਾ ਤਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਇਸ ਤਰੀਕੇ ਨਾਲ ਸਫਲ ਵਿਉਂਤਬੰਦੀ ਕੀਤੀ ਕਿ ਅਬਦਾਲੀ ਨੂੰ ਭੱਜਣ ਤੋਂ ਬਿਨਾਂ ਹੋਰ ਕੋਈ ਚਾਰਾ ਨਾ ਰਿਹਾ।[੫]

**ਸ੍ਰੀ ਅੰਮ੍ਰਿਤਸਰ ਸ਼ਹਿਰ ਨੂੰ ਬਚਾਉਣ ਦਾ ਇਤਿਹਾਸਿਕ ਕਾਰਨਾਮਾ :**

ਅਹਿਮਦ ਸ਼ਾਹ ਦਾ ਪੋਤਾ ਸ਼ਾਹ ਜ਼ਮਾਨ, ਆਪਣੇ ਦਾਦੇ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ, ਪੰਜਾਬ ਨੂੰ ਜਿੱਤ ਕੇ, ਅਫਗਾਨੀ ਰਾਜ ਦਾ ਹਿੱਸਾ ਬਣਾਉਣਾ ਚਾਹੁੰਦਾ ਸੀ। ਉਸ ਨੇ ਪੂਰੀ ਤਿਆਰੀ ਨਾਲ ਸ੍ਰੀ ਅੰਮ੍ਰਿਤਸਰ ਸ਼ਹਿਰ 'ਤੇ ਹਮਲਾ ਕਰਨ ਦੀ ਯੋਜਨਾ ਬਣਾਈ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆਪਣੀ ਬਜ਼ੁਰਗੀ ਵਿਚ ਵੀ ਆਪਣੀ ਫੌਜ ਲੈ ਕੇ ਸ੍ਰੀ ਅੰਮ੍ਰਿਤਸਰ ਪਹੁੰਚ ਗਿਆ, ਉਸ ਦੇ ਯਤਨਾਂ ਨਾਲ ਸਰਬੱਤ ਖਾਲਸਾ ਵੱਡੇ-ਵੱਡੇ ਸਰਦਾਰਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ, ਸਮੇਤ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਵਿਚਾਲੀ ਡਟ ਗਿਆ ਤੇ ਪੰਜਾਬ ਦੀ ਸਿੱਖ ਜਨਤਾ ਦੀ ਇੱਕਮੁੱਠ ਹੋਈ ਸ਼ਕਤੀ ਦੇ ਸਾਹਮਣੇ ਸ਼ਾਹ ਜਹਾਨ ਦੀ ਹਮਲਾ ਕਰਨ ਦੀ ਹਿੰਮਤ ਨਾ ਪਈ। ਇਸ ਇਤਿਹਾਸਿਕ ਕਾਰਨਾਮੇ ਨਾਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਸਿੱਖ ਰਾਜ ਦੀ ਸਥਾਪਤੀ ਕਰਨ ਵਾਲੇ ਜਰਨੈਲ ਦੇ ਰੂਪ ਵਿਚ ਜਾਣਿਆ ਜਾਣ ਲੱਗਾ।[੬]

**ਰਾਮ ਰੌਣੀ ਦੀ ਕਿਲ੍ਹੇ-ਬੰਦੀ :**

ਰਾਮ ਰੌਣੀ (ਮੌਜੂਦਾ ਗੁਰਦੁਆਰਾ ਰਾਮਸਰ ਸਾਹਿਬ) ਦੇ ਨੇੜੇ, ਸ੍ਰੀ ਅੰਮ੍ਰਿਤਸਰ ਵਿਚ ਇਕ ਮਿੱਟੀ ਦੀਆਂ ਦੀਵਾਰਾਂ ਦੀ ਗੜ੍ਹੀ ਦਾ ਨਾਮ ਸੀ ਜੋ ਖਿੰਡੇ-ਪੁੰਡੇ ਸਿੱਖ ਜਥਿਆਂ ਲਈ ਇਕ ਸੁਰੱਖਿਅਤ ਆਰਾਮ-ਗਾਹ ਵਜੋਂ ਸਿੱਖ ਕਿਰਤੀ-ਕਾਮਿਆਂ ਵੱਲੋਂ ਬਣਾਈ ਗਈ ਸੀ। ਸ੍ਰੀ ਗੁਰੂ ਰਾਮਦਾਸ ਜੀ ਦੇ ਸ਼ਹਿਰ ਵਿਚ ਹੋਣ ਕਰਕੇ ਇਹ ਰਾਮ ਰੌਣੀ ਕਰਕੇ ਪ੍ਰਸਿੱਧ ਹੋਈ। ੧੭੪੮ ਈ. ਵਿਚ ਵੈਸਾਖੀ ਮਨਾਉਣ ਲਈ, ਪੰਜ ਸੌ ਸਿੱਖ ਇੱਥੇ ਠਹਿਰੇ ਹੋਏ ਸਨ ਜਦੋਂ ਮੀਰ ਮਨੂੰ ਦੀ ਤੇ ਉਸ ਦੇ ਹੁਕਮ 'ਤੇ, ਜਲੰਧਰ ਦਰਬਾਰ ਦੇ ਹਾਕਮ ਅਦੀਨਾ ਬੇਗ ਦੀ ਮੁਗ਼ਲ ਸੈਨਾ ਨੇ ਉਨ੍ਹਾਂ ਨੂੰ ਘੇਰ ਲਿਆ। ਇਹ ਘੇਰਾ ਕਈ ਮਹੀਨੇ ਤਕ ਪਿਆ ਰਿਹਾ। ਗੜ੍ਹੀ ਅੰਦਰਲੇ ਸਿੱਖਾਂ ਨੇ ਫੈਸਲਾ ਕੀਤਾ ਕਿ ਗੜ੍ਹੀ ਵਿੱਚੋਂ ਨਿਕਲ ਕੇ, ਹੱਥੋਂ ਹੱਥ ਮੁਗ਼ਲਾਂ ਨਾਲ ਜੰਗ ਕੀਤੀ ਜਾਵੇ ਤੇ ਸ਼ਹੀਦੀਆਂ ਪਾ ਕੇ ਦੁਸ਼ਮਣਾਂ ਨੂੰ ਖਦੇੜਿਆ ਜਾਏ। ਜਦੋਂ ਇਸ ਫੈਸਲੇ ਦਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਪਤਾ ਲੱਗਾ ਜਿਹੜਾ ਕਿ ਆਪ ਸਿੱਖਾਂ ਨੂੰ ਘੇਰਨ ਵਾਲੀ ਮੁਗ਼ਲ ਸੈਨਾ ਦਾ ਇਕ ਹਿੱਸਾ ਸੀ, ਉਸ ਨੇ ਅਦੀਨਾ ਬੇਗ ਦਾ ਸਾਥ ਛੱਡ ਦਿੱਤਾ ਤੇ ਕਿਲ੍ਹੇ ਵਿਚ ਸਿੱਖ ਸੈਨਾ ਨਾਲ ਜਾ ਰਲਿਆ, ਇਸ ਨਾਲ ਸਿੱਖਾਂ ਦੇ ਹੌਂਸਲੇ ਬੁਲੰਦ ਹੋ ਗਏ।

੧੭੫੩ ਈ. ਵਿਚ ਮੀਰ ਮਨੂੰ ਦੀ ਮੌਤ ਹੋਣ ਤੋਂ ਬਾਅਦ ਸਿੱਖਾਂ ਨੇ ਇਸ ਕਿਲ੍ਹੇ ਨੂੰ ਦੁਬਾਰਾ ਬਣਵਾਇਆ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਇਸ ਦੀ ਤਿਆਰੀ ਦੀ ਜ਼ਿੰਮੇਵਾਰੀ ਦਿੱਤੀ ਗਈ ਜੋ ਆਪ ਤਰਖਾਣਾ ਕੰਮ ਵਿਚ ਮਾਹਰ ਸੀ। ਉਸ ਨੇ ਇਸ ਗੜ੍ਹੀ ਨੂੰ ਦੁਬਾਰਾ ਬਣਵਾਇਆ ਤੇ ਇਸ ਦਾ ਨਾਮ ਰਾਮਗੜ੍ਹ ਰੱਖ ਦਿੱਤਾ ਜੋ ਭਵਿੱਖ ਵਿਚ ਸਿੱਖਾਂ ਦੀਆਂ ਫੌਜੀ ਸਰਗਰਮੀਆਂ ਦਾ ਆਧਾਰ ਬਣਿਆ। ਇਸ ਕਿਲ੍ਹੇ

ਦੇ ਨਾਮ ਰਾਮਗੜ੍ਹ ਤੋਂ ਸਰਦਾਰ ਜੱਸਾ ਸਿੰਘ ਦੇ ਨਾਮ ਨਾਲ ਰਾਮਗੜ੍ਹੀਆ ਉਪਨਾਮ ਦੇ ਰੂਪ ਵਿਚ ਸਦਾ ਲਈ ਜੁੜ ਗਿਆ। ਖਾਲਸਾ ਕੌਮ ਨੂੰ ਦਿੱਤੀ ਅਗਵਾਈ ਬੀਰਤਾ ਤੇ ਬਹਾਦਰੀ ਨੂੰ ਮੁੱਖ ਰੱਖ ਕੇ ਰਾਮਗੜ੍ਹੀਆ ਭਾਈਚਾਰੇ ਨੇ ਸਰਦਾਰ ਜੱਸਾ ਸਿੰਘ ਨੂੰ ਆਪਣੇ ਦਿਲ-ਓ-ਦਿਮਾਗ਼ ਵਿਚ ਇਕ ਰਾਹਬਰ ਵਜੋਂ ਸਥਾਪਿਤ ਕਰ ਲਿਆ।

**ਮੁਸੀਬਤ ਸਮੇਂ ਇਕੱਠੇ ਹੋਣ ਦਾ ਗੁਣ :**

ਆਪਣੀ ਕੌਮ ਨਾਲ ਸੰਬੰਧਿਤ ਸਿੱਖਾਂ ਦੇ ਘੋਰ ਸੰਕਟ ਸਮੇਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਉਨ੍ਹਾਂ ਨਾਲ ਜਾ ਖੜੇ ਹੋਣ ਦਾ ਫੈਸਲਾ ਸਿੱਖ ਕੌਮ ਦੇ ਆਚਰਨ ਦੀ ਇਕ ਖੂਬੀ ਨੂੰ ਪ੍ਰਗਟ ਕਰਦਾ ਹੈ ਕਿ ਮੁਸੀਬਤ ਸਮੇਂ ਸਰਕਾਰ ਨਾਲ ਮਿਲਵਰਤਨ ਰੱਖਣ ਵਾਲੇ ਸਿੱਖ ਆਪਸ ਵਿਚ ਇਕੱਠੇ ਹੋ ਜਾਂਦੇ ਹਨ। ਕੌਮੀ ਦੁਖਾਂਤ ਟਾਲਣ ਦਾ ਯਤਨ ਕਰਦੇ ਰਹਿੰਦੇ ਹਨ। ਵਰਤਮਾਨ ਸਮੇਂ ਵਿਚ ਵੀ, ਘੱਲੂਘਾਰਾ ਜੂਨ ੧੯੮੪ ਈ. ਸਮੇਂ ਕਈ ਸਿੰਘਾਂ ਨੇ ਸਰਕਾਰੀ ਉਚ-ਅਹੁਦਿਆਂ ਤੋਂ, ਪਾਰਲੀਮੈਂਟ ਦੀ ਮੈਂਬਰੀ ਆਦਿ ਤੋਂ ਅਸਤੀਫੇ ਦਿੱਤੇ। ਕਈ ਫੌਜੀਆਂ ਨੇ ਫੌਜ ਤੋਂ ਬਗਾਵਤ ਕੀਤੀ। ਸਾਰੀ ਉਮਰ ਸਰਕਾਰ ਨਾਲ ਮਿਲਵਰਤਨੀਏ ਰਹਿਣ ਉੱਤੇ ਵੀ ਉਨ੍ਹਾਂ ਦਾ ਕੌਮ ਤੇ ਧਰਮ ਨਾਲ ਪਿਆਰ ਨਹੀਂ ਘਟਿਆ।[੭]

**ਵਿਵੇਕਸ਼ੀਲ ਆਗੂ :**

ਰਾਮ ਰੌਣੀ ਦੇ ਕਿਲ੍ਹੇ ਵਿਚ ਸਿੱਖਾਂ ਦੇ ਘੇਰੇ ਜਾਣ ਦੀ ਘਟਨਾ ਸਮੇਂ ਇਤਿਹਾਸ ਵਿਚ ਇਹ ਵੀ ਜ਼ਿਕਰ ਆਉਂਦਾ ਹੈ ਕਿ ਇਸ ਸਮੇਂ ਕਿਉਂਕਿ ਸਿੱਖਾਂ ਦੇ ਸਮੂਹਿਕ ਜਾਨੀ ਨੁਕਸਾਨ ਹੋਣ ਦਾ ਖ਼ਤਰਾ ਸੀ, ਇਸ ਖ਼ਤਰੇ ਨੂੰ ਟਾਲਣ ਲਈ ਸਰਦਾਰ ਜੱਸਾ ਸਿੰਘ ਨੇ ਦੀਵਾਨ ਕੌੜਾ ਮੱਲ ਨਾਲ ਸੰਪਰਕ ਕੀਤਾ। ਦੀਵਾਨ ਜੀ ਨੇ ਮੀਰ ਮਨੂੰ ਨਾਲ ਮਿਲ ਕੇ ਉਸ ਨੂੰ ਰਾਮ ਰੌਣੀ ਦਾ ਘੇਰਾ ਚੁੱਕ ਲੈਣ ਲਈ ਮਜਬੂਰ ਕੀਤਾ। ਸਿੱਖ ਇਤਿਹਾਸ ਵਿਚ ਇਹ ਘਟਨਾ ਅਤਿਅੰਤ ਮਹੱਤਵਪੂਰਨ ਮੰਨੀ ਗਈ ਕਿਉਂਕਿ ਇਸ ਨਾਲ ਸਰਦਾਰ ਜੱਸਾ ਸਿੰਘ ਨੇ ਆਪਣੀ ਵਿਵੇਕ-ਬੁੱਧ ਦੁਆਰਾ ਕਿੰਨੀਆਂ ਸਿੱਖ ਜਾਨਾਂ ਬਚਾ ਲਈਆਂ।

**ਕੁਸ਼ਲ ਰਾਜ-ਪ੍ਰਬੰਧਕ :**

**(ੳ) ਰਾਜ ਦੀ ਸੁਰੱਖਿਅਤਾ :—**

ਆਪ ਨੇ ਆਪਣੇ ਅਧੀਨ ਇਲਾਕਿਆਂ ਦੇ ਰਾਜ ਪ੍ਰਬੰਧ ਵਿਚ ਜਿੱਥੇ ਰਾਜ ਦੀ ਸੁਰੱਖਿਤਾ ਵੱਲ ਵਿਸ਼ੇਸ਼ ਧਿਆਨ ਦਿੱਤਾ, ਉੱਥੇ ਨਾਲ ਹੀ ਪੰਜਾਬ ਵਿਚ ਕਈ ਕਿਲ੍ਹਿਆਂ ਦੀ ਉਸਾਰੀ ਕਰ ਕੇ ਸਮੁੱਚੇ ਪੰਜਾਬ ਨੂੰ ਸੁਰੱਖਿਅਤ ਇਲਾਕਾ ਬਣਾਉਣ ਲਈ ਵਿਸ਼ੇਸ਼ ਯੋਗਦਾਨ ਪਾਇਆ।

**(ਅ) ਆਰਥਿਕ ਪ੍ਰਬੰਧ :—**

ਹੋਰ ਮਿਸਲਦਾਰਾਂ ਵਾਂਗ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜਿੱਤੇ ਹੋਏ

ਇਲਾਕਿਆਂ ਦੇ ਸਰਦਾਰਾਂ ਪਾਸੋਂ ਰਾਖੀ ਪ੍ਰਬੰਧ ਵਜੋਂ ਕੁਝ ਪੈਸੇ ਪ੍ਰਾਪਤ ਕਰਦੇ ਸਨ। ਇਹੀ ਪੈਸਾ ਉਨ੍ਹਾਂ ਦੇ ਰਾਜ ਦੀ ਆਰਥਿਕ ਸ਼ਕਤੀ ਦਾ ਆਧਾਰ ਬਣਦਾ ਸੀ। ਮਿਸਾਲ ਵਜੋਂ, ਜਮੁਨਾ ਪਾਰ ਦੇ ਮੁਸਲਮਾਨ ਜਾਗੀਰਦਾਰਾਂ ਕੋਲੋਂ ਉਨ੍ਹਾਂ ਨੂੰ ੧੦,੦੦੦ ਸਲਾਨਾ ਮਿਲਦੇ ਸਨ। ਇਕ ਅੰਦਾਜ਼ੇ ਅਨੁਸਾਰ ਉਨ੍ਹਾਂ ਨੂੰ ਸਮੁੱਚੇ ਇਲਾਕਿਆਂ ਤੋਂ ਸੱਤ ਲੱਖ ਦੇ ਕਰ ਦੀ ਪ੍ਰਾਪਤੀ ਹੁੰਦੀ ਸੀ। ਰਾਖੀ ਪ੍ਰਬੰਧ ਤੋਂ ਬਿਨਾਂ ਜਿੱਤੇ ਹੋਏ ਸਰਦਾਰਾਂ, ਰਾਜਿਆਂ ਤੋਂ ਨਜ਼ਰਾਨਾ ਵੀ ਲਿਆ ਜਾਂਦਾ ਸੀ ਜਿਵੇਂ ਕਿ ਉਪਰੋਕਤ ਵਰਣਨ ਹੋ ਚੁੱਕਾ ਹੈ ਕਿ ਦਿੱਲੀ ਜਿੱਤਣ ਤੇ ਸ਼ਾਹ ਆਲਮ (ਦੂਜੇ) ਨੇ ਸਰਦਾਰ ਜੱਸਾ ਸਿੰਘ ਨੂੰ ਨਜ਼ਰਾਨਾ ਭੇਟ ਕੀਤਾ ਸੀ।

**(ੲ) ਲੋੜਵੰਦਾਂ ਦੀ ਸਹਾਇਤਾ** :—

ਜਦੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਇਲਾਕਿਆਂ ਨੂੰ ਫਤਿਹ ਕਰਦੇ ਸਨ ਤਾਂ ਕਈ ਵਾਰੀ ਉਨਾਂ ਨੂੰ ਬੇਅੰਤ ਧਨ ਮਿਲ ਜਾਂਦਾ ਸੀ। ਮਿਸਾਲ ਵਜੋਂ ਕਸੂਰ ਵਿਖੇ ਉਨ੍ਹਾਂ ਨੂੰ ਕਰੋੜਾਂ ਰੁਪਏ ਦੇ ਹੀਰੇ, ਜਵਾਹਾਰਾਤ ਮਿਲੇ ਸਨ। ਉਨ੍ਹਾਂ ਨੇ ਸਾਰਾ ਧਨ 'ਗਰੀਬ ਦਾ ਮੂੰਹ ਗੁਰੂ ਕੀ ਗੋਲਕ' ਜਾਣ ਕੇ, ਗਰੀਬਾਂ ਤੇ ਲੋੜਵੰਦਾਂ ਦੀ ਮਦਦ ਲਈ ਵਰਤਿਆ ਸੀ।

**(ਸ) ਬੀਰਤਾ ਤੇ ਨੈਤਿਕਤਾ ਦਾ ਸੰਗਮ :—**

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਪੰਜਾਬ ਨੂੰ ਮੁਗ਼ਲਾਂ ਤੋਂ ਅਜ਼ਾਦ ਕਰਾਉਣ ਦੇ ਸੰਘਰਸ਼ ਵਿਚ ਸਾਰੀ ਉਮਰ ਬੇਮਿਸਾਲ ਬੀਰਤਾ ਦਾ ਪ੍ਰਗਟਾਵਾ ਕੀਤਾ। ਉਹ ਵੱਡੇ-ਵੱਡੇ ਜਾਬਰਾਂ ਨੂੰ ਸਾਹਮਣੇ ਹੋ ਕੇ ਵੰਗਾਰਦੇ ਰਹੇ ਤੇ ਬੇਖ਼ੌਫ ਹੋ ਕੇ ਲੜਦੇ ਰਹੇ। ਸਿੱਖ ਕਿਰਦਾਰ ਦੀਆਂ ਉੱਚੀਆਂ-ਸੁੱਚੀਆਂ ਕੀਮਤਾਂ ਨੂੰ ਉਨ੍ਹਾਂ ਨੇ ਆਪਣੇ ਰਾਜ-ਪ੍ਰਬੰਧ ਵਿਚ ਵਿਸ਼ੇਸ਼ ਥਾਂ ਦਿੱਤੀ।

੧੭੬੨ ਈ. ਵਿਚ ਵੱਡੇ ਘੱਲੂਘਾਰੇ ਸਮੇਂ ਅਤੇ ੧੭੬੪ ਈ. ਵਿਚ ਅਹਿਮਦਸ਼ਾਹ ਦੇ ਹਮਲਿਆਂ ਵੇਲੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਹਜ਼ਾਰਾਂ ਹਿੰਦੂ ਇਸਤਰੀਆਂ ਨੂੰ ਅਹਿਮਦ ਸ਼ਾਹ ਦੀ ਕੈਦ ਵਿੱਚੋਂ ਛੁਡਵਾ ਕੇ ਇੱਜ਼ਤ ਨਾਲ ਉਨ੍ਹਾਂ ਦੇ ਘਰ ਪੁਚਾਇਆ ਸੀ। ਇਸ ਉਥਲ-ਪੁਥਲ ਦੇ ਸਮੇਂ ਵਿਚ ਸਿੱਖ ਸਰਦਾਰਾਂ ਤੇ ਆਗੂ ਜਰਨੈਲਾਂ ਦੀ ਇਸਤਰੀ ਪ੍ਰਤੀ ਸਨਮਾਨ-ਯੋਗ ਦ੍ਰਿਸ਼ਟੀ ਤੋਂ ਪ੍ਰਭਾਵਿਤ ਹੋ ਕੇ ੧੭੬੪ ਈ. ਵਿਚ ਅਹਿਮਦਸ਼ਾਹ ਅਬਦਾਲੀ ਦੇ ਸਤਵੇਂ ਹੱਲੇ ਨਾਲ ਆਏ ਕਾਜ਼ੀ ਨੂਰਦੀਨ ਨੇ ਲਿਖਿਆ ਸੀ ਕਿ ਖਾਲਸੇ ਜ਼ਿਨਾਕਾਰੀ (ਵਿਭਚਾਰ) ਨਹੀਂ ਸੀ ਕਰਦੇ, ਇਹ ਜ਼ੇਵਰ ਤੇ ਇਸਤਰੀ ਦੀ ਲੁੱਟ ਨਹੀਂ ਕਰਦੇ। ਇਨ੍ਹਾਂ ਸੱਗਾਂ ਵਿਚ ਕੋਈ ਚੋਰ ਨਹੀਂ ਹੁੰਦਾ। ਇਨ੍ਹਾਂ ਨੂੰ ਸੱਗ (ਕੁੱਤੇ) ਨਾ ਕਹੋ ਕਿਉਂਕਿ ਇਹ ਸ਼ੇਰ ਹਨ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਉੱਤਮ ਵਿਵਹਾਰ ਦੀ ਇਕ ਹੋਰ ਮਿਸਾਲ ਤੋਂ ਉਸ ਦੀ ਮਾਨਵੀ ਖੂਬੀ ਦਾ ਪਤਾ ਲਗਦਾ ਹੈ। ਵੱਡੇ ਘੱਲੂਘਾਰੇ ਸਮੇਂ ਜਦ

ਖਾਲਸਾ ਫੌਜ ਦੀ ਅਗਵਾਈ ਕਰਦਿਆਂ ਹੋਇਆ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਖਤ ਜ਼ਖ਼ਮੀ ਹੋ ਗਏ ਤਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਖਾਲਸਾ ਫੌਜ ਦੀ ਅਗਵਾਈ ਸੰਭਾਲ ਲਈ ਤੇ ਵੈਰ-ਵਿਰੋਧ ਭੁੱਲ ਕੇ, ਆਪਣੀ ਦੇਖ-ਰੇਖ ਹੇਠ ਚੰਗੀ ਤਰ੍ਹਾਂ ਇਲਾਜ ਕਰਵਾਇਆ ਤੇ ਠੀਕ ਹੋਣ ਉਪਰੰਤ ਉਨ੍ਹਾਂ ਨੂੰ ਪੂਰੇ ਮਾਣ ਤੇ ਇੱਜ਼ਤ ਨਾਲ ਠੀਕ ਟਿਕਾਣੇ 'ਤੇ ਪੁਚਾ ਦਿੱਤਾ। ਇਸ ਸਮੇਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਇਕ ਤਰ੍ਹਾਂ ਨਾਲ ਭਵਿੱਖ ਵਿਚ ਉਸਰਨ ਵਾਲੇ ਖਾਲਸਾ ਰਾਜ ਵਿਚ ਸਰਬੱਤ ਦੇ ਭਲੇ ਦੀਆਂ ਉੱਚੀਆਂ-ਸੁੱਚੀਆਂ ਰਵਾਇਤਾਂ ਦੀ ਨੀਂਹ ਰੱਖ ਰਹੇ ਸਨ।

ਇਸ ਕਰਮਸ਼ੀਲ ਤੇ ਸੰਘਰਸ਼ਸ਼ੀਲ ਸ਼ਖ਼ਸੀਅਤ ਦਾ ਦੇਹਾਂਤ ੧੮੦੩ ਈ. ਨੂੰ ਸ੍ਰੀ ਹਰਗੋਬਿੰਦਪੁਰ ਵਿਚ ਹੋਇਆ।

ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਪੰਜਾਬ ਨੂੰ ਵਿਦੇਸ਼ੀ ਗ਼ੁਲਾਮੀ ਦੇ ਬੰਧਨ ਤੋਂ ਮੁਕਤ ਕਰਨ ਲਈ ਤੇ ਇੱਥੇ ਖਾਲਸਾ ਰਾਜ ਦੀ ਆਮਦ ਨੂੰ ਨਿਸ਼ਚਿਤ ਕਰਨ ਲਈ ਆਪਣਾ ਸਮੁੱਚਾ ਜੀਵਨ ਸਮਰਪਿਤ ਕਰ ਦਿੱਤਾ। ਇਸ ਤਰ੍ਹਾਂ ਉਹ ਇਕ ਬਹੁ-ਪੱਖੀ ਇਤਿਹਾਸਿਕ ਸ਼ਖ਼ਸੀਅਤ ਹੋ ਨਿੱਬੜਿਆ।

**ਹਵਾਲੇ :**


੧. ਡਾ. ਇੰਦਰਜੀਤ ਸਿੰਘ ਵਾਸੂ, *ਜਬ ਲਗ ਖਾਲਸਾ ਰਹੇ, ਨਿਆਰਾ*, ਪੰਨਾ ੧੫੪

੨. ਪ੍ਰੋ. ਹਰਿੰਦਰ ਸਿੰਘ ਮਹਿਬੂਬ, *ਸਹਿਜੇ ਰਚਿਓ ਖਾਲਸਾ*, ਪੰਨਾ ੧੦੭੭ ਦੇ ਹਵਾਲੇ ਅਨੁਸਾਰ।

੩. ਡਾ. ਪਰਮਜੀਤ ਕੌਰ, ਸਿੱਖ ਰਾਜ ਦੀ ਸਥਾਪਤੀ ਵਿਚ ਜੱਸਾ ਸਿੰਘ ਰਾਮਗੜ੍ਹੀਆ ਦਾ ਯੋਗਦਾਨ *ਰਾਮਗੜ੍ਹੀਆ ਵਿਰਾਸਤ*, ਜੈ ਤੇਗ ਸਿੰਘ ਅਨੰਤ, ਪੰਨਾ ੧੫

੪. ਡਾ. ਬਲਕਾਰ ਸਿੰਘ, ਸਿੱਖ ਮਿਸਲਾਂ ਵਿਚ ਰਾਮਗੜ੍ਹੀਏ ਭਾਈਚਾਰੇ ਦੀ ਭੂਮਿਕਾ, *ਉਹੀ* , ਪੰਨਾ ੨੧

੫. ਡਾ. ਪਰਮਜੀਤ ਕੌਰ, *ਉਹੀ*, ਪੰਨਾ ੧੮

੬. *ਉਹੀ* ਪੰਨਾ ੧੭

੭. ਡਾ. ਇੰਦਰਜੀਤ ਸਿੰਘ ਵਾਸੂ, *ਉਹੀ*, ਪੰਨਾ ੧੫੭


## ਜ਼ਿਲ੍ਹਾ ਤਰਨ ਤਾਰਨ ਵਿਖੇ ਅੰਮ੍ਰਿਤ-ਸੰਚਾਰ

ਭਾਈ ਲਖਬੀਰ ਸਿੰਘ ਕੱਕਾ ਕੰਡਿਆਲਾ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਬਾਬਾ ਜੀਵਨ ਸਿੰਘ, ਪਿੰਡ ਨੂਰਦੀ, ਜ਼ਿਲ੍ਹਾ ਤਰਨ-ਤਾਰਨ ਵਿਖੇ ੧੧ ਦਸੰਬਰ, ੨੦੨੨ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੨੯ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਰੋਲ ਮਾਡਲ ਸਿੱਖ ਜਰਨੈਲ : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

*-ਸ. ਸੁਰਿੰਦਰ ਸਿੰਘ**

ਸਿੱਖ ਕੌਮ ਦਾ ਇਤਿਹਾਸ ਜੁਝਾਰੂ ਯੋਧਿਆਂ ਨਾਲ ਭਰਿਆ ਪਿਆ ਹੈ ਤੇ ਕੌਮ ਵਿਚ ਜਰਨੈਲਾਂ ਦੀ ਵੀ ਕੋਈ ਘਾਟ ਨਹੀਂ ਹੈ। ਸਿੱਖ ਵਿਰਾਸਤ 'ਤੇ ਤਿਰਛੀ ਨਜ਼ਰ ਮਾਰਨ ਲੱਗਿਆਂ ਸੂਰਬੀਰਾਂ ਦੇ ਨਾਵਾਂ ਦੀ ਲੰਮੀ ਲੜੀ ਅੱਖਾਂ ਸਾਹਮਣਿਉਂ ਹੋ ਗੁਜਰਦੀ ਹੈ। ਅਠਾਰ੍ਹਵੀਂ ਸਦੀ ਦੇ ਮੱਧਕਾਲ ਵਿਚ 'ਜੱਸਾ ਸਿੰਘ' ਨਾਮ ਦੇ ਦੋ ਉੱਘੇ ਸਮਕਾਲੀ ਸਿੱਖ ਜਰਨੈਲ ਖਾਲਸਾ ਦਲਾਂ ਦੀ ਅਗਵਾਈ ਕਰਦੇ ਨਜ਼ਰ ਆਉਂਦੇ ਹਨ। ਇਕ ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਮਿਸਲ ਦੇ ਸਰਦਾਰ ਹਨ ਜਿਨ੍ਹਾਂ ਦੀ ਤੀਜੀ ਜਨਮ ਸ਼ਤਾਬਦੀ ਸੰਨ ੨੦੧੮ ਵਿਚ ਮਨਾਈ ਗਈ ਸੀ। ਦੂਜੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਮਿਸਲ ਦੇ ਰੂਹ-ਏ-ਰਵਾਂ ਦੀ ਤੀਜੀ ਜਨਮ ਸ਼ਤਾਬਦੀ ਸੰਨ ੨੦੨੩ ਵਿਚ ਖਾਲਸਾ ਪੰਥ ਵੱਲੋਂ ਮਨਾਈ ਜਾ ਰਹੀ ਹੈ। ਤਿੰਨ ਸੌ ਸਾਲ ਦੀਆਂ ਇਤਿਹਾਸਿਕ ਯਾਦਾਂ, ਪਿਰਤਾਂ ਤੇ ਪੈੜਾਂ ਨੂੰ ਸਾਂਝਿਆਂ ਕਰ ਕੇ ਸਿੱਖ ਵਿਰਸੇ ਨੂੰ ਉਜਾਗਰ ਕਰਨ ਦੇ ਹੰਭਲੇ ਅੱਜ ਇੱਕੀਵੀਂ ਸਦੀ 'ਚ ਦੇਸਾਂ-ਵਿਦੇਸ਼ਾਂ ਵਿਚ ਮਾਰੇ ਜਾ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ੫ ਮਈ, ੨੦੨੩ ਈ. ਦੇ ੩੦੦ ਸਾਲਾ ਜਨਮ ਦਿਹਾੜੇ ਨੂੰ ਸਮਰਪਿਤ 'ਗੁਰਮਤਿ ਪ੍ਰਕਾਸ਼' ਦਾ ਹਥਲਾ ਵਿਸ਼ੇਸ਼ ਅੰਕ ਛਾਪਿਆ ਜਾ ਰਿਹਾ/ਗਿਆ ਹੈ। ਨਿਸਚੇ ਹੀ ਇਹ ਯਾਦਗਾਰੀ ਅੰਕ ਸਿੱਖ ਵਿਰਾਸਤ ਨਾਲ ਸੰਬੰਧਿਤ ਛਪੀਆਂ ਲਿਖਤਾਂ ਨੂੰ ਪੜਚੋਲ ਕੇ ਪਾਠਕਾਂ ਨੂੰ ਅਫਗਾਨਾਂ, ਮੁਗ਼ਲਾਂ ਤੇ ਮਰਹੱਟਿਆਂ ਦੀਆਂ ਤੇਗਾਂ ਸਾਹਵੇਂ ਪੰਥਕ ਕਰਤੱਵ, ਸ਼ਹੀਦੀਆਂ ਤੇ ਖਾਲਸਾ ਜੀ ਵੱਲੋਂ ਵਾਹੀ ਤੇਗ ਦੀ ਤੁਲਨਾਤਮਿਕ ਜਾਣਕਾਰੀ ਦੇਣ ਵਿਚ ਸਹਾਈ ਹੋਵੇਗਾ। ਦਾਰਸ਼ਨਿਕਾਂ ਦੀਆਂ ਲਿਖਤਾਂ ਉਸ ਸਮੇਂ ਦੀ ਉਥਲ-ਪੁਥਲ, ਖੱਜਲ-ਖੁਆਰੀ, ਜ਼ੁਲਮ-ਓ-ਸਿਤਮ, ਜੰਗਲ ਬੇਲੇ, ਛੰਬ ਤੇ ਘੋੜਿਆਂ ਦੀਆਂ ਕਾਠੀਆਂ ਹੰਢਾ ਕੇ, ਅਕਾਲ ਪੁਰਖ ਜੀ ਦੀ ਟੇਕ ਤੇ ਭਾਣਾ ਮੰਨ ਕੇ, ਪੰਜਾਬ ਉੱਤੇ ਖੂੰਖਾਰ ਹਮਲਾਵਰਾਂ, ਤੁਅੱਸਬੀ ਜਰਵਾਣਿਆਂ ਦੇ ਮਜ਼੍ਹਬੀ ਗਰੂਰ ਅਤੇ ਉਨ੍ਹਾਂ ਦੇ ਸਿਆਸੀ ਸੁਪਨਿਆਂ ਨੂੰ ਚਕਨਾਚੂਰ ਕਰ ਕੇ ਗੁਰੂ ਕੇ ਖਾਲਸੇ ਨੇ ਮਿੱਟੀ ਵਿਚ ਮਿਲਾ ਦਿੱਤਾ। ਲਹੂ ਮਿੱਝ ਦੇ ਗਾਰੇ ਤੇ ਸਿੰਘਾਂ-ਸਿੰਘਣੀਆਂ ਦੇ ਸਿਰਾਂ ਦਾ ਬਿਆਨਾ ਦੇ ਕੇ ਖਾਲਸੇ ਨੇ ਅਠਾਰ੍ਹਵੀਂ ਸਦੀ ਵਿਚ ਪਹਿਲਾਂ ਹੀ ਸਿੱਖ

**ਪਬਲਿਕ ਰੀਲੇਸ਼ਨਜ਼, ਸਾਬਕਾ ਪ੍ਰਧਾਨ ਅਤੇ ਫਾਊਂਡਿੰਗ ਮੈਂਬਰ, ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ, ਪ੍ਰਧਾਨ: ਫਾਈਵ ਰਿਵਰਜ ਕਮਿਉਨਿਟੀ ਸਰਵਿਸਜ਼ ਸੁਸਾਇਟੀ ਅਤੇ ਫਾਈਵ ਰਿਵਰਜ ਮੈਨੇਜਮੈਂਟ ਸਰਵਿਸਜ਼ ਸੁਸਾਇਟੀ। ਫੋਨ: +੧ ੭੭੮ ੮੩੬ ੨੫੪੩*

ਰਾਜ ਦੀ ਨੀਂਹ ਰੱਖ ਦਿੱਤੀ।

ਸਰਦਾਰ ਜੱਸਾ ਸਿੰਘ ਜੀ ਦਾ ਜਨਮ ਗੁਰੂ-ਦਰ ਦੇ ਪ੍ਰੇਮੀ, ਕਿਰਤੀ ਪਰਵਾਰ ਮਾਤਾ ਗੰਗ ਕੌਰ ਤੇ ਗਿਆਨੀ ਭਗਵਾਨ ਸਿੰਘ ਦੇ ਘਰ ਲਾਹੌਰ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਈਚੋਗਿੱਲ (ਇੱਛੋਗਿੱਲ) ਵਿਚ ਹੋਇਆ। ਬਾਬਾ ਬੰਦਾ ਸਿੰਘ ਬਹਾਦਰ ਜੀ ਅਤੇ ਅਤਿਅੰਤ ਸਿੰਘਾਂ ਦੀਆਂ ਸ਼ਹੀਦੀਆਂ ਉਪਰੰਤ ਔਝੜ ਅਤੇ ਬਿਖੜੇ ਸਮੇਂ ਗੁਰਬਾਣੀ ਪ੍ਰਸਾਰ ਤੇ ਪ੍ਰਚਾਰ ਕਰਨ ਸਦਕੇ ਉਸ ਸਮੇਂ ਪਿਤਾ ਭਗਵਾਨ ਸਿੰਘ ਜੀ ਖਾਲਸਾ ਪੰਥ ਵਿਚ 'ਗਿਆਨੀ' ਕਰ ਕੇ ਸਤਿਕਾਰੇ ਜਾਂਦੇ ਸਨ। ਸਮੇਂ ਦੇ ਨਾਲ ਇਹ ਸਨਮਾਨਿਤ ਲਕਬ ਗਿਆਨੀ ਭਗਵਾਨ ਸਿੰਘ ਜੀ ਦੇ ਨਾਂ ਨਾਲ ਹਮੇਸ਼ਾ ਲਈ ਜੁੜ ਗਿਆ। ਗਿਆਨੀ ਜੀ ਦੇ ਪਿਤਾ ਸਰਦਾਰ ਹਰਦਾਸ ਸਿੰਘ ਪਿੰਡ ਸੁਰਸਿੰਘ ਦੇ ਨਿਵਾਸੀ ਸਨ। ਸਰਦਾਰ ਹਰਦਾਸ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਾਸੋਂ ਪ੍ਰਾਪਤ ਕੀਤੀ ਸੀ। ਉਹ ਧਾਤਾਂ ਮਿਲਾ ਕੇ ਹਥਿਆਰ ਬਣਾਉਣ ਦੇ ਮਾਹਰ ਹੋਣ ਕਰਕੇ ਸ੍ਰੀ ਅਨੰਦਪੁਰ ਸਾਹਿਬ ਵਿਚ ਖਾਲਸਈ ਫੌਜ ਦੇ ਹਥਿਆਰ ਬਣਾਉਣ ਦੀ ਸੇਵਾ ਕਰਿਆ ਕਰਦੇ ਸਨ। ਕਿਹਾ ਜਾਂਦਾ ਹੈ ਕਿ ਜਿਸ ਨਾਗਣੀ ਬਰਛੇ ਨਾਲ ਜੰਗਜੂ ਭਾਈ ਬਚਿੱਤਰ ਸਿੰਘ ਜੀ ਨੇ ਸੰਜੋਆਂ ਮੜ੍ਹੇ ਮਸਤ ਹਾਥੀ ਦਾ ਸਿਰ ਵਿੰਨ੍ਹਿਆ ਸੀ, ਉਹ ਸਰਦਾਰ ਹਰਦਾਸ ਸਿੰਘ ਜੀ ਦੇ ਹੱਥਾਂ ਦੀ ਬਣਾਈ ਹੋਈ ਸੀ। ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼' ਵਿਚ ਸ. ਜੱਸਾ ਸਿੰਘ ਨੂੰ ਸੰਬੋਧਨ ਕਰਕੇ ਕਹਿੰਦੇ ਹਨ ਕਿ ਸਰਦਾਰ ਹਰਦਾਸ ਸਿੰਘ ਜੀ ਦੇ ਸਿੱਖੀ ਪ੍ਰੇਮ, ਘਾਲਣਾ ਤੇ ਸੇਵਾ ਭਾਵਨਾ ਤੋਂ ਖੁਸ਼ ਹੋ ਕੇ ਕਲਗੀਆਂ ਵਾਲੇ ਦਸਮੇਸ਼ ਪਿਤਾ ਜੀ ਨੇ ਇਹ ਵਰਦਾਨ ਦਿੱਤਾ:

*"ਇਨ ਕਾ ਬੜਾ ਸਿੰਘ ਹਰਿਦਾਸ।*
*ਰਹਿਯੋ ਗੁਰ ਗੋਬਿੰਦ ਸਿੰਘ ਪਾਸ।*
*ਤਨ ਮਨ ਧਨ ਕਰ ਸੇਵ ਕਮਾਈ।*
*ਗੁਰ ਵਰ ਦੀਨੋ ਰਾਜ ਲੁਭਾਈ।*
*ਸਿੰਘ ਭਗਵਾਨ ਤਾਹਿ ਸੁਤ ਭਹਿਯੋ।*
*ਅਬਚਲ ਨਗਰ ਗੁਰੂ ਸੰਗ ਰਹਯੋ"।*

ਹਕੂਮਤੀ ਸਖਤੀਆਂ ਤੇ ਹਾਲਾਤਾਂ ਦਾ ਸਾਹਮਣਾ ਕਰਦੇ ਹੋਏ ਗਿਆਨੀ ਭਗਵਾਨ ਸਿੰਘ ਜੀ ਆਪਣਾ ਪਿਛਲਾ ਪਿੰਡ ਛੱਡ ਕੇ ਈਚੋਗਿੱਲ (ਇੱਛੋਗਿੱਲ) ਵਿਚ ਆ ਟਿਕੇ। ਇੱਥੇ ਆਪ ਜੀ ਦੇ ਗ੍ਰਿਹ ਵਿਖੇ ਪੰਜ ਪੁੱਤਰ ਜਨਮੇ। ਸ. ਜੱਸਾ ਸਿੰਘ ਆਪਣੇ ਪੰਜ ਭਰਾਵਾਂ— ਜੈ ਸਿੰਘ, ਖੁਸ਼ਹਾਲ ਸਿੰਘ, ਮਾਲੀ ਸਿੰਘ ਤੇ ਤਾਰਾ ਸਿੰਘ ਵਿੱਚੋਂ ਸਭ ਤੋਂ ਵੱਡੇ ਸਨ। ਮੁਢਲੀ ਵਿੱਦਿਆ ਗੁਰਮੁਖੀ, ਗੁਰਬਾਣੀ ਤੇ ਸ਼ਸਤਰ ਵਿੱਦਿਆ ਸਪੁੱਤਰ ਜੱਸਾ ਸਿੰਘ ਨੇ ਆਪਣੇ ਪਿਤਾ ਗਿਆਨੀ ਭਗਵਾਨ ਸਿੰਘ ਤੋਂ ਹੀ ਪ੍ਰਾਪਤ ਕੀਤੀ। ਪਿਤਾ-ਪੁਰਖੀ ਕਿੱਤਾ ਤਾਂ ਬੇਸ਼ੱਕ ਤਰਖਾਣਾ ਕੰਮ ਸੀ ਪਰ ਨੌਜੁਆਨ ਜੱਸਾ ਸਿੰਘ ਦਾ ਮਨ ਇਸ ਕਿਰਤੀ ਕੰਮ-ਕਾਜ ਵਿਚ ਉੱਕਾ ਹੀ ਨਾ ਖੁੱਭਿਆ। ਉਹ ਤਾਂ ਨਿੱਤ ਦੇ

ਅੱਤਿਆਚਾਰ, ਸਿੱਖ ਸ਼ਹੀਦੀਆਂ ਤੇ ਤਾਨਾਸ਼ਾਹੀ ਹੁਕਮਰਾਨਾਂ ਦੀਆਂ ਜ਼ੁਲਮੀ ਹਨੇਰੀਆਂ ਦੀਆਂ ਕਹਾਣੀਆਂ ਤੋਂ ਪ੍ਰਭਾਵਿਤ ਹੋ ਕੇ ਆਪੂੰ ਤੇ ਕੌਮ ਨੂੰ ਆਜ਼ਾਦ ਕਰਵਾਉਣ ਦੇ ਰਉਂ ਵਿਚ ਰੁੱਝਿਆ ਹੋਇਆ ਸੀ। ਆਖਰਕਾਰ ਇਸ ਮੌਕੇ ਦੀ ਪਹਿਲਕਦਮੀ ਉਦੋਂ ਹੋਈ ਜਦੋਂ ਖਾਲਸਾ ਪੰਥ ਨੇ ੧੭੩੯ ਈ. ਵਿਚ ਵਿਦੇਸ਼ੀ ਧਾੜਵੀ ਨਾਦਰਸ਼ਾਹ ਖ਼ਿਲਾਫ ਲੜਾਈ ਵਿਚ ਚੜ੍ਹਦੀ ਜੁਆਨੀ 'ਚ ਮੁੱਛ-ਫੁਟ ਗੱਭਰੂ ਜੱਸਾ ਸਿੰਘ ਵੀ ਆਪਣੇ ਪਿਤਾ ਨਾਲ ਸ਼ਾਮਲ ਹੋ ਗਿਆ। ਅਕਾਲ-ਪੁਰਖ ਦੀ ਰਜ਼ਾ ਐਸੀ ਵਰਤੀ ਕਿ ਗਿਆਨੀ ਜੀ ਇਸ ਲੜਾਈ ਵਿਚ ਸ਼ਹੀਦੀ ਪ੍ਰਾਪਤ ਕਰ ਗਏ। ਬੇਸ਼ੱਕ ਜ਼ਕਰੀਆ ਖਾਨ ਨਾਦਰਸ਼ਾਹ ਹੱਥੋਂ ਹਾਰ ਗਿਆ ਪਰ ਅਹਿਦ ਅਨੁਸਾਰ ਪੰਜਾਬ ਦਾ ਹਾਕਮ ਬਣਿਆ ਹੀ ਰਿਹਾ। ਆਪਣੀ ਜਾਨ ਬਚਾਉਣ ਦੇ ਇਵਜ਼ ਵਿਚ ਸ਼ਹੀਦ ਹੋਣ ਵਾਲੇ ਗਿਆਨੀ ਭਗਵਾਨ ਸਿੰਘ ਜੀ ਦੇ ਪੰਜ ਪੁੱਤਰਾਂ ਨੂੰ ਜ਼ਕਰੀਆ ਖਾਨ ਨੇ ਪੰਜ ਪਿੰਡ-ਵੱਲਾ, ਵੇਰਕਾ, ਸੁਲਤਾਨਵਿੰਡ, ਤੁੰਗ ਤੇ ਚੱਬਾ ਜਾਗੀਰ ਵਜੋਂ ਦੇ ਦਿੱਤੇ। ਕਈ ਇਤਿਹਾਸਕਾਰ ਤਾਂ ਇਹ ਵੀ ਲਿਖਦੇ ਹਨ ਕਿ ਜਗੀਰ ਨਾਲ ਜ਼ਕਰੀਆ ਖਾਨ ਨੇ ਸਰਦਾਰ ਜੱਸਾ ਸਿਘ ਨੂੰ ਰਸਾਲਦਾਰ ਦੀ ਪਦਵੀ ਵੀ ਬਖਸ਼ੀ। ਇਸ ਤਰ੍ਹਾਂ ਨੌਜੁਆਨ ਜੱਸਾ ਸਿੰਘ ਦਾ ਆਪਣਾ ਰਾਜਸੀ ਜੀਵਨ ਵਾਲਾ ਖੇਤਰ ਸ਼ੁਰੂ ਹੋ ਗਿਆ।

ਸਰਦਾਰ ਜੱਸਾ ਸਿੰਘ ਨੇ ਹੁਣ ਪਿੱਛੇ ਮੁੜ ਕੇ ਨਾ ਦੇਖਿਆ। ਪੰਜਾਂ ਪਿੰਡਾਂ ਦੀ ਜਗੀਰ ਨੂੰ ਆਪਣੇ ਪੰਜਾਂ ਭਰਾਵਾਂ ਵਿਚ ਵੰਡ ਦਿੱਤਾ ਜਿੱਥੋਂ ਰਾਖੀ ਤੇ ਰਾਜਸੀ ਪ੍ਰਬੰਧਾਂ ਨੂੰ ਸਿੱਖਿਆ। ਜਗੀਰ ਦੀ ਰਾਖੀ ਤੇ ਕਰ (ਟੈਕਸ) ਦੀ ਉਗਰਾਹੀ ਸਮੇਂ ਜਲੰਧਰ ਦੇ ਹਾਕਮ ਅਦੀਨਾ ਬੇਗ ਨਾਲ ਮੁੱਠਭੇੜ ਹੋ ਗਈ ਜਿਸ ਨੂੰ ਵੱਲੇ ਦੀ ਲੜਾਈ ਕਰਕੇ ਜਾਣਿਆ ਜਾਂਦਾ ਹੈ। ਇਸ ਲੜਾਈ ਵਿਚ ਜਿੱਤ ਪ੍ਰਾਪਤ ਕਰਨ ਸਦਕੇ ਚੜ੍ਹਦੀ ਉਮਰ ਦੇ ਨੌਜੁਆਨ ਦਾ ਸਤਿਕਾਰ ਪੰਥ ਵਿਚ ਹੋਰ ਵੀ ਵਧ ਗਿਆ। ਸ. ਨੰਦ ਸਿੰਘ ਸਾਂਘਣੀਆ ਦੇ ਜੱਥੇ ਵਿਚ ਸ਼ਾਮਲ ਹੋ ਕੇ ਤਾਂ ਉਹ ਹੁਣ ਖਾਲਸਾ ਦਲ ਵਿਚ ਸ਼ਾਮਲ ਹੋ ਗਿਆ। ਵੈਸਾਖੀ ਮੌਕੇ ਦਲ ਖਾਲਸਾ ਵਲੋਂ ਸ੍ਰੀ ਦਰਬਾਰ ਸਹਿਬ ਦੀ ਰਾਖੀ ਲਈ ਸ੍ਰੀ ਅੰਮ੍ਰਿਤਸਰ ਵਿਚ ਰਾਮ ਰੌਣੀ ਨਾਂ ਦਾ ਕਿਲ੍ਹਾ ਉਸਾਰਨ ਦਾ ਫੈਸਲਾ ਕੀਤਾ। ਜਿਸ ਨੂੰ ਕੁਝ ਸਮੇਂ ਵਿਚ ਉਸਾਰ ਦਿੱਤਾ ਜਿਸ ਵਿਚ ੫੦੦ ਕੁ ਜੁਆਨਾਂ ਦੇ ਠਹਿਰਨ ਦਾ ਪ੍ਰਬੰਧ ਸੀ।

ਸਮੇਂ ਦੀ ਨਜ਼ਾਕਤ ਨੂੰ ਤੱਕਦੇ ਹੋਏ ਖਾਲਸਾ ਦਲ ਦੇ ਮੁਖੀ ਨਵਾਬ ਕਪੂਰ ਸਿੰਘ ਜੀ ਨੇ ਖਾਲਸਈ ਤਰਨਾ ਦਲ ਦੀ ਵਾਗਡੋਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੌਂਪ ਕੇ ਆਪਣਾ ਜਾਨਸ਼ੀਨ ਨਿਯੁਕਤ ਕਰ ਦਿੱਤਾ। ਮੁਗਲਾਂ ਨਾਲ ਸਿਆਸੀ ਜੋੜ-ਮੇਲ ਜਿਵੇਂ ਕਦੇ ਨਾਦਰਸ਼ਾਹ ਦੇ ਹਮਲੇ ਸਮੇਂ ਦਲ ਖਾਲਸਾ ਨਾਲ ੧੭੩੯ ਈ. ਵਿਚ ਹੋਇਆ ਸੀ ਤੇ ਅਕਸਰ ਹੀ ਹੋਇਆ ਕਰਦੇ ਸਨ ਜਿਵੇਂ ਕਿ ੧੭੩੩ ਈ. ਵਿਚ ਇਕ ਪਾਸੇ ਤਾਂ ਹਕੂਮਤ ਸਿੱਖਾਂ ਨੂੰ ਫੜ-ਫੜ ਕੇ ਸ਼ਹੀਦ ਕਰ ਰਹੀ ਸੀ ਤੇ ਦੂਜੇ ਪਾਸੇ ਨਵਾਬੀ ਤੇ ਜਗੀਰ ਦੀ ਪੇਸ਼ਕਸ਼ ਵੀ ਆ ਰਹੀ ਸੀ। ਇਸੇ ਤਰ੍ਹਾਂ ੧੭੪੮ ਈ. ਸਮੇਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਤਾਂ ਨਾਂਹ ਕਰ ਦਿੱਤੀ ਪਰ ਸਰਦਾਰ

ਜੱਸਾ ਸਿੰਘ ਈਚੋਗਿੱਲੀਆ (ਰਾਮਗੜ੍ਹੀਆ) ਨੇ ਅਦੀਨਾ ਬੇਗ ਨਾਲ ਕੂਟਨੀਤੀ ਤਹਿਤ ਰਾਜਸੀ ਸਮਝੌਤੇ ਦੀ ਹਾਂ ਕਰ ਲਈ। ਕਰਨੀ ਕਰਤਾਰ ਦੀ ੧੭੪੮ ਈ. ਦੀ ਵੈਸਾਖੀ ਤੋਂ ਬਾਅਦ ਜਦੋਂ ਦੀਵਾਲੀ ਆਈ ਤਾਂ ਲਾਹੌਰ ਦੇ ਸੂਬੇਦਾਰ ਮੀਰ ਮਨੂੰ ਨੇ ਖਾਲਸਾ ਜੀ ਦੇ ਰਾਮ ਰੌਣੀ ਕਿਲ੍ਹੇ ਨੂੰ ਫੌਜੀ ਘੇਰਾ ਪਾ ਲਿਆ ਤੇ ਆਪਣੇ ਮੁਤਾਹਿਤ ਜਲੰਧਰ ਦੇ ਹਾਕਮ ਨੂੰ ਵੀ ਸਹਾਇਤਾ ਦਾ ਹੁਕਮ ਕਰ ਦਿੱਤਾ।ਕਹਿੰਦੇ ਨੇ ਕਿ ਇਹ ਘੇਰਾ ਲੰਮਾ ਸਮਾਂ ਰਿਹਾ ਤੇ ਸੂਬੇਦਾਰ ਦਾ ਹੁਕਮ ਮੰਨਦੇ ਹੋਏ ਅਦੀਨਾ ਬੇਗ ਦੀ ਫੌਜ ਵੀ ਉੱਥੇ ਪਹੁੰਚੀ ਤਾਂ ਸਿਆਸੀ ਸਮਝੌਤੇ ਅਨੁਸਾਰ ਸਰਦਾਰ ਜੱਸਾ ਸਿੰਘ ਈਚੋਗਿੱਲ ਵੀ ਜਲੰਧਰ ਦੇ ਨਵਾਬ ਦੀ ਫੌਜ ਵਿਚ ਸ਼ਾਮਲ ਸੀ। ਸਰਦਾਰ ਜੱਸਾ ਸਿੰਘ ਈਚੋਗਿੱਲ ਖਾਲਸਾ ਜੀ ਦੀ ਆਨ-ਬਾਨ ਤੇ ਸ਼ਾਨ ਦਾ ਮਾਣ ਬਰਕਰਾਰ ਰੱਖਦੇ ਹੋਏ ਅਦੀਨਾ ਬੇਗ ਦੇ ਮੱਦਤੀ ਸਮਝੌਤੇ ਤੋਂ ਇਨਕਾਰੀ ਹੋ ਗਏ ਤੇ ਮੌਕਾ ਪਾ ਕੇ ਸਾਥੀਆਂ ਸਮੇਤ ਰਾਮ ਰੌਣੀ ਵਿਚਲੇ ਭਰਾਵਾਂ ਨਾਲ ਜਾ ਮਿਲੇ ਤੇ ਅਦੀਨਾ ਬੇਗ ਦੇ ਦੀਵਾਨ ਕੌੜਾ ਮੱਲ ਨਾਲ ਫਿਰ ਰਾਬਤਾ ਕਾਇਮ ਕਰ ਕੇ ਰਾਮ ਰੌਣੀ ਦਾ ਘੇਰਾ ਚੁਕਵਾ ਲਿਆ। ਬਾਅਦ ਵਿਚ ਰਾਮ ਰੌਣੀ ਦਾ ਨਾਂ ਖਾਲਸਾ ਫੌਜਾਂ ਵਿਚ ਰਾਮਗੜ੍ਹ ਪੈ ਗਿਆ ਤੇ ਸਰਦਾਰ ਜੱਸਾ ਸਿੰਘ ਤੇ ਉਸ ਦੇ ਸਾਥੀ 'ਰਾਮਗੜ੍ਹੀਏ' ਕਰਕੇ ਮਸ਼ਹੂਰ ਹੋ ਗਏ ਤੇ ਇਸ ਮਿਸਲ ਦਾ ਨਾਂ 'ਰਾਮਗੜ੍ਹੀਆ ਮਿਸਲ' ਤੇ ਮਿਸਲਦਾਰ ਦਾ ਨਾਮ 'ਜੱਸਾ ਸਿੰਘ ਰਾਮਗੜ੍ਹੀਆ' ਜਾਣਿਆ ਜਾਣ ਲੱਗ ਪਿਆ।

ਰਾਮਗੜ੍ਹੀਆ ਸਰਦਾਰ ਨੇ ਰਾਜਸੀ ਖੇਤਰ ਵਿਚ ਹੁਣ ਵੱਧ-ਚੜ੍ਹ ਕੇ ਮੱਲਾਂ ਮਾਰੀਆਂ। ਛੇਵੇਂ ਪਾਤਸ਼ਾਹ ਵੱਲੋਂ ਵਸਾਏ ਨਗਰ ਸ੍ਰੀ ਹਰਿਗੋਬਿੰਦਪੁਰ ਨੂੰ ਆਪਣੀ ਰਾਜਧਾਨੀ ਬਣਾਇਆ। ਪਹਾੜੀ ਰਿਆਸਤਾਂ ਨੂੰ ਜਿੱਤ ਕੇ ਅਪਣੇ ਅਧੀਨ ਕੀਤਾ ਤੇ ਪਹਾੜੀ ਰਿਆਸਤਾਂ ਤੋਂ ਸਾਲਾਨਾ ਕਰ (ਟੈੱਕਸ) ਵੀ ਉਗਰਾਹਿਆ। ਰੱਖਿਆ ਲਈ ਕਿਲ੍ਹੇ ਉਸਾਰੇ ਤੇ ਜਿੰਨੀ ਵਾਰ ਵੀ ਰਾਮਗੜ੍ਹ (ਰਾਮ ਰੌਣੀ) ਕਿਲ੍ਹੇ ਨੂੰ ਵੈਰੀਆਂ ਨੇ ਢਾਹਿਆ ਤਾਂ ਰਾਮਗੜ੍ਹੀਆ ਸਰਦਾਰ ਨੇ ਪੂਰੀ ਤਨਦੇਹੀ ਨਾਲ ਹਰੇਕ ਵਾਰ ਉਸਾਰਿਆ। ਸਤਲੁਜੋਂ ਪਾਰ ਹਾਂਸੀ ਹਿਸਾਰ, ਮੇਰਠ, ਚੰਦੌਸੀ, ਭਰਤਪੁਰ, ਸਹਾਰਨਪੁਰ ਦੇ ਰਾਜਿਆਂ ਕੋਲੋਂ ਕਰ (ਟੈਕਸ) ਵੀ ਵਸੂਲ ਕੀਤੇ। ਮੇਰਠ ਸ਼ਹਿਰ ਦੇ ਇਲਾਕਿਆਂ ਦੇ ਹਾਕਮ ਜ਼ਬੀਤਾ ਖਾਨ ਨੇ ਤਾਂ ਹਰ ਸਾਲ ਹੀ ਕਰ ਦੇਣ ਦਾ ਇਕਰਾਰ ਵੀ ਕੀਤਾ। ਸਾਲਾਨਾ ਕਰ ਦੇਣ ਬਦਲੇ ਸਥਾਨਕ ਚੌਧਰੀਆਂ ਨੂੰ ਹਾਕਮ ਜਾਂ ਰਾਜਾ ਬਣੇ ਰਹਿਣ ਦੀ ਖੁਲ੍ਹ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਬੇਹਦ ਸਤਿਕਾਰ ਤਕ ਪਹੁੰਚਾਇਆ। ਸੰਨ ੧੭੮੩ ਵਿਚ ਸੰਮਿਲਤ ਖਾਲਸਾ ਫੌਜ ਤੇ ਸਿੱਖ ਸਰਦਾਰਾਂ— ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਬਘੇਲ ਸਿੰਘ, ਸਰਦਾਰ ਤਾਰਾ ਸਿੰਘ ਘੇਬਾ, ਸਰਦਾਰ ਮਹਾਂ ਸਿੰਘ ਸ਼ੁਕਰਚੱਕੀਆ ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨਾਲ ਦਿੱਲੀ ਫਤਹ ਕੀਤੀ। ਉਂਜ ਤਾਂ ਸੁਣਿਐ ਖਾਲਸੇ ਨੇ ਬਹੁਤ ਵਾਰੀ ਦਿੱਲੀ ਫਤਹ ਕੀਤੀ ਸੀ ਪਰ ਇਸ ਵਾਰ ਖਾਸ ਗੱਲ ਇਹ ਸੀ ਕਿ ਦਿੱਲੀ ਦੇ ਲਾਲ ਕਿਲ੍ਹੇ 'ਤੇ ਕੇਸਰੀ ਨਿਸ਼ਾਨ ਝੁਲਾਉਣ ਦੇ ਨਾਲ ਨਾਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਮੁਗ਼ਲਾਂ ਦੀ ਤਾਜਪੋਸ਼ੀ

ਵਾਲੀ ਸਿਲ ਤੇ ਮੁਗ਼ਲਾਂ ਦੇ ਤੋਪਖਾਨੇ ਦੀਆਂ ਚਾਰ ਤੋਪਾਂ ਵੀ ਅਪਣੇ ਨਾਲ ਲੈ ਆਇਆ ਸੀ। ਸ਼ਾਹ ਆਲਮ ਨੇ ਦਿੱਲੀ ਦੀ ਜਨਤਾ ਵੱਲੋਂ ਸਰਦਾਰ ਸਾਹਿਬ ਨੂੰ ਨਜ਼ਰਾਨਾ ਵੀ ਭੇਟ ਕੀਤਾ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ ਸਾਰਾ ਜੀਵਨ ਹੀ ਸੰਘਰਸ਼ਸ਼ੀਲ ਰਿਹਾ। ਸੰਨ ੧੭੩੭ ਤੋਂ ੧੮੦੩ ਈ. ਤੀਕ ਰਾਮਗੜ੍ਹੀਏ ਸਰਦਾਰ ਦੀ ਤੇਗ ਲਗਾਤਾਰ ਚੱਲਦੀ ਰਹੀ ਤੇ ਇਸ ਦੀ ਧਾਂਕ ਮੁਗਲਾਂ, ਮਰਹੱਟਿਆਂ ਤੇ ਕਾਬਲ ਕੰਧਾਰ ਤੀਕ ਪਈ ਹੋਈ ਸੀ ਜਿਸ ਦੀ ਗਵਾਹੀ ਕਾਜ਼ੀ ਨੂਰ ਮੁਹੰਮਦ ਨੇ ਕੱਟੜ ਮੁਸਲਮਾਨ ਹੁੰਦੇ ਹੋਇਆਂ ਸਿੱਖਾਂ ਤੇ ਅਬਦਾਲੀ ਜੰਗ ਸਮੇਂ ਦੋਵੇਂ ਸਿੱਖ ਜਰਨੈਲਾਂ ਦੀ ਬਹਾਦਰੀ ਦੇ ਅੱਖੀਂ ਡਿੱਠੇ ਹਾਲ ਨੂੰ ਆਪਣੀ ਲਿਖਤ ਵਿਚ ਬਾਖੂਬੀ ਬਿਆਨ ਕੀਤਾ ਹੈ। ਰਾਮਗੜ੍ਹੀਆ ਸਰਦਾਰ ਨੂੰ ਸਿੱਖ ਧਰਮ ਦੀਆਂ ਕਦਰਾਂ-ਕੀਮਤਾਂ ਨਾਲ ਅਥਾਹ ਪਿਆਰ ਸੀ ਤੇ ਦਿਲੋਂ ਸਤਿਕਾਰ ਕਰਦਾ ਸੀ। ਸ੍ਰੀ ਦਰਬਾਰ ਸਾਹਿਬ ਨੇੜ੍ਹੇ ਰਾਮਗੜ੍ਹੀਆ ਬੁੰਗਾ ਬਣਾਉਣ ਸਮੇਂ ਇਸ ਵਿਚ ਬੈਠਣ ਵਾਲੇ ਤਖਤ ਦੀ ਜਗ੍ਹਾ ਨੂੰ ਗੁਰੂ-ਦਰਬਾਰ ਨਾਲੋਂ ਨੀਵਿਆਂ ਰੱਖਿਆ। ਗੁਰੂ-ਦਰਬਾਰ ਦੇ ਭੱਠਿਆਂ ਦੀਆਂ ਇੱਟਾਂ ਜੋ ਨੂਰਦੀਨ ਜਬਰੀ ਚੁੱਕ ਕੇ ਲੈ ਗਿਆ ਸੀ ਉਨ੍ਹਾਂ ਨੂੰ ਵਾਪਸ ਲਿਆ ਕੇ ਤਰਨ ਤਾਰਨ ਸਾਹਿਬ ਦੇ ਸਰੋਵਰ ਵਿਚ ਲਗਾਇਆ। ਸਦਾਚਾਰ ਪੱਖੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ ਆਚਰਣ ਬਿਲਕੁਲ ਬੇਦਾਗ ਸੀ। ਇਤਿਹਾਸਕਾਰ ਲਿਖਦੇ ਹਨ ਕਿ "ਉਸ ਨੇ ਪਰਾਈ ਇਸਤਰੀ ਦੀ ਇੱਜ਼ਤ ਨੂੰ ਬਚਾਉਣਾ ਆਪਣੇ ਜੀਵਨ ਦਾ ਮੁੱਖ ਆਦਰਸ਼ ਬਣਾਇਆ ਹੋਇਆ ਸੀ। ਜਦ ਵੀ ਕਿਸੇ ਇਸਤ੍ਰੀ ਦੀ ਪਵਿੱਤਰਤਾ ਭੰਗ ਹੋਣ ਦਾ ਖ਼ਤਰਾ ਹੁੰਦਾ ਸੀ, ਤਾਂ ਉਹ ਉਸ ਦੀ ਰੱਖਿਆ ਕਰਨੀ ਆਪਣਾ ਧਰਮ ਸਮਝਦਾ ਸੀ। ਹਿਸਾਰ ਨੇੜੇ ਇਕ ਬ੍ਰਾਹਮਣ ਦੀ ਮੁਟਿਆਰ ਧੀ* ਗਵਰਨਰ 'ਤੇ ਝੱਟਪਟ ਧਾਵਾ ਬੋਲ ਕੇ ਛੁਡਵਾਈ। ਇਤਿਹਾਸਕਾਰ ਇਹ ਵੀ ਮੰਨਦੇ ਹਨ ਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਉਨ੍ਹਾਂ ਵਿਰਲੇ ਸਿੱਖਾਂ ਵਿੱਚੋਂ ਸਨ ਜਿਹੜੇ ਸਿੱਖ ਸਿਧਾਂਤਾਂ ਨੂੰ ਸਹੀ ਅਰਥਾਂ ਵਿਚ ਸਮਝਦੇ ਤੇ ਅਮਲ ਕਰਦੇ ਸਨ। ਵਾਹਿਗੁਰੂ ਦੀ ਹੋਂਦ ਵਿਚ ਅਥਾਹ ਵਿਸ਼ਵਾ ਸੀ ਤੇ ਹਰੇਕ ਔਕੜ ਸਮੇਂ ਅਰਦਾਸ ਕਰਨ ਤੇ ਅਕਾਲ ਪੁਰਖ ਜੀ ਨੇ ਆਪ ਸਹਾਇਤਾ ਕੀਤੀ। ਕਦੇ ਵੀ ਕ੍ਰੋਧ ਵਿਚ ਆ ਕੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆਪੇ ਤੋਂ ਬਾਹਰ ਜਾਂ ਲਾਲਚ ਵੱਸ ਨਹੀਂ ਹੋਏ। ਦ੍ਰਿੜਤਾ, ਧੀਰਜ, ਠਰ੍ਹੰਮੇ ਨਾਲ ਜੀਵਨ ਜੀਅ ਕੇ ਹਮੇਸ਼ਾ ਹੀ ਪਹਿਰਾ ਦਿੱਤਾ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਯੁੱਧ ਕਲਾ ਵਿਚ ਨਿਪੁੰਨ, ਢਾਈ ਫੱਟ ਲੜਾਈ ਦੇ ਮਾਹਰ, ਨਿਧੜਕ, ਨਿਡਰ, ਨੀਤੀਵਾਨ, ਜੁਝਾਰੂ ਤੇ ਅਕਾਲ ਪੁਰਖ ਜੀ ਦੇ ਭਾਣੇ ਵਿਚ ਜੀਵਨ ਬਤੀਤ ਕਰਨ ਵਾਲੇ ਅਠਾਰ੍ਹਵੀਂ ਸਦੀ ਵਿਚ ਯਕੀਨਣ ਹੀ ਸਿੱਖ ਕੌਮ ਦੇ ਇਕ ਰੋਲ ਮਾਡਲ ਸਨ, ਅੱਜ ਵੀ ਹਨ ਤੇ ਭਵਿੱਖ ਵਿਚ ਵੀ ਰਹਿਣਗੇ।

■

*ਕਈ ਵਿਦਵਾਨਾਂ ਨੇ ਬ੍ਰਾਹਮਣ ਦੀਆਂ ਦੋ ਬੇਟੀਆਂ ਦਾ ਜ਼ਿਕਰ ਕੀਤਾ ਹੈ।*

# ਸ. ਗੁਰਚਰਨ ਸਿੰਘ ਗੋਹਲਵੜੀਆ ਰਚਿਤ ਪ੍ਰਸੰਗ ਜੱਸਾ ਸਿੰਘ ਰਾਮਗੜ੍ਹੀਆ

*-ਡਾ. ਧਰਮ ਸਿੰਘ**

ਸਿੱਖ ਧਰਮ ਵਿਚ ਢਾਡੀ ਪਰੰਪਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸ਼ੁਰੂ ਕੀਤੀ ਗਈ। ਉਨ੍ਹਾਂ ਦੇ ਦਰਬਾਰ ਵਿਚ ਅਬਦੁੱਲਾ ਅਤੇ ਨੱਥ ਮੱਲ ਅਜਿਹੇ ਢਾਡੀ ਸਨ ਜੋ ਵਾਰਾਂ ਦੇ ਨਾਲ ਯੋਧਿਆਂ ਦੇ ਮਨਾਂ ਵਿਚ ਨਵਾਂ ਉਤਸ਼ਾਹ ਜੋਸ਼ ਅਤੇ ਜਜ਼ਬਾ ਭਰਦੇ ਸਨ। ਇਹ ਪਰੰਪਰਾ ਅੱਜ ਵੀ ਪੂਰੇ ਜਲਵੇ ਨਾਲ ਜਾਰੀ ਹੈ। ਵੀਹਵੀਂ ਸਦੀ ਦੇ ਪ੍ਰਸਿੱਧ ਢਾਡੀਆਂ ਵਿਚ ਗਿਆਨੀ ਸੋਹਣ ਸਿੰਘ ਸੀਤਲ ਤੋਂ ਬਾਅਦ ਜਿਸ ਢਾਡੀ ਦਾ ਨਾਂ ਲਿਆ ਜਾ ਸਕਦਾ ਹੈ ਉਹ ਗੁਰਚਰਨ ਸਿੰਘ ਗੋਹਲਵੜੀਆ ਹੈ। ਮੇਰੇ ਪਿੰਡ ਦੇ ਲਾਗੇ ਕੋਟ ਖਾਲਸਾ ਪਿੰਡ ਹੈ ਜਿਸ ਵਿਚ ਹੋਲੀਆਂ ਦੇ ਦਿਨਾਂ ਵਿਚ ਢਾਡੀ ਦਰਬਾਰ ਕਰਵਾਉਣ ਦੀ ਰਵਾਇਤ ਕਾਫੀ ਸਮੇਂ ਤੋਂ ਚੱਲੀ ਆ ਰਹੀ ਹੈ। ਮੇਰੇ ਪਿਤਾ ਨੂੰ ਢਾਡੀਆਂ ਦੀਆਂ ਵਾਰਾਂ ਸੁਣਨ ਦਾ ਬਹੁਤ ਸ਼ੌਕ ਸੀ ਅਤੇ ਜਦ ਉਨ੍ਹਾਂ ਨੂੰ ਪਤਾ ਲੱਗਣਾ ਕਿ ਅੱਜ ਸੋਹਣ ਸਿੰਘ ਸੀਤਲ ਅਤੇ ਗੁਰਚਰਨ ਸਿੰਘ ਗੋਹਲਵੜੀਏ ਨੇ ਆਉਣਾ ਹੈ, ਉਹ ਜ਼ਰੂਰ ਉੱਥੇ ਪਹੁੰਚਦੇ।

ਪੰਜਾਬੀ ਬੀਰ ਕਾਵਿ ਵਿਚ ਪ੍ਰਸੰਗ, ਸਾਕੇ, ਵਾਰਾਂ, ਜੰਗਨਾਮੇ ਅਤੇ ਕਿੱਸੇ ਪੁਰਾਣੇ ਸਮਿਆਂ ਤੋਂ ਲਿਖੇ ਜਾਂਦੇ ਰਹੇ ਹਨ। ਢਾਡੀ ਜਥੇ ਤਾਂ ਗਾਉਂਦੇ ਹੀ ਬੀਰ ਕਾਵਿ ਹਨ, ਇਸ ਲਈ ਇਨ੍ਹਾਂ ਢਾਡੀਆਂ ਵਿੱਚੋਂ ਕਈ ਕਵੀ ਬਣ ਜਾਂਦੇ ਅਤੇ ਆਪਣੀਆਂ ਲਿਖੀਆਂ ਹੋਈਆਂ ਰਚਨਾਵਾਂ ਦਾ ਗਾਇਨ ਕਰਦੇ ਹਨ। ਅੱਜ ਸਾਡੇ ਕੋਲ ਅਜਿਹੇ ਬੀਰ ਕਾਵਿ ਦਾ ਅਮੁੱਲ ਅਤੇ ਅਮੁੱਕ ਭੰਡਾਰ ਹੈ। ਖੁਸ਼ਕਿਸਮਤੀ ਨੂੰ ਗੁਰਚਰਨ ਸਿੰਘ ਗੋਹਲਵੜੀਏ ਦੀ ਚੋਣਵੀਂ ਰਚਨਾ ਦੋ ਜਿਲਦਾਂ ਵਿਚ ਪ੍ਰਕਾਸ਼ਿਤ ਹੋਈ ਮਿਲਦੀ ਹੈ ਜਿਸ ਵਿੱਚੋਂ ਅੱਜ ਅਸੀਂ ਉਨ੍ਹਾਂ ਦੀ ਇਕ ਰਚਨਾ 'ਪ੍ਰਸੰਗ ਜੱਸਾ ਸਿੰਘ ਰਾਮਗੜ੍ਹੀਆ' ਨਾਲ ਪਾਠਕਾਂ ਦੀ ਜਾਣ- ਪਛਾਣ ਕਰਾ ਰਹੇ ਹਾਂ।

ਸ. ਗੁਰਚਰਨ ਸਿੰਘ ਗੋਹਲਵੜੀਏ ਦਾ ਜਨਮ ੨੨ ਦਸੰਬਰ, ੧੯੨੫ ਈ. ਨੂੰ ਆਪਣੇ ਸਮੇਂ ਦੇ ਮੰਨੇ-ਪ੍ਰਮੰਨੇ ਢਾਡੀ ਸ. ਗੋਪਾਲ ਸਿੰਘ ਦੇ ਘਰ ਮਾਤਾ ਪ੍ਰੀਤਮ ਕੌਰ ਦੀ ਕੁੱਖੋਂ ਪਿੰਡ ਗੋਹਲਵੜ (ਅਜੋਕਾ ਜ਼ਿਲ੍ਹਾ ਤਰਨ ਤਾਰਨ) ਵਿਖੇ ਹੋਇਆ। ਗੁਰਚਰਨ ਸਿੰਘ ਨੇ ਪ੍ਰਾਇਮਰੀ ਤਕ ਸਿੱਖਿਆ ਆਪਣੇ ਪਿੰਡ ਦੇ ਸਕੂਲ ਵਿੱਚੋਂ ਹਾਸਲ ਕੀਤੀ। ਦਸਵੀਂ ਤਕ ਤਰਨ ਤਾਰਨ ਅਤੇ ਫਿਰ ਉਚੇਰੀ ਸਿੱਖਿਆ ਹਾਸਲ ਕਰਨ ਦੇ ਇਰਾਦੇ

** #੧੧੦ ਰੋਜ਼ ਐਵੇਨਿਊ, ਰਾਮਤੀਰਥ ਰੋਡ,ਸ੍ਰੀ ਅੰਮ੍ਰਿਤਸਰ-੧੪੩੦੦੫ ਮੋ. +੯੧੯੮੮੮੯-੩੯੮੦੮*

ਨਾਲ ਅਤੇ ਡਾਕਟਰ ਬਣਨ ਦੇ ਖਿਆਲ ਨਾਲ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿਚ ਦਾਖਲਾ ਲੈ ਲਿਆ। ਕਿਸੇ ਘਟਨਾ ਵੱਸ ਪੜ੍ਹਾਈ ਵਿੱਚੇ ਛੱਡ ਗੁਰਚਰਨ ਸਿੰਘ ਆਪ ਵੀ ਢਾਡੀ ਬਣ ਕੇ ਆਪਣੇ ਪਿਤਾ ਸ. ਗੋਪਾਲ ਸਿੰਘ ਨਾਲ ਸਟੇਜਾਂ ਉੱਪਰ ਗਾਉਣ ਲੱਗਾ। ਫਿਰ ਵੱਖਰਾ ਜਥਾ ਬਣਾ ਲਿਆ। ਅਰੰਭ ਵਿਚ ਇਹ ਜਥਾ ਹੋਰਨਾਂ ਢਾਡੀਆਂ ਦੀਆਂ ਲਿਖੀਆਂ ਹੋਈਆਂ ਵਾਰਾਂ ਗਾਉਂਦਾ, ਪਰ ਛੇਤੀ ਹੀ ਗੁਰਚਰਨ ਸਿੰਘ ਨੇ ਆਪ ਵੀ ਲਿਖਣਾ ਸ਼ੁਰੂ ਕਰ ਦਿੱਤਾ। ਇਸ ਲਿਖਤ ਦਾ ਇਕ ਨਮੂਨਾ ਸਾਡੀ ਅੱਜ ਦੀ ਚਰਚਾ ਦਾ ਵਿਸ਼ਾ ਹੈ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਗਿਣਤੀ ਅਠਾਰ੍ਹਵੀਂ ਸਦੀ ਦੇ ਨਾਮਵਰ ਸਿੱਖ ਸਰਦਾਰਾਂ ਵਿਚ ਹੁੰਦੀ ਹੈ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਪਿਤਾ ਦਾ ਨਾਂ ਗਿਆਨੀ ਭਗਵਾਨ ਸਿੰਘ ਸੀ ਜੋ ਪਿੰਡ ਈਚੋਗਿੱਲ(ਇੱਛੋਗਿੱਲ), ਜ਼ਿਲ੍ਹਾ ਲਾਹੌਰ ਦਾ ਵਸਨੀਕ ਸੀ। ਸਰਦਾਰ ਜੱਸਾ ਸਿੰਘ ਨੇ ਹੀ ਪ੍ਰਸਿੱਧ 'ਬਾਰ੍ਹਾਂ ਮਿਸਲਾਂ' ਵਿੱਚੋਂ ਰਾਮਗੜ੍ਹੀਆ ਮਿਸਲ ਦੀ ਨੀਂਹ ਰੱਖੀ। ਇਹ ਸ਼ਸਤਰ-ਵਿੱਦਿਆ ਦਾ ਧਨੀ ਅਤੇ ਵੱਡਾ ਹਿੰਮਤੀ ਸੀ। ਜਦ ਦੁਆਬੇ ਦੇ ਸਿੱਖਾਂ ਤੇ ਜਲੰਧਰ ਦੁਆਬ ਦੇ ਸੂਬੇਦਾਰ ਅਦੀਨਾ ਬੇਗ ਵਿਚਕਾਰ ਝਗੜਾ ਹੋਇਆ ਤਾਂ ਸਿੱਖਾਂ ਨੇ ਇਸ ਸਰਦਾਰ ਨੂੰ ਵਿਸ਼ਵਾਸਪਾਤਰ ਸਮਝ ਕੇ ਆਪਣਾ ਵਕੀਲ ਬਣਾ ਗੱਲਬਾਤ ਲਈ ਅਦੀਨਾ ਬੇਗ ਕੋਲ ਭੇਜਿਆ। ਸਰਦਾਰ ਜੱਸਾ ਸਿੰਘ ਦੀ ਚਤੁਰਾਈ, ਸਿਆਣਪ, ਮਿੱਠੀ ਗੱਲਬਾਤ ਵੇਖ ਕੇ ਅਦੀਨਾ ਬੇਗ ਬਹੁਤ ਖੁਸ਼ ਹੋਇਆ ਤੇ ਉਸ ਨੇ ਇਸ ਨੂੰ ਆਪਣੇ ਕੋਲ ਰੱਖਣਾ ਚਾਹਿਆ। ਸਰਦਾਰ ਜੱਸਾ ਸਿੰਘ ਸਤਲੁਜੋਂ ਪਾਰ ਰਹਿ ਕੇ ਦਿੱਲੀ ਤੇ ਮੇਰਠ ਤਕ ਮੱਲਾਂ ਮਾਰਦਾ ਰਿਹਾ। ਹਿਸਾਰ ਦੇ ਮੁਸਲਮਾਨ ਹਾਕਮ ਪਾਸੋਂ ਬ੍ਰਾਹਮਣ ਕੰਨਿਆਂ ਨੂੰ ਜੰਗ ਕਰ ਕੇ ਛੁਡਾਉਣ ਦੇ ਕਾਰਨਾਮੇ ਨੇ ਇਸ ਦੀ ਖੂਬ ਮਹਿਮਾ ਕਰਵਾਈ। ਇਸ ਜਿੱਤ ਪਿੱਛੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੇ ਛੱਡੇ ਹੋਏ ਪੁਰਾਣੇ ਇਲਾਕਿਆਂ, ਦੀਨਾਨਗਰ, ਬਟਾਲਾ, ਕਲਾਨੌਰ, ਸ੍ਰੀ ਹਰਿਗੋਬਿੰਦਪੁਰ, ਕਾਦੀਆਂ ਅਤੇ ਘੁਮਾਣ ਆਦਿ ਨਗਰ ਅਤੇ ਦੁਆਬੇ ਦੇ ਕੁਝ ਇਲਾਕੇ ਫਤਹ ਕੀਤੇ। ਇਸ ਦਾ ਪੁੱਤਰ ਜੋਧ ਸਿੰਘ ਰਾਮਗੜ੍ਹੀਆ ਸੀ। ਇਹ ਗੁਰਬਾਣੀ ਦਾ ਪ੍ਰੇਮੀ ਅਤੇ ਸਿੱਖੀ ਸਿਧਾਂਤਾਂ ਉੱਪਰ ਪਹਿਰਾ ਦੇਣ ਵਾਲਾ ਸੀ। ਅਹਿਮਦ ਸ਼ਾਹ ਦੁਰਾਨੀ ਦੇ ਹਮਲਿਆਂ ਸਮੇਂ ਇਹ ਬਾਕੀ ਸਿੱਖ ਸਰਦਾਰਾਂ ਨਾਲ ਰਲ ਕੇ ਉਸ ਦਾ ਟਾਕਰਾ ਕਰਦਾ ਰਿਹਾ।

ਸ੍ਰੀ ਅੰਮ੍ਰਿਤਸਰ ਵਿਖੇ ਸਿੱਖ ਸਰਦਾਰਾਂ ਨੇ ਪਹਿਲਾਂ ਇਕ ਕੱਚਾ ਵਲਗਣ ਵਲ ਕੇ ਰਾਮ ਰੌਣੀ ਗੜ੍ਹੀ ਬਣਾਈ, ਫਿਰ ਕਿਲ੍ਹਾ ਬਣਾਇਆ ਜਿਸ ਦਾ ਨਾਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂ ਉੱਪਰ ਰਾਮਗੜ੍ਹ ਰੱਖਿਆ। ਖਾਲਸੇ ਨੇ ਇਹ ਕਿਲ੍ਹਾ ਜੱਸਾ ਸਿੰਘ ਦੇ ਸਪੁਰਦ ਕਰ ਦਿੱਤਾ ਜਿਸ ਤੋਂ ਸਰਦਾਰ ਜੱਸਾ ਸਿੰਘ ਨਾਲ ਰਾਮਗੜ੍ਹੀਆ ਸ਼ਬਦ ਜੁੜ ਗਿਆ। ਸਰਦਾਰ ਜੱਸਾ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ

ਸਾਹਿਬ ਦੀ ਰਾਖੀ ਲਈ ਇਕ ਬੁੰਗਾ ਬਣਾਇਆ ਜਿਸ ਦੇ ਦੋ ਪਾਸਿਆਂ ਉੱਚੇ-ਉੱਚੇ ਬੁਰਜ ਉਸਾਰੇ ਗਏ ਤਾਂ ਜੋ ਆ ਰਹੇ ਦੁਸ਼ਮਣ ਦਾ ਦੂਰੋਂ ਹੀ ਪਤਾ ਲੱਗ ਜਾਵੇ ਤਾਂ ਟਾਕਰਾ ਕਰਨ ਲਈ ਯੋਗ ਪ੍ਰਬੰਧ ਕੀਤਾ ਜਾ ਸਕੇ। ਇਹ ਬੁੰਗਾ ਅੱਜ ਵੀ ਪੁਰਾਤਨ ਯਾਦਗਾਰ ਵਜੋਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀਆਂ ਪਰਿਕਰਮਾ ਵਿਚ ਸੁਸ਼ੋਭਿਤ ਹੈ। ਸਰਦਾਰ ਜੱਸਾ ਸਿੰਘ ਦਾ ਦੇਹਾਂਤ ੧੯੦੩ ਈ. ਨੂੰ ਹੋਇਆ।

ਬੀਰ ਪੁਰਸ਼ਾਂ ਦਾ ਜੱਸ ਗਾਇਨ ਹਰ ਯੁੱਗ ਵਿਚ ਹੁੰਦਾ ਰਿਹਾ ਹੈ। 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਕਰਤਾ ਸ. ਰਤਨ ਸਿੰਘ 'ਭੰਗੂ' ਤੋਂ ਸ਼ੁਰੂ ਹੋਇਆ ਇਹ ਯਤਨ ਅੱਜ ਵੀ ਜਾਰੀ ਹੈ। 'ਪ੍ਰਸੰਗ ਜੱਸਾ ਸਿੰਘ ਰਾਮਗੜ੍ਹੀਆ' ਵਿਚ ਇਸ ਦੇ ਲੇਖਕ ਗੁਰਚਰਨ ਸਿੰਘ ਗੋਹਲਵਾੜੀਆ ਨੇ ਸਰਦਾਰ ਜੱਸਾ ਸਿੰਘ ਵੱਲੋਂ ਮੁਟਿਆਰਾਂ ਨੂੰ ਮੁਗ਼ਲ ਹਾਕਮਾਂ ਕੋਲੋਂ,ਇਨ੍ਹਾਂ ਦੇ ਛਡਾਉਣ ਦੀ ਗਾਥਾ ਬਿਆਨ ਕੀਤੀ ਹੈ। ਜੋ ਇਨ੍ਹਾਂ ਨੂੰ ਬੰਨ੍ਹ ਕੇ ਗੁਲਾਮਾਂ ਵਜੋਂ ਆਪਣੇ ਮੁਲਕ ਲਿਜਾ ਰਹੇ ਸਨ। ਇਸ ਪ੍ਰਸੰਗ ਵਿਚ ਮੁਟਿਆਰਾਂ ਦੇ ਕੀਰਨੇ, ਹਾੜੇ ਅਤੇ ਕਰੁਣਾ ਭਰੀਆਂ ਆਹਾਂ ਹਨ। ਪ੍ਰਸੰਗ ਮੁਤਾਬਿਕ ਹਰ ਕਿਸੇ ਨੇ ਆਪੋ-ਆਪਣੇ ਇਸ਼ਟ ਨੂੰ ਧਿਆਇਆ, ਪਰ ਕਿਸੇ ਨੇ ਦੁਖਿਆਰੀਆਂ ਦੀ ਬਾਂਹ ਨਾ ਫੜੀ। ਓੜਕ ਖਾਲਸਾ ਪੰਥ ਹੀ ਕੰਮ ਆਇਆ। ਇਹ ਪ੍ਰਸੰਗ ਕਾਫੀ ਲੰਮਾ ਹੈ, ਪਰ ਅਸੀਂ ਇੱਥੇ ਕੇਵਲ ਅਤਿਅੰਤ ਜ਼ਰੂਰੀ ਭਾਗ ਹੀ ਦਰਜ ਕਰ ਰਹੇ ਹਾਂ ਤਾਂ ਜੋ ਪ੍ਰਸੰਗ ਦਾ ਵਰਣਯ ਵਿਸ਼ਾ, ਕਵਿਤਾ ਦਾ ਨਮੂਨਾ, ਢਾਡੀ ਗੋਹਲਵੜੀਏ ਦੀ ਕਾਵਿ ਕੋਮਲਤਾ ਅਤੇ ਜੱਸਾ ਸਿੰਘ ਰਾਮਗੜ੍ਹੀਏ ਦਾ ਯੋਗਦਾਨ ਸਾਹਮਣੇ ਆ ਸਕੇ:-

**ਪ੍ਰਸੰਗ ਜੱਸਾ ਸਿੰਘ ਰਾਮਗੜ੍ਹੀਆ**

*ਅਹਿਮਦ ਸ਼ਾਹ ਨੇ ਹਿੰਦ ਤੇ, ਜਾ ਕਰੀ ਚੜਾਈ।*
*ਜਿੱਥੋਂ ਥਾਣੀ ਲੰਘਿਆ, ਗਿਆ ਧੂੜ ਧਮਾਈ।*
*ਹੁਕਮ ਸੁਣਾਇਆ ਫੌਜ ਨੂੰ, ਕਰ ਲਓ ਮਨ ਆਈ।*
*ਪਿੰਡਾਂ ਦੇ ਵਿਚ ਜਾਂਵਦੇ, ਬੇਦਰਦ ਸਿਪਾਹੀ।*
*ਲੁੱਟਾਂ ਲੁੱਟੀਆਂ ਰੱਜ ਕੇ, ਵਾਹ ਸਾਰੀ ਲਾਈ।*
*ਸੁੰਦਰ ਔਰਤ ਬੰਨ੍ਹ ਲਈ, ਜੋ ਨਜ਼ਰੀਂ ਆਈ।*
*ਜ਼ੋਰੋ ਜ਼ੋਰੀ ਪਕੜ ਕੇ, ਬੰਨ੍ਹ ਅੱਗੇ ਲਾਈ।*
*ਧਰਤੀ ਥਰ-ਥਰ ਕੰਬ ਗਈ, ਤੱਕ ਕਹਿਰ ਖੁਦਾਈ।*

**ਕਲੀ :**

*...ਡੰਗਰਾਂ ਵਾਂਗ ਬੰਨ ਕੇ ਜ਼ਾਲਮਾਂ ਅੱਗੇ ਲਾਈਆਂ।*
*ਅੱਖੀ ਵੇਂਹਦੇ ਰਹਿ ਗਏ ਮਾਂ ਪਿਓ ਸਕੇ ਭਰਾ ਸੀ,*
*ਅੱਗੇ ਹੋ ਕੇ ਨਹੀਂ ਕਿਸੇ ਨੇ ਛੁਡਾਈਆਂ।*
*ਜਿਨ੍ਹਾਂ ਪੈਰ ਪਲੰਘ ਤੋਂ ਭੁੰਜੇ ਕਦੇ ਨਾ ਲਾਹੇ ਸੀ,*

ਨੰਗੇ ਪੈਰੀਂ ਜਾਂਦੀਆਂ ਰੱਬ ਦੀਆਂ ਬੇ-ਪ੍ਰਵਾਹੀਆਂ।
ਪਿੰਜਰੇ ਪਈਆਂ ਬੁਲਬੁਲਾਂ ਵਾਂਗੂ ਤੜਫ ਨ ਸਕਦੀਆਂ,
ਜ਼ਾਲਮ ਛੇੜਦੇ ਤੇ ਕਰਦੇ ਸੀ ਮਨ ਆਈਆਂ,
ਮੌਤ ਸੀ ਚਿੜੀਆਂ ਦੀ ਤੇ ਹਾਸੇ ਬਣੇ ਗਵਾਰਾਂ ਦੇ,
ਕੋਮਲ ਕੂੰਜਾਂ ਮਾਨੋਂ ਹੱਥ ਬਾਜਾਂ ਦੇ ਆਈਆਂ।
ਹਾਏ ਵੇ ਰੱਬ ਕੋਈ ਨਾ ਰਹਿ ਗਿਆ ਸਾਡਾ ਦੁਨੀਆ 'ਤੇ
ਦੁਨੀਆ ਤੇ ਉੱਚੀ-ਉੱਚੀ ਏਦਾਂ ਰੋ ਰੋ ਦੇਣ ਦੁਹਾਈਆਂ।
ਕਿੱਥੇ ਸੌਂ ਗਈਓਂ ਨੀ ਅੱਜ ਲਾਟਾਂ ਵਾਲੀਏ,
ਬੱਧੀਆਂ ਜਾ ਰਹੀਆਂ ਨੇ ਭਾਰਤ ਮਾਂ ਦੀਆਂ ਜਾਈਆਂ।
ਕਿੱਥੇ ਗਏ ਅੱਜ ਉਹ ... ਬੀਰ ਨੇ,
ਜਿਹਦੇ ਤੀਰਾਂ ਨੇ ਸੀ, ਜੱਗ 'ਤੇ ਧੁੰਮਾਂ ਪਈਆਂ।
ਸਾਡੇ ਭਾ ਦਾ ਅੱਜ ਤਾਂ ਸੂਰਾ ਕੋਈ ਨਾ ਰਹਿ ਗਿਆ,
ਹਿੰਦ ਦੇ ਯੋਧਿਆਂ ਦੀਆਂ ਹੋ ਗਈਆਂ ਸਫਾਈਆਂ।
ਕੌਣ ਛਡਾਵੇਂ ਸਾਨੂੰ ਆ ਕੇ ਗੁਰਚਰਨ ਸਿੰਘਾ,
ਖਬਰਾਂ ਖਾਲਸੇ ਨੂੰ ਕਿਸੇ ਨਹੀਂ ਪੁਚਾਈਆਂ।
**ਗੱਡੀ:** ਫੇਰ ਸੋਧ ਅਰਦਾਸ ਜੱਸਾ ਸਿੰਘ ਨੇ,
ਗੁਰੂ ਜੀ ਦੇ ਵਿਚ ਚਰਨਾਂ।
ਸਤਿ ਸ੍ਰੀ ਦਾ ਜੈਕਾਰਾ ਛੱਡ ਕੇ,
ਵੈਰੀਆਂ 'ਤੇ ਹੱਲਾ ਬੋਲਿਆ
ਉੱਪਰ ਐਲੀ ਐਲੀ ਦੇ ਮਾਰਦੇ ਨਾਅਰੇ,
ਵੈਰੀ ਵਧੇ ਸਿੰਘਾਂ ਵੱਲ ਨੂੰ।
ਦੋਹਾਂ ਧਿਰਾਂ ਦੇ ਸੂਰਮੇ ਜੁੱਟ ਪਏ
ਤਲੀ ਉੱਤੇ ਜਾਨਾਂ ਰੱਖ ਕੇ
ਤੀਰ ਉੱਡਦੇ ਮੈਦਾਨ ਵਿਚ ਜਾਂਦੇ
ਜ਼ਹਿਰੀ ਸੱਪਾਂ ਵਾਂਗ ਸ਼ੂਕਦੇ।
ਵਿੰਨ੍ਹ ਵਿੰਨ੍ਹ ਛਾਤੀਆਂ ਨੂੰ ਲੰਘਦੇ।
ਘਾਇਲ ਕਰੀ ਜਾਣ ਯੋਧਿਆਂ
ਆਖਰ ਟੁੱਟ ਕੇ ਕਮਾਨਾਂ ਜਦੋਂ ਡਿੱਗੀਆਂ,
ਭੱਥਿਆਂ 'ਚੋਂ ਤੀਰ ਮੁੱਕ ਗਏ।
ਫਿਰ ਖਿੱਚ ਕੇ ਮਿਆਨਾਂ ਵਿੱਚੋਂ ਤੇਗਾਂ,
ਆਹਮੋ-ਸਾਹਮਣੇ ਹੋ ਗਏ ਸੂਰਮੇ।

*ਕਾੜ੍ਹ-ਕਾੜ੍ਹ ਦੀ ਆਵਾਜ਼ ਪਈ ਆਵੇ,*
*ਢਾਲਾਂ ਉੱਤੇ ਤੇਗਾਂ ਵੱਜੀਆਂ*
*ਵਿਚ ਪਲਾਂ ਦੇ ਸਿੰਘਾਂ ਨੇ ਘਾਣ ਲਾਹੇ,*
*ਵੱਢ, ਵੱਢ ਵੈਰੀਆਂ ਨੂੰ।*
*ਨਦੀ ਲਹੂ ਦੀ ਮੈਦਾਨ ਵਿਚ ਚਲ ਪਈ,*
*ਲੋਥਾਂ ਵਿਚ ਲੌਣ ਤਾਰੀਆਂ।*
*ਔਧਰ ਸਿੰਘ ਦਲੇਰੀ ਨਾਲ ਗਜ ਦੇ,*
*ਹੱਲੇ ਉੱਤੇ ਹੱਲਾ ਬੋਲ ਕੇ।*
*ਅੰਤ ਵੇਖ ਕੇ ਸਿੰਘਾਂ ਦੇ ਬਲ ਤਾਈਂ*
*ਵੈਰੀਆਂ ਦੇ ਪੈਰ ਹਿਲ ਗਏ।*
*ਉਹ ਤਾਂ ਛੱਡ ਕੇ ਮੈਦਾਨ ਭੱਜ ਤੁਰੇ ਨੇ,*
*ਅੱਗੇ ਲੱਗ ਖਾਲਸੇ ਦੇ।*
*ਪਿੱਛੋਂ ਨੇ ਮਿਲ ਕੇ ਸਿੰਘਾਂ ਨੇ ਮਾਰੇ,*
*ਘੇਰ ਘੇਰ ਵੈਰੀ ਦੇਸ਼ ਦੇ।*
*ਬਹੁਤ ਮਾਰ ਲਏ ਤੇ ਬਾਕੀ ਜਿਹੜੇ ਰਹਿ ਗਏ,*
*ਛੱਡ ਕੇ ਮੈਦਾਨ ਭੱਜ ਗਏ।*
*ਨਾਹਰੇ ਫਤੇ ਦੇ ਗਜਾਏ ਉਦੋਂ ਸਿੰਘਾਂ ਨੇ,*
*ਖੁਸ਼ੀਆਂ ਦੇ ਵਿਚ ਆਣ ਕੇ।*
*ਧਨ ਮਾਲ ਸੀ ਸਿੰਘਾਂ ਦੇ ਹੱਥ ਅਇਆ,*
*ਛੱਡਿਆ ਜੋ ਵੈਰੀਆਂ ਨੇ।*
*ਦੇਗਾਂ ਰਿੱਝੀਆਂ ਰਿੱਝਾਈਆਂ ਛੱਡ ਗਏ,*
*ਹੱਥ ਆਈਆਂ ਖਾਲਸੇ ਦੇ*
*ਉਸ ਵੇਲੇ ਕਿਰਪਾਨ ਭੇਟ ਕਰ ਕੇ,*
*ਭੋਗ ਲਾਏ ਯੋਧਿਆਂ ਨੇ।*
*ਫੇਰ ਪੁੱਛ ਕੇ ਪਤੇ ਸਰਨਾਵੇਂ,*
*ਹਿੰਦ ਦੀਆਂ ਬੇਟੀਆਂ ਦੇ।*
*ਘਰੋਂ-ਘਰੀ ਸੀ ਪੁਚਾਈਆਂ ਜਾ ਕੇ,*
*ਖੁਸ਼ੀ ਹੋਏ ਮਾਪੇ ਮਿਲ ਕੇ।*
*ਏਸ ਤਰ੍ਹਾਂ ਗੁਰਚਰਨ ਸਿੰਘ ਸਿੰਘਾਂ ਨੇ,*
*ਲੱਥ ਰਹੀ ਸੀ ਪੱਤ ਹਿੰਦ ਦੀ,*
*ਢੱਕ ਲਈ, ਰੁੜ੍ਹੀ ਜਾਂਦੀ ਆਣ ਹਿੰਦ ਦੀ ਸਿੰਘਾਂ ਰੱਖ ਲਈ।*

# ਰਾਮਗੜ੍ਹੀਆ ਮਿਸਲ ਦੇ ਬਾਨੀ : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

*-ਡਾ. ਚਰਨਜੀਤ ਸਿੰਘ ਗੁਮਟਾਲਾ**

ਜਦ ਅਸੀਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਪਿਛੋਕੜ ਬਾਰੇ ਝਾਤ ਪਾਉਂਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਹ ਸਾਰਾ ਪਰਵਾਰ ਹੀ ਗੁਰੂ-ਘਰ ਨੂੰ ਸਮਰਪਿਤ ਸੀ। ਇਨ੍ਹਾਂ ਦੇ ਦਾਦਾ ਸਰਦਾਰ ਹਰਦਾਸ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ-ਪਾਨ ਕੀਤਾ। ਉਹ ਪਹਿਲਾਂ ਗੁਰੂ ਜੀ ਦੀ ਫ਼ੌਜ ਵਿਚ ਇਕ ਜੁਝਾਰੂ ਸਿਪਾਹੀ ਦੇ ਰੂਪ ਵਿਚ ਲੜਦਾ ਰਿਹਾ ਅਤੇ ਫਿਰ ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿਚ ਜਾ ਮਿਲਿਆ ਅਤੇ ਅੰਤ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਬਜਵਾੜੇ ਦੀ ਲੜਾਈ ਵਿਚ ਸ਼ਹੀਦੀ ਪ੍ਰਾਪਤ ਕੀਤੀ।

ਸਰਦਾਰ ਹਰਦਾਸ ਸਿੰਘ ਦਾ ਆਪਣੇ ਪੁੱਤਰ ਗਿਆਨੀ ਭਗਵਾਨ ਸਿੰਘ ਉਪਰ ਡੂੰਘਾ ਪ੍ਰਭਾਵ ਸੀ। ਉਹ ਆਪਣੇ ਸਮੇਂ ਮੰਨਿਆ ਹੋਇਆ ਧਾਰਮਿਕ ਪ੍ਰਚਾਰਕ ਸੀ। ਅਬਦੁੱਸ ਸਮਦ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਜ਼ਕਰੀਆ ਖਾਨ ਲਾਹੌਰ ਦਾ ਗਵਰਨਰ ਬਣਿਆ ਜੋ ਪਿਉ ਤੋਂ ਕਿਤੇ ਵੱਧ ਜ਼ਾਲਮ ਸੀ। ਉਸ ਸਮੇਂ ਗਿਆਨੀ ਭਗਵਾਨ ਸਿੰਘ ਵਰਗਿਆਂ ਦਾ ਜਿਊਣਾ ਬਹੁਤ ਮੁਸ਼ਕਲ ਸੀ। ਇਨ੍ਹਾਂ ਸਮਿਆਂ ਵਿਚ ਹੀ ਉਸ ਦੇ ਪਿਤਾ ਭਾਈ ਹਰਨਾਮ ਸਿੰਘ ਆਪਣੇ ਜੱਦੀ ਪਿੰਡ ਸੁਰ ਸਿੰਘ ਛੱਡ ਕੇ ਲਾਹੌਰ ਦੇ ਪੂਰਬ ਦੇ ਪਾਸੇ ਈਚੋਗਿੱਲ (ਇੱਛੋਗਿੱਲ) ਪਿੰਡ ਆ ਗਏ। ਭਾਈ ਹਰਦਾਸ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫੌਜ ਲਈ ਸ਼ਸਤਰ ਬਣਾਉਂਦੇ ਰਹੇ ਤੇ ਹੋਰ ਸੇਵਾ ਵੀ ਕਰਦੇ ਰਹੇ।

ਗਿਆਨੀ ਭਗਵਾਨ ਸਿੰਘ ਦੇ ਘਰ ਪੰਜ ਪੁੱਤਰ— ਜੱਸਾ ਸਿੰਘ, ਜੈ ਸਿੰਘ, ਖੁਸ਼ਹਾਲ ਸਿੰਘ, ਮਾਲੀ ਸਿੰਘ ਤੇ ਤਾਰਾ ਸਿੰਘ ਪੈਦਾ ਹੋਏ। ਇਨ੍ਹਾਂ ਵਿੱਚੋਂ ਜੱਸਾ ਸਿੰਘ ਸਭ ਤੋਂ ਵੱਡੇ ਸੀ। ਉਨ੍ਹਾਂ ਦਾ ਜਨਮ ੧੭੨੩ ਈ. ਵਿਚ ਹੋਇਆ। ਘਰ ਵਿਚ ਹੀ ਉਨ੍ਹਾਂ ਨੇ ਆਪਣੇ ਪਿਤਾ ਪਾਸੋਂ ਗੁਰਮੁਖੀ ਸਿੱਖੀ, ਜਿਸ ਕਰਕੇ ਉਹ ਛੇਤੀ ਹੀ ਨਿਤਨੇਮ ਦਾ ਪਾਠ ਕਰਨਾ ਸਿੱਖ ਗਏ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਦੇ ਯੋਗ ਹੋ ਗਏ। ਜੱਸਾ ਸਿੰਘ ਦੀ ਸ਼ਾਦੀ ਬੀਬੀ ਗੁਰਦਿਆਲ ਕੌਰ ਨਾਲ ਹੋਈ, ਜਿਸ ਤੋਂ ਉਸ ਦੇ ਘਰ ਦੋ ਪੁੱਤਰਾਂ— ਜੋਧ ਸਿੰਘ ਤੇ ਵੀਰ ਸਿੰਘ ਨੇ ਜਨਮ ਲਿਆ।

ਨਾਦਰ ਸ਼ਾਹ ਤੇ ਜ਼ਕਰੀਆ ਖ਼ਾਨ ਦੀਆਂ ਫੌਜਾਂ ਦਾ ਟਾਕਰਾ ੧੭੩੯ ਈ. ਵਿਚ

**੨੫੩ ਅਜੀਤ ਨਗਰ, ਸ੍ਰੀ ਅੰਮ੍ਰਿਤਸਰ—੧੪੩੦੦੧, ਮੋ:- +੯੧ ੯੪੧੭੫-੩੩੦੬੦*

ਵਜ਼ੀਰਾਬਾਦ (ਜ਼ਿਲ੍ਹਾ ਗੁਜਰਾਂਵਾਲਾ ਪਾਕਿਸਤਾਨ) ਦੇ ਨੇੜੇ ਹੋਇਆ। ਇਸ ਲੜਾਈ ਵਿਚ ਸਰਦਾਰ ਭਗਵਾਨ ਸਿੰਘ ਤੇ ਸਰਦਾਰ ਜੱਸਾ ਸਿੰਘ ਨੇ ਬੜੀ ਬਹਾਦਰੀ ਵਿਖਾਈ, ਜਿਸ ਦਾ ਜ਼ਕਰੀਆ ਖ਼ਾਂ ਉੱਤੇ ਬੜਾ ਪ੍ਰਭਾਵ ਪਿਆ। ਅੰਤ ਵਿਚ ਗਿਆਨੀ ਭਗਵਾਨ ਸਿੰਘ ਨੇ ਸ਼ਹੀਦੀ ਪ੍ਰਾਪਤ ਕੀਤੀ। ਜ਼ਕਰੀਆ ਖਾਂ ਨੇ ਭਾਈ ਭਗਵਾਨ ਸਿੰਘ ਦੇ ਪਰਵਾਰ ਨੂੰ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਦੇ ਪੰਜ ਪਿੰਡਾਂ ਦੀ ਜਾਗੀਰ ਦੇ ਦਿੱਤੀ ਅਤੇ ਸਰਦਾਰ ਜੱਸਾ ਸਿੰਘ ਨੂੰ ਰਸਾਲਦਾਰ ਦੀ ਪਦਵੀ ਦੇ ਦਿੱਤੀ। ਜਾਗੀਰ ਵਿੱਚੋਂ ਵੱਲਾ ਪਿੰਡ ਜੱਸਾ ਸਿੰਘ ਦੇ ਹਿੱਸੇ ਆਇਆ। ਇਸ ਪਿੰਡ ਵਿਚ ਰਹਿੰਦਿਆਂ ਉਸ ਦੀ ਜਲੰਧਰ ਦੁਆਬੇ ਦੇ ਫ਼ੌਜਦਾਰ ਅਦੀਨਾ ਬੇਗ ਨਾਲ ਹੱਦਾਂ ਦੀ ਵੰਡ ਨੂੰ ਲੈ ਕੇ ਨੌਰੰਗਾਬਾਦ ਦੇ ਸਥਾਨ 'ਤੇ ਲੜਾਈ ਹੋਈ ਜੋ ਕਿ ਵੱਲੇ ਦੀ ਲੜਾਈ ਕਰਕੇ ਮਸ਼ਹੂਰ ਹੈ।

੧੭੪੭ ਈ. ਵੈਸਾਖੀ ਦੇ ਪੁਰਬ ਉੱਤੇ ਸ੍ਰੀ ਅੰਮ੍ਰਿਤਸਰ ਵਿਚ ਬੜਾ ਭਾਰੀ ਇਕੱਠ ਹੋਇਆ, ਜਿਸ ਵਿਚ ਸਰਬਸੰਮਤੀ ਨਾਲ ਆਪਣੇ ਕਿਲ੍ਹੇ ਉਸਾਰਨ ਦਾ ਫੈਸਲਾ ਕੀਤਾ ਗਿਆ। ਸ੍ਰੀ ਅੰਮ੍ਰਿਤਸਰ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂ 'ਤੇ 'ਰਾਮ ਰੌਣੀ' ਕਿਲ੍ਹਾ ਉਸਾਰਨ ਦਾ ਗੁਰਮਤਾ ਪਾਸ ਹੋ ਗਿਆ। ਇਸ ਦੀ ਉਸਾਰੀ ਜਲਦੀ ਕੀਤੀ ਗਈ ਤੇ ਜੱਸਾ ਸਿੰਘ ਨੂੰ ਇਸ ਦਾ ਕਿਲ੍ਹੇਦਾਰ ਥਾਪਿਆ ਗਿਆ। ਬਾਅਦ ਵਿਚ ਇਸ ਦਾ ਨਾਂ ਰਾਮਗੜ੍ਹ ਰੱਖਿਆ ਗਿਆ ਤੇ ਸਰਦਾਰ ਜੱਸਾ ਸਿੰਘ ਦੇ ਨਾਮ ਨਾਲ ਰਾਮਗੜ੍ਹੀਆ ਲਕਬ ਜੁੜ ਗਿਆ ਤੇ ਉਸ ਦੁਆਰਾ ਕਾਇਮ ਕੀਤੀ ਗਈ ਮਿਸਲ 'ਰਾਮਗੜ੍ਹੀਆ ਮਿਸਲ' ਦੇ ਨਾਂ ਨਾਲ ਮਸ਼ਹੂਰ ਹੋਈ।

ਰਾਮਗੜ੍ਹ ਦਾ ਕਿਲ੍ਹਾ ਜੋ ਅਠਾਰ੍ਹਵੀਂ ਸਦੀ ਵਿਚ ਸਿੱਖਾਂ ਦੀ ਸ਼ਾਨ ਤੇ ਸ਼ਕਤੀ ਦਾ ਪ੍ਰਤੀਕ ਬਣ ਚੁੱਕਾ ਸੀ। ਮੁਗਲਾਂ ਤੇ ਪਠਾਣਾਂ ਨੇ ਇਸ ਕਿਲ੍ਹੇ ਨੂੰ ਧਰਤੀ ਨਾਲ ਕਈ ਵੇਰ ਮਿਲਾਇਆ ਪ੍ਰੰਤੂ ਹਰ ਵਾਰੀ ਸਰਦਾਰ ਜੱਸਾ ਸਿੰਘ ਨੇ ਪੂਰਨ ਲਗਨ ਤੇ ਪਿਆਰ ਨਾਲ ਇਸ ਦੀ ਮੁੜ ਉਸਾਰੀ ਕੀਤੀ ਅਤੇ ਇਸ ਦੇ ਨਾਂ ਅਤੇ ਹੋਂਦ ਨੂੰ ਕਾਇਮ ਰੱਖਣ ਦਾ ਮਾਣ ਉਸੇ ਨੂੰ ਮਿਲਦਾ ਰਿਹਾ। ਸਰਦਾਰ ਜੱਸਾ ਸਿੰਘ ਨੇ ਮੁੜ ਕਿਲ੍ਹਾ ਉਸਾਰਿਆ ਤੇ ਕਿਲ੍ਹੇ ਦੇ ਨਜ਼ਦੀਕ ਇੱਕ ਬਸਤੀ 'ਕਟੜਾ ਰਾਮਗੜ੍ਹੀਆ' ਉਸਾਰੀ।

ਵੱਡੇ ਘਲੂਘਾਰੇ ਤੋਂ ਪਿੱਛੋਂ ਸਿੱਖਾਂ ਨੇ ਵੱਡੀ ਲੜਾਈ ਦੀ ਤਿਆਰੀ ਕੀਤੀ। ਅਕਤੂਬਰ, ੧੭੬੨ ਈ. ਨੂੰ ਅਬਦਾਲੀ ਅਜੇ ਲਾਹੌਰ ਵਿਚ ਸੀ ਕਿ ਲੱਗਭਗ ੬੦ ਹਜ਼ਾਰ ਸਿੱਖ ਸ੍ਰੀ ਅੰਮ੍ਰਿਤਸਰ ਇਕੱਠੇ ਹੋਏ ਤੇ ਅਬਦਾਲੀ ਨਾਲ ਟੱਕਰ ਲੈਣ ਦਾ ਪ੍ਰਣ ਕੀਤਾ। ਅਬਦਾਲੀ ਨੂੰ ਖ਼ਬਰ ਮਿਲਦਿਆਂ ਉਸ ਨੇ ਹਮਲਾ ਕਰ ਦਿੱਤਾ। ਸਵੇਰ ਤੋਂ ਸ਼ਾਮ ਤੀਕ ਜ਼ਬਰਦਸਤ ਲੜਾਈ ਹੋਈ ਜਿਸ ਵਿਚ ਅਬਦਾਲੀ ਨੂੰ ਹਾਰ ਹੋਈ ਤੇ ਉਹ ਰਾਤ ਦੇ ਹਨੇਰੇ ਵਿਚ ਜਾਨ ਬਚਾ ਕੇ ਨੱਸ ਗਿਆ। ਉਹ ਦਸੰਬਰ ੧੭੬੨ ਈ. ਵਿਚ ਅਫ਼ਗਾਨਿਸਤਾਨ ਵਿਖੇ ਗੜਬੜ ਹੋਣ ਕਰਕੇ ਕਾਬਲ ਵਾਪਸ ਚਲਾ ਗਿਆ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ੧੭੬੭ ਈ. ਤੋਂ ਪਿੱਛੋਂ ਕਈ ਇਲਾਕਿਆਂ

'ਤੇ ਕਬਜ਼ਾ ਕੀਤਾ। ਸਭ ਤੋਂ ਪਹਿਲਾਂ ਬਟਾਲਾ, ਕਲਾਨੌਰ, ਦੀਨਾਨਗਰ, ਸ੍ਰੀ ਹਰਿਗੋਬਿੰਦਪੁਰ, ਸ਼ਾਹਪੁਰ ਕੰਢੀ, ਕਾਦੀਆਂ ਅਤੇ ਘੁਮਾਣ 'ਤੇ ਕਬਜ਼ਾ ਕੀਤਾ। ਇਹ ਇਲਾਕਾ ਗੁਰਦਾਸਪੁਰ ਤੇ ਅੰਮ੍ਰਿਤਸਰ ਦੇ ਜ਼ਿਲ੍ਹਿਆਂ ਵਿੱਚੋਂ ਸਭ ਤੋਂ ਉਪਜਾਊ ਸੀ ਇਸ ਨੂੰ ਰਿਆੜਕੀ ਕਰਕੇ ਸੱਦਿਆ ਜਾਂਦਾ ਸੀ। ਇਨ੍ਹਾਂ ਇਲਾਕਿਆਂ ਤੋਂ ਉਸ ਨੂੰ ਛੇ ਤੋਂ ਲੈ ਕੇ ਦਸ ਲੱਖ ਰੁਪਏ ਤਕ ਦੀ ਸਾਲਾਨਾ ਆਮਦਨ ਹੁੰਦੀ ਸੀ।

ਇਸ ਤੋਂ ਪਿੱਛੋਂ ਉਸ ਨੇ ਮੌਜੂਦਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਨਾਲ ਲੱਗਦੇ ਇਲਾਕਿਆਂ ਵੱਲ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ। ਛੇਤੀ ਹੀ ਮਨੀਵਾਲ, ਉੜਮੜ ਟਾਂਡਾ, ਸਰਹੀ, ਮੰਗੇਵਾਲ, ਮਿਆਣੀ, ਦੀਪਾਲਪੁਰ, ਰੋਹਿਲ ਤੇ ਸ਼ਰੀਫ਼ ਜੰਗ ਆਦਿ ਇਲਾਕੇ ਆਪਣੇ ਅਧੀਨ ਕਰ ਲਏ। ਇਹ ਇਲਾਕੇ ਆਉਣ ਨਾਲ ਉਸ ਦੀ ਆਮਦਨ ਦਸ ਲੱਖ ਰੁਪਏ ਸਲਾਨਾ ਤੋਂ ਵੱਧ ਗਈ। ਕਾਂਗੜਾ ਤੇ ਹੋਰ ਪਹਾੜੀ ਰਾਜਿਆਂ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਈਨ ਮੰਨ ਕੇ ਸਾਲਾਨਾ ਕਰ ਦੇਣਾ ਪ੍ਰਵਾਨ ਕਰ ਲਿਆ। ਜਸਵਾਂ, ਦੀਪਾਲਪੁਰ, ਅਨਾਰਪੁਰ, ਹਰੀਪੁਰ, ਦਾਤਾਰਪੁਰ ਤੇ ਜੇਠੋਵਾਲ ਦੀਆਂ ਛੋਟੀਆਂ ਛੋਟੀਆਂ ਰਿਆਸਤਾਂ ਆਪਣੇ ਅਧੀਨ ਕਰ ਲਈਆਂ। ਇਨ੍ਹਾਂ ਤੋਂ ਦੋ ਲੱਖ ਰੁਪਏ ਸਾਲਾਨਾ ਕਰ ਆਉਂਦਾ ਸੀ। ਇਨ੍ਹਾਂ ਜਿੱਤਾਂ ਨਾਲ ਉਸ ਦੇ ਰਾਜ ਦੀਆਂ ਹੱਦਾਂ ਦੂਰ-ਦੂਰ ਤੀਕ ਵਧ ਗਈਆਂ। ਬਿਆਸ ਅਤੇ ਰਾਵੀ ਦੇ ਵਿਚਕਾਰ ਦਾ ਸਾਰਾ ਇਲਾਕਾ ਅਤੇ ਜਲੰਧਰ ਦੁਆਬੇ ਦਾ ਮੈਦਾਨੀ ਇਲਾਕਾ ਉਸ ਦੇ ਰਾਜ ਵਿਚ ਸ਼ਾਮਲ ਸੀ। ਉਸ ਨੇ ਸੋਚ ਵਿਚਾਰ ਕਰ ਕੇ ਸ੍ਰੀ ਹਰਿਗੋਬਿੰਦਪੁਰ ਨੂੰ ਆਪਣੀ ਰਾਜਧਾਨੀ ਬਣਾਇਆ ਜੋ ਕਿ ਜਿੱਤੇ ਇਲਾਕਿਆਂ ਦੇ ਐਨ ਵਿਚਕਾਰ ਸੀ। ਪਹਿਲਾਂ ਰਾਮਗੜ੍ਹ ਰਾਜਧਾਨੀ ਸੀ। ਪਹਾੜੀ ਰਿਆਸਤਾਂ ਰਿਆੜਕੀ ਅਤੇ ਦੁਆਬ ਦੀ ਜਿੱਤ ਨੇ ਸਰਦਾਰ ਜੱਸਾ ਸਿੰਘ ਦਾ ਤੇਜ ਪ੍ਰਤਾਪ ਸਿਖਰਾਂ 'ਤੇ ਪਹੁੰਚਾ ਦਿੱਤਾ।

ਮੁਗ਼ਲ ਬਾਦਸ਼ਾਹ ਸ਼ਾਹ ਆਲਮ ਨੇ ਰਿਆਸਤ ਪਟਿਆਲਾ ਨੂੰ ਆਪਣੇ ਅਧੀਨ ਕਰਨ ਲਈ ਹਮਲਾ ਕਰ ਦਿੱਤਾ। ਜਦ ਸ਼ਾਹੀ ਫ਼ੌਜਾਂ ਕਰਨਾਲ ਨੇੜੇ ਪੁੱਜੀਆਂ ਤਾਂ ਕਈ ਸਰਦਾਰ ਜਿਵੇਂ ਸਾਹਿਬ ਸਿੰਘ ਕਾਂਡੀ, ਦੀਵਾਨ ਸਿੰਘ, ਬਘੇਲ ਸਿੰਘ ਅਤੇ ਦੇਸਾ ਸਿੰਘ ਕੈਂਥਲੀਆ ਆਦਿ ਜਿਨ੍ਹਾਂ ਦੀ ਰਾਜਾ ਅਮਰ ਸਿੰਘ ਨਾਲ ਲੱਗਦੀ ਸੀ, ਵੀ ਮੁਗ਼ਲ ਫੌਜ ਦੀ ਮਦਦ ਲਈ ਆ ਗਏ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਉਸ ਦਾ ਸਪੁੱਤਰ ਜੋਧ ਸਿੰਘ ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵੀ ਉਸ ਦੀ ਸਹਾਇਤਾ ਲਈ ਪੁੱਜ ਗਏ। ਰਾਜਾ ਅਮਰ ਸਿੰਘ ਦੀਆਂ ਫੌਜਾਂ ਨੂੰ ਭਾਰੀ ਜਿੱਤ ਹੋਈ ਤੇ ਪਾਨੀਪਤ ਵੱਲ ਨੂੰ ਨੱਸੀਆਂ ਜਾਂਦੀਆਂ ਸ਼ਾਹੀ ਫ਼ੌਜਾਂ ਦਾ ਦੂਰ ਤਕ ਪਿੱਛਾ ਕੀਤਾ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਸਰਦਾਰ ਬਘੇਲ ਸਿੰਘ ਅਤੇ ਸਰਦਾਰ ਗੁਰਦਿੱਤ ਸਿੰਘ ਦੀ ਸਹਾਇਤਾ ਨਾਲ ਤੀਹ ਹਜ਼ਾਰ ਫੌਜ ਲੈ ਕੇ ਮੁਜ਼ਫਰਪੁਰ ਤੇ ਮੀਰਾਂਪੁਰ ਦੇ ਇਲਾਕੇ ਵਿੱਚੋਂ ਧਨ ਦੌਲਤ ਇਕੱਤਰ ਕੀਤੀ ਤੇ ਫਿਰ ਮਾਰੋ-ਮਾਰ ਕਰਦੇ

ਮੇਰਠ ਸ਼ਹਿਰ ਵਿਚ ਜਾ ਨਿਕਲੇ। ਇਸ ਇਲਾਕੇ ਦੇ ਜ਼ਬੀਤਾ ਖ਼ਾਨ ਨੂੰ ਘੇਰ ਲਿਆ ਤੇ ਦਸ ਹਜ਼ਾਰ ਰੁਪਏ ਕਰ ਵਸੂਲ ਕੀਤਾ। ਉਸ ਨੇ ਹਰ ਸਾਲ ਕਰ ਦੇਣ ਦਾ ਇਕਰਾਰ ਵੀ ਕੀਤਾ। ਇੱਥੋਂ ਅੱਗੇ ਸਰਦਾਰ ਜੱਸਾ ਸਿੰਘ ਤੇ ਬਘੇਲ ਸਿੰਘ ਦੀਆਂ ਫੌਜਾਂ ਨੇ ਉੱਤਰ ਪ੍ਰਦੇਸ਼ ਦੇ ਉੱਘੇ ਵਪਾਰਕ ਕੇਂਦਰ ਚੰਦੋਸੀ ਉੱਤੇ ਹਮਲਾ ਕੀਤਾ, ਜਿੱਥੋਂ ਕਈ ਲੱਖ ਰੁਪਿਆ ਉਨ੍ਹਾਂ ਦੇ ਹੱਥ ਲੱਗਾ।

ਕੁਝ ਸਮੇਂ ਬਾਅਦ ਸਿੱਖ ਸਰਦਾਰਾਂ ਨੇ ਦਿੱਲੀ ਉੱਪਰ ਧਾਵਾ ਕਰਨ ਦਾ ਮਤਾ ਪਕਾਇਆ। ਮਾਰਚ ੧੭੮੩ ਵਿਚ ਸਿੱਖ ਦਿੱਲੀ ਸ਼ਹਿਰ ਵਿਚ ਦਾਖ਼ਲ ਹੋਏ। ਮੁਗ਼ਲ ਬਾਦਸ਼ਾਹ, ਸ਼ਾਹ ਆਲਮ ਦੂਜਾ ਉਨ੍ਹਾਂ ਦੇ ਮੁਕਾਬਲੇ ਲਈ ਤਿਆਰ ਨਹੀਂ ਸੀ। ਇਸ ਲਈ ਸਿੱਖ ਕਈ ਦਿਨ ਦਿੱਲੀ ਦੇ ਮਾਲਕ ਬਣੇ ਰਹੇ। ਪਹਿਲਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਮੁਗ਼ਲਪੁਰੀ ਖ਼ਤਮ ਕੀਤਾ ਤੇ ਫਿਰ ਲਾਲ ਕਿਲ੍ਹੇ ਜਾ ਵੜਿਆ। ਉੱਥੋਂ ਧਨ ਤੋਂ ਇਲਾਵਾ ਮੁਗ਼ਲਾਂ ਦੇ ਤੋਪਖਾਨੇ ਦੀਆਂ ਤੋਪਾਂ, ਬੰਦੂਕਾਂ ਤੇ ਮੁਗ਼ਲਾਂ ਦੇ ਤਾਜਪੋਸ਼ੀ ਵਾਲੀ ਰੰਗ ਬਰੰਗੇ ਪੱਥਰ ਦੀ ਇੱਕ ਸੁੰਦਰ ਸਿਲ ਹੱਥ ਲੱਗੀ। ਇਹ ਸਿਲ ਇਸ ਸਮੇਂ ਰਾਮਗੜ੍ਹੀਆ ਬੁੰਗੇ, ਸ੍ਰੀ ਅੰਮ੍ਰਿਤਸਰ ਵਿਚ ਪਈ ਹੈ।

੧੭੮੩ ਈ. ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਕਾਲ ਚਲਾਣਾ ਕਰ ਗਏ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਵਾਪਸ ਪੰਜਾਬ ਆ ਕੇ ਆਪਣੇ ਇਲਾਕੇ ਮੁੜ ਪ੍ਰਾਪਤ ਕਰ ਲਏ।

੮੦ ਸਾਲ ਦੀ ਉਮਰ ਭੋਗ ਕੇ ੧੮੦੩ ਈ. ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਪੁੱਤਰ ਸਰਦਾਰ ਜੋਧ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਦੋਸਤੀ ਪਾ ਲਈ ਤੇ ਉਸ ਦੇ ਜੀਉਂਦੇ ਜੀਅ ੧੮੧੬ ਈ. ਤਕ ਮਹਾਰਾਜਾ ਰਣਜੀਤ ਸਿੰਘ ਨੂੰ ਉਸ ਨਾਲ ਲੜਾਈ ਕਰਨ ਦਾ ਕਦੇ ਖਿਆਲ ਨਾ ਆਇਆ।

**ਹਵਾਲਾ ਪੁਸਤਕਾਂ**

੧. ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ, *ਸ. ਜੱਸਾ ਸਿੰਘ ਰਾਮਗੜ੍ਹੀਆ*, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ ੨੦੧੦

੨. ਪ੍ਰੋ. ਗੁਰਨਾਮ ਸਿੰਘ ਰਾਏ, *ਜੱਸਾ ਸਿੰਘ ਰਾਮਗੜ੍ਹੀਆ*, ਪੰਜਾਬੀ ਯੂਨੀਵਰਸਿਟੀ, ਪਟਿਆਲਾ ੨੦੧੨

## ਜ਼ਿਲ੍ਹਾ ਪਠਾਨਕੋਟ ਵਿਖੇ ਅੰਮ੍ਰਿਤ-ਸੰਚਾਰ

ਭਾਈ ਜਗਦੇਵ ਸਿੰਘ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਪਿੰਡ ਜੈਨੀ ਉਪਰਲੀ ਰਾਣੀਪੁਰ, ਜ਼ਿਲ੍ਹਾ ਪਠਾਨਕੋਟ ਵਿਖੇ ੧੩ ਨਵੰਬਰ, ੨੦੨੨ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੩੯ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਫ਼ਤਹ ਨਿਸ਼ਾਨ : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

*-ਡਾ. ਜਸਬੀਰ ਸਿੰਘ ਸਰਨਾ**

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਮਿਸਲ ਰਾਮਗੜ੍ਹੀਆ ਦਾ ਮੀਰ-ਏ-ਕਾਰਵਾਂ ਸੀ। ਅਠਾਰ੍ਹਵੀਂ ਸਦੀ ਦੇ ਦੂਜੇ ਅੱਧ ਵਿਚ ਉਹ ਸਿੱਖਾਂ ਦਾ ਮੰਨਿਆ ਹੋਇਆ ਮਸ਼ਹੂਰ ਸੈਨਿਕ ਕਮਾਂਡਰ ਸੀ। ਉਸ ਦੇ ਦਾਦਾ ਹਰਦਾਸ ਸਿੰਘ ਨੇ ਦਸਮੇਸ਼ ਪਿਤਾ ਦੇ ਮੁਬਾਰਕ ਹੱਥੋਂ ਖੰਡੇ ਦੀ ਪਾਹੁਲ ਲਈ ਸੀ। ਉਹ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਜੰਗਾਂ ਵਿਚ ਲੜੇ ਸੀ। ਸਰਦਾਰ ਜੱਸਾ ਸਿੰਘ ਦੇ ਪਿਤਾ ਸਰਦਾਰ ਭਗਵਾਨ ਸਿੰਘ ੧੭੩੯ ਈ. ਵਿਚ ਨਾਦਰ ਸ਼ਾਹ ਨਾਲ ਲੜਦਿਆਂ ਸ਼ਹੀਦੀ ਜਾਮ ਪੀ ਗਏ ਸਨ। ਸਰਦਾਰ ਜੱਸਾ ਸਿੰਘ ਨੇ ਛੋਟੀ ਉਮਰੇ ਹੀ ਸ਼ਸਤਰ ਵਿੱਦਿਆ, ਘੋੜ ਸਵਾਰੀ ਅਤੇ ਯੁੱਧ ਨੀਤੀ ਦੀ ਕਲਾ ਵਿਚ ਮੁਹਾਰਤ ਹਾਸਲ ਕਰ ਲਈ ਸੀ। ੧੭੪੫ ਈ. ਵਿਚ ਸਰਦਾਰ ਜੱਸਾ ਸਿੰਘ ਨੂੰ ਅਦੀਨਾ ਬੇਗ ਜਲੰਧਰ ਦੁਆਬ ਦੇ ਫ਼ੌਜਦਾਰ ਕੋਲ ਕੁਝ ਸ਼ਰਤਾਂ 'ਤੇ ਤਾਲਮੇਲ ਰੱਖਣ ਲਈ ਘੱਲਿਆ।

ਜਦੋਂ ਸਿੱਖ ਅਕਤੂਬਰ ੧੭੪੮ ਈ. ਨੂੰ ਅੰਮ੍ਰਿਤਸਰ ਵਿਚ ਦੀਵਾਲੀ ਮਨਾਉਣ ਲਈ ਇਕੱਠੇ ਹੋਏ ਤਾਂ ਮੀਰ ਮਨੂੰ ਨੇ ਸ੍ਰੀ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ। ਕਈ ਸਿੱਖ ਜੰਗਲਾਂ ਵੱਲ ਚਲੇ ਗਏ ਅਤੇ ੫੦੦ ਦੇ ਕਰੀਬ ਸਿੱਖਾਂ ਨੇ ਰਾਮ ਰੌਣੀ ਦੇ ਕਿਲ੍ਹੇ ਵਿਚ ਪਨਾਹ ਲਈ। ਮਿੱਟੀ ਦਾ ਬਣਿਆ ਇਹ ਕਿਲ੍ਹਾ ਚਾਰ ਮਹੀਨੇ ਦੀਆਂ ਝੜਪਾਂ ਵਿਚ ਪੂਰੀ ਤਰ੍ਹਾਂ ਤਬਾਹ ਹੋ ਗਿਆ ਸੀ। ਦੀਵਾਨ ਕੌੜਾ ਮੱਲ ਨੂੰ ਕਹਿ ਕੇ ਜੱਸਾ ਸਿੰਘ ਨੇ ਮੁਗ਼ਲਾਂ ਦਾ ਘੇਰਾ ਚੁਕਾਇਆ। 'ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ' ਅਨੁਸਾਰ ਦੋ ਸੌ ਸਿੰਘਾਂ ਨੇ ਜਾਮ-ਏ-ਸ਼ਹਾਦਤ ਪੀਤੇ। ਸੰਨ ੧੭੫੩ ਨਵੰਬਰ ਵਿਚ ਮੀਰ ਮਨੂੰ ਦਾ ਦੇਹਾਂਤ ਹੋ ਗਿਆ। ਸਿੰਘਾਂ ਫਿਰ ਇਕੱਠੇ ਹੋ ਕੇ ਰਾਮ ਰੌਣੀ ਦਾ ਕਿਲ੍ਹਾ ਦੁਬਾਰਾ ਉਸਾਰਨ ਲਈ ਸਰਦਾਰ ਜੱਸਾ ਸਿੰਘ ਨੂੰ ਬੇਨਤੀ ਕੀਤੀ। ਸਰਦਾਰ ਜੱਸਾ ਸਿੰਘ ਨੇ ਆਪਣੇ ਸੈਨਿਕਾਂ ਦੀ ਮਦਦ ਨਾਲ ਦੁਬਾਰਾ ਕਿਲ੍ਹਾ ਉਸਾਰ ਕੇ ਨਾਮ ਰਾਮਗੜ੍ਹ ਰੱਖਿਆ। ਇਸ ਤੋਂ ਬਾਅਦ ਉਨ੍ਹਾਂ ਦੇ ਨਾਮ ਨਾਲ ਸ਼ਬਦ 'ਰਾਮਗੜ੍ਹੀਆ' ਪ੍ਰਸਿੱਧ ਹੋ ਗਿਆ। ਅਪ੍ਰੈਲ ੧੭੫੮ ਈ. ਨੂੰ ਅਦੀਨਾ ਬੇਗ ਪੰਜਾਬ ਦਾ ਗਵਰਨਰ ਬਣਿਆ। ਉਸ ਨੇ ਮੀਰ ਅਜ਼ੀਜ਼ ਬਖਸ਼ੀ ਨੂੰ ਭਾਰੀ ਫ਼ੌਜ ਦੇ ਕੇ ਸ੍ਰੀ ਅੰਮ੍ਰਿਤਸਰ 'ਤੇ ਹਮਲਾ ਕਰਵਾਇਆ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਜੈ ਸਿੰਘ ਕਨੱਈਆ ਅਤੇ ਅਮਰ ਸਿੰਘ ਕਾਂਗੜਾ ਨੇ ਰਾਮਗੜ੍ਹ ਕਿਲ੍ਹੇ ਵਿਚ ਪਨਾਹ ਲਈ। ਕਾਫ਼ੀ ਦਿਨ ਗਹਿ-ਗੱਚ ਲੜਾਈ ਹੋਈ। ਦੋਵੇਂ ਪਾਸੇ ਤੋਂ ਲੜਾਈ ਵਿਚ ਕਾਫ਼ੀ ਸੈਨਿਕ ਮਾਰੇ ਗਏ।

**Sant Niwas, R-11, Swarn colony, Gole gujral, Jammu Tawi 180002; M. 09906566604*

ਆਖਰ ਕਿਲ੍ਹਾ ਸਿੱਖਾਂ ਨੂੰ ਖਾਲੀ ਕਰਨਾ ਪਿਆ। ੧੭੫੮ ਈ. ਦੇ ਸਤੰਬਰ ਦੇ ਮਹੀਨੇ ਅਦੀਨਾ ਬੇਗ ਦੀ ਮੌਤ ਤੋਂ ਬਾਅਦ ਸਿੱਖਾਂ ਨੇ ਪੰਜਾਂ ਵਿੱਚੋਂ ਚਾਰ ਦੁਆਬਿਆਂ 'ਤੇ ਕਬਜ਼ਾ ਕਰ ਲਿਆ। ਥੋੜੇ ਸਮੇਂ ਵਿਚ ਹੀ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ 'ਦਲ ਖਾਲਸਾ' ਦਾ ਪ੍ਰਮੁੱਖ ਆਗੂ ਬਣ ਕੇ ਉਭਰਿਆ। ੧੭੭੦ ਈ. ਵਿਚ ਉਸ ਨੇ ਪਹਾੜੀ ਰਾਜਾਂ 'ਤੇ ਹਮਲੇ ਬੋਲੇ ਅਤੇ ਕਾਂਗੜਾ ਆਦਿ ਤੋਂ ਲੱਖਾਂ ਰੁਪਏ ਦੇ ਨਜ਼ਰਾਨੇ ਲਏ। ਬਿਆਸ ਦੇ ਕਿਨਾਰੇ ਕਿਲ੍ਹਾ ਤਲਵਾੜਾ ਉਸਾਰਿਆ ਅਤੇ ਆਪਣੇ ਭਰਾਤਾ ਸਰਦਾਰ ਮਾਲੀ ਸਿੰਘ ਨੂੰ ਭਾਰੀ ਫ਼ੌਜ ਦੇ ਕੇ ਤਾਇਨਾਤ ਕੀਤਾ। ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਨਾਲ ਵੀ ਇਨ੍ਹਾਂ ਦੀਆਂ ਝੜਪਾਂ ਹੁੰਦੀਆਂ ਸਨ।

ਸਿੱਖਾਂ ਨੇ ਦਿੱਲੀ 'ਤੇ ਕਬਜ਼ਾ ਕਰ ਲਿਆ ਅਤੇ ਲਾਲ ਕਿਲ੍ਹੇ 'ਤੇ ਖਾਲਸਈ ਨਿਸ਼ਾਨ ਝੁਲਾਅ ਦਿੱਤਾ। ਮਾਰਚ ੧੭੮੩ ਈ. ਨੂੰ ਸਾਰਿਆਂ ਜਰਨੈਲਾਂ ਨੇ ਮਿਲ ਕੇ ਦਿੱਲੀ ਦੇ ਗੁਰਦੁਆਰਾ ਸਾਹਿਬਾਨ ਦੀ ਉਸਾਰੀ ਵਿਚ ਹਿੱਸਾ ਪਾਇਆ। ਇਸੇ ਸਮੇਂ ਦੌਰਾਨ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਲਾਲ ਕਿਲ੍ਹੇ ਤਖਤ ਦੀ ਸਿਲ ਪੁੱਟ ਕੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਲਿਆਂਦੀ ਸੀ ਜੋ ਅੱਜ ਵੀ ਬੁੰਗਾ ਰਾਮਗੜ੍ਹੀਆ ਵਿਚ ਸੁਰੱਖਿਅਤ ਹੈ। ਗੌਰਤਲਬ ਹੈ ਕਿ ਇਹ ਉਹੀ ਤਖਤ ਹੈ ਜਿਸ 'ਤੇ ਬਹਿ ਕੇ ਬਾਦਸ਼ਾਹ ਔਰੰਗਜ਼ੇਬ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਦਾ ਫੁਰਮਾਨ ਜਾਰੀ ਕੀਤਾ ਸੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਮੇਰਠ 'ਤੇ ਹਮਲਾ ਕੀਤਾ ਅਤੇ ਦਸ ਹਜ਼ਾਰ ਰੁਪਏ ਸਾਲਾਨਾ ਨਵਾਬ ਨੇ ਅਦਾ ਕੀਤੇ। ਆਖਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਪੰਜਾਬ ਆ ਕੇ ਖੋਈਆਂ ਹੋਈਆਂ ਪ੍ਰਦੇਸ਼ ਇਕਾਈਆਂ ਨੂੰ ਦੁਬਾਰਾ ਹਾਸਲ ਕੀਤਾ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਬਾਰੀ ਦੁਆਬ, ਜਲੰਧਰ ਦੁਆਬ, ਕਾਂਗੜਾ, ਨੂਰਪੁਰ, ਮੰਡੀ ਅਤੇ ਚੰਬਾ ਤੋਂ ਨਜ਼ਰਾਨੇ ਮਿਲਦੇ ਸਨ। ਆਖਰ ਇਹ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਗੁਰਮਤਿ ਅਨੁਸਾਰ ਜੀਵਨ ਜੀਉਣ ਵਾਲੇ ਤੇ ਵੰਡ ਕੇ ਛਕਣ ਵਾਲੇ ੮੦ ਸਾਲ ਪੂਰੇ ਕਰ ਕੇ ੧੮੦੩ ਈ. ਨੂੰ ਚਲਾਣਾ ਕਰ ਗਏ। ■

## ਸਿੱਖ ਮਿਸ਼ਨ ਕਲਕੱਤਾ ਵੱਲੋਂ ਅੰਮ੍ਰਿਤ-ਸੰਚਾਰ

ਭਾਈ ਚਰਨਜੀਤ ਸਿੰਘ ਅਤੇ ਭਾਈ ਗੁਰਵਿੰਦਰ ਸਿੰਘ ਪ੍ਰਚਾਰਕ ਸਿੱਖ ਮਿਸ਼ਨ ਕਲਕੱਤਾ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਂਝੀਵਾਲ ਪਿੰਡ ਪਰਮਾਨੰਦ ਪੁਰ, ਜ਼ਿਲ੍ਹਾ ਅਰਹਰੀਆ, ਬਿਹਾਰ ਵਿਖੇ ੧੩ ਨਵੰਬਰ, ੨੦੨੨ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ੨੭ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਕਿਰਦਾਰ

*-ਬਿਕਰਮਜੀਤ ਸਿੰਘ ਜੀਤ**

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਨਾਮ ਸਿੱਖ ਇਤਿਹਾਸ ਦੇ ਜਰਨੈਲਾਂ ਵਿਚ ਅਤੀ ਮਹੱਤਵਪੂਰਨ ਅਤੇ ਵਿਸ਼ੇਸ਼ ਨਾਮ ਹੈ। ਉਨ੍ਹਾਂ ਦਾ ਜਨਮ ੫ ਮਈ, ੧੭੨੩ ਈ. ਵਿਚ ਸਰਦਾਰ ਭਗਵਾਨ ਸਿੰਘ ਦੇ ਘਰ ਲਾਹੌਰ ਵਿਖੇ ਪਿੰਡ ਇੱਛੋਗਿੱਲ (ਈਚੋਗਿੱਲ) ਵਿਚ ਹੋਇਆ। ਹੁਣ ਵੱਡੀ ਗੱਲ ਇੱਥੇ ਇਹ ਸੀ ਕਿ ਜਿਸ ਸਰਦਾਰ ਭਗਵਾਨ ਸਿੰਘ ਦੇ ਘਰ ਇਸ ਮਹਾਨ ਯੋਧੇ ਨੇ ਜਨਮ ਲਿਆ ਉਸ ਦੇ ਪਿਤਾ ਸਰਦਾਰ ਹਰਦਾਸ ਸਿੰਘ (ਦਾਦਾ) ਨੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਅੰਮ੍ਰਿਤ ਦਾਤ ਹਾਸਲ ਕੀਤੀ ਸੀ ਤੇ ਉਨ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਮੁਗਲਾਂ ਨਾਲ ਹੋਈਆਂ ਲੜਾਈਆਂ ਵਿਚ ਹਿੱਸਾ ਲਿਆ ਸੀ। ਹੁਣ ਅਗਲੀ ਗੱਲ ਇਹ ਹੈ ਕਿ ਜਿਸ ਦੇ ਵਡੇਰਿਆਂ ਨੇ ਦਸਮ ਪਾਤਸ਼ਾਹ ਦੇ ਦਰਸ਼ਨ ਕੀਤੇ ਹੋਣ ਤੇ ਉਨ੍ਹਾਂ ਹੱਥੋਂ ਅੰਮ੍ਰਿਤ-ਪਾਨ ਕੀਤਾ ਹੋਵੇ ਉਨ੍ਹਾਂ ਦੀਆਂ ਪੀੜ੍ਹੀਆਂ ਅੰਦਰ, ਸੂਰਮਗਤੀ ਤੇ ਉਪਕਾਰ ਦੀ ਭਾਵਨਾ ਦੇ ਗੁਣ ਭਰੇ ਹੋਣਾ ਤਾਂ ਕੁਦਰਤੀ ਹੀ ਸੀ। ਇਸ ਸਿੱਖੀ-ਸਿਦਕ ਨੂੰ ਵਿਰਸੇ ਵਿੱਚੋਂ ਪ੍ਰਾਪਤ ਕਰ ਚੁੱਕੇ ਸਰਦਾਰ ਜੱਸਾ ਸਿੰਘ ਨੇ ਸਿੱਖ ਇਤਿਹਾਸ ਦੇ ਪੰਨਿਆਂ ਨੂੰ ਆਪਣੇ ਜੀਵਨ-ਕਾਲ ਦੌਰਾਨ ਹੋਰ ਵਰਣਨਯੋਗ ਬਣਾ ਦਿੱਤਾ।

ਸਰਦਾਰ ਭਗਵਾਨ ਸਿੰਘ ਨੇ ਆਪਣੇ ਪਿਤਾ ਸਰਦਾਰ ਹਰਦਾਸ ਸਿੰਘ ਦੇ ਪ੍ਰਲੋਕ ਸਿਧਾਰ ਜਾਣ ਤੋਂ ਬਾਅਦ ਆਪਣੀ ਵੱਸੋਂ ਇੱਛੋਗਿੱਲ (ਈਚੋਗਿੱਲ) ਕਰ ਲਈ ਸੀ ਜਦਕਿ ਇਨ੍ਹਾਂ ਦੇ ਵੱਡੇ-ਵਡੇਰੇ ਪਿੰਡ ਸੁਰ ਸਿੰਘ ਝਬਾਲ ਦੇ ਰਹਿਣ ਵਾਲੇ ਸਨ।

ਸੰਖੇਪ ਵਿਚ ਵੇਖੀਏ ਤਾਂ ਪਤਾ ਚੱਲਦਾ ਹੈ ਕਿ ਸਰਦਾਰ ਜੱਸਾ ਸਿੰਘ ਨੇ ਕਨ੍ਹਈਆ ਮਿਸਲ ਨਾਲ ਮਿਲ ਕੇ ਦੀਨਾਨਗਰ, ਬਟਾਲਾ, ਕਲਾਨੌਰ, ਸ੍ਰੀ ਹਰਿਗੋਬਿੰਦਪੁਰ, ਕਾਦੀਆਂ, ਘੁਮਾਣ ਆਦਿ ਨਗਰਾਂ ਅਤੇ ਕੁਝ ਦੁਆਬੇ ਦਾ ਇਲਾਕਾ ਫਤਹ ਕਰ ਕੇ ਆਪਣੀ ਹਕੂਮਤ ਸਥਾਪਿਤ ਕੀਤੀ। ਇਹ ਦਿੱਲੀ-ਮੇਰਠ ਤਕ ਮੱਲਾਂ ਮਾਰਦੇ ਰਹੇ। ਆਪ ਨੇ 'ਦਲ ਖਾਲਸੇ' ਦੀਆਂ ਬਹੁਤ ਸਾਰੀਆਂ ਲੜਾਈਆਂ ਵਿਚ ਤਨਦੇਹੀ ਨਾਲ ਸੰਘਰਸ਼ ਕੀਤਾ। ਅਹਿਮਦਸ਼ਾਹ ਅਬਦਾਲੀ ਦੇ ਭਾਰਤ ਉੱਤੇ ਹਮਲਿਆਂ ਦੌਰਾਨ ਸਿੱਖ ਸੰਘਰਸ਼ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੇ ਬਹਾਦਰੀ ਦੇ ਬੇਅੰਤ ਜੌਹਰ ਦਿਖਾਏ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਬੇਅੰਤ ਕਾਰਜ ਕੀਤੇ ਜਿਨ੍ਹਾਂ ਸਦਕਾ ਬਿਖੜੇ ਸਮਿਆਂ ਵਿਚ ਸਿੱਖ ਕੌਮ ਚੜ੍ਹਦੀ ਕਲਾ ਵਿਚ ਰਹੀ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਸਮੁੱਚਾ ਜੀਵਨ ਆਦਰਸ਼ਮਈ ਜੀਵਨ

**੨੯੪੬/੭ ਬਜ਼ਾਰ ਲੁਹਾਰਾਂ, ਸ੍ਰੀ ਅੰਮ੍ਰਿਤਸਰ। ਮੋ : +੯੧ ੮੭੨੭੮-੦੦੩੭੨*

ਰਿਹਾ ਹੈ। ਬੇਸ਼ਕ ਹਾਲਾਤ ਭਾਵੇਂ ਕੁਝ ਵੀ ਸਨ, ਪਰ ਸਰਦਾਰ ਜੱਸਾ ਸਿੰਘ ਸਦਾ ਹੀ ਗੁਰੂ ਦੀ ਸ਼ਰਨ ਦਾ ਓਟ ਆਸਰਾ ਲੈ ਕੇ ਭਗਤੀ ਤੇ ਸ਼ਕਤੀ ਦੇ ਸੁਮੇਲ ਵਿੱਚੋਂ ਸਾਡੇ ਸਾਹਮਣੇ ਆਉਂਦੇ ਹਨ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਸਮੁੱਚੇ ਜੀਵਨ ਇਤਿਹਾਸ, ਸ਼ਖ਼ਸੀ ਗੁਣਾਂ ਅਤੇ ਕਿਰਦਾਰ 'ਤੇ ਜੇਕਰ ਕੇਵਲ ਇਕ ਝਾਤ ਮਾਰੀ ਜਾਵੇ ਤਾਂ ਇੱਕ ਗੱਲ ਪੱਕੇ ਤੌਰ 'ਤੇ ਕਹੀ ਜਾ ਸਕਦੀ ਹੈ ਕਿ ਬਚਪਨ ਤੋਂ ਲੈ ਕੇ ਅੰਤਮ ਸਮੇਂ ਤਕ ਹਰ ਹਾਲਤ ਵਿਚ ਸਿੱਖੀ ਉਨ੍ਹਾਂ ਦੇ ਅੰਗ-ਸੰਗ ਨਿੱਭਦੀ ਰਹੀ। ਉਹ ਮੈਦਾਨ-ਏ-ਜੰਗ ਵਿਚ ਜਿੱਥੇ ਇਕ ਬਹਾਦਰ, ਦਲੇਰ, ਨਿਡਰ ਸੂਰਮੇ ਸਨ, ਉੱਥੇ ਸ਼ਖ਼ਸੀ ਤੌਰ 'ਤੇ ਰੋਮ-ਰੋਮ ਤੋਂ ਗੁਰਮਤਿ ਨੂੰ ਪ੍ਰਣਾਏ ਹੋਏ ਪੂਰਨ ਰੂਪ ਵਿਚ 'ਗੁਰਮੁਖ' ਸਨ, ਕਿਉਂਕਿ ਇਕ ਗੁਰਮੁਖ ਵਿਅਕਤੀ ਹੀ ਗੁਰਬਾਣੀ ਦਾ ਓਟ ਆਸਰਾ ਲੈਂਦਿਆਂ ਹੋਇਆਂ ਆਪਣੇ ਅੰਦਰੋਂ ਵਿਕਾਰਾਂ ਨੂੰ ਖਤਮ ਕਰ ਕੇ, ਉਨ੍ਹਾਂ 'ਤੇ ਜਿੱਤ ਪ੍ਰਾਪਤ ਕਰਦਾ ਹੈ ਤੇ ਬਾਹਰਲੇ ਸਮਾਜਿਕ ਹਾਲਾਤ ਵਿਚ ਮਜ਼ਲੂਮ ਅਤੇ ਦੇਸ਼ ਕੌਮ ਦੀ ਰਾਖੀ ਕਰ ਸਕਣ ਦੇ ਸਮਰੱਥ ਹੁੰਦਾ ਹੈ। ਜਿਸਦੀਆਂ ਅਨੇਕਾਂ ਮਿਸਾਲਾਂ ਸਰਦਾਰ ਸਾਹਿਬ ਦੇ ਜੀਵਨ ਵਿੱਚੋਂ ਪ੍ਰਤੱਖ ਰੂਪ ਵਿਚ ਮਿਲਦੀਆਂ ਹਨ।

ਗੁਰੂ-ਕਾਲ ਤੋਂ ਬਾਅਦ ਸਿੱਖਾਂ ਨੂੰ ਬੇਅੰਤ ਹਕੂਮਤੀ ਜਬਰ-ਓ-ਜ਼ੁਲਮ ਦਾ ਸ਼ਿਕਾਰ ਹੋਣਾ ਪਿਆ, ਪਰ ਸਿੱਖ ਕੌਮ ਨੇ ਆਪਣੇ ਗੁਰੂ ਤੋਂ ਮੁਖ਼ ਨਹੀਂ ਮੋੜਿਆ, ਬਲਕਿ ਹੋਰ ਦੂਣ-ਸਵਾਈ ਹੋ ਕੇ ਹਾਲਾਤ ਅਤੇ ਅੱਤਿਆਚਾਰਾਂ ਦਾ ਮੁਕਾਬਲਾ ਕੀਤਾ। ਅਨੇਕਾਂ ਸਿੱਖ-ਸੂਰਮਿਆਂ ਨੇ ਸਮੇਂ-ਸਮੇਂ ਕੌਮ ਦੀ ਅਗਵਾਈ ਕੀਤੀ। ਇਨ੍ਹਾਂ ਵਿਚ ਸਿੱਖ ਮਿਸਲ ਕਾਲ ਸਮੇਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਨਾਮ ਇਤਿਹਾਸ ਦੇ ਪੰਨਿਆਂ ਵਿਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਹੋਇਆ ਹੈ ਅਤੇ ਵਿਸ਼ੇਸ਼ ਜ਼ਿਕਰਯੋਗ ਹੈ।

ਡਾ. ਹਰੀ ਰਾਮ ਗੁਪਤਾ ਅਨੁਸਾਰ- "ਕਿਸੇ ਦੇਸ਼ ਦੇ ਇਤਿਹਾਸ ਨੂੰ ਠੀਕ ਢੰਗ ਨਾਲ ਸਮਝਣ ਲਈ ਉਸ ਦੇਸ਼ ਦੇ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਪੜ੍ਹਨਾ ਅਤਿਅੰਤ ਲੋੜੀਂਦੀ ਗੱਲ ਹੈ। ਜੀਵਨੀਆਂ ਪੜ੍ਹਨ ਨਾਲ ਸਾਨੂੰ ਇਹ ਪਤਾ ਲੱਗਦਾ ਹੈ ਕਿ ਕਿਸੇ ਦੇਸ਼ ਵਿਚ ਕਿਸੇ ਖਾਸ ਸਮੇਂ ਸਮਾਜ ਅਤੇ ਕੌਮ ਦੀਆਂ ਕੀ ਸਮੱਸਿਆਵਾਂ ਸਨ ਅਤੇ ਉਸ ਕੌਮ ਜਾਂ ਸਮਾਜ ਦੇ ਮਹਾਂਪੁਰਸ਼ਾਂ ਨੇ ਉਨ੍ਹਾਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਕੀ-ਕੀ ਤਰੀਕੇ ਸੋਚੇ, ਕਿੰਨਾ ਉੱਪਰ ਅਮਲ ਕੀਤਾ ਅਤੇ ਆਪਣੇ ਟੀਚੇ ਪੁਰ ਪਹੁੰਚਾਉਣ ਵਿਚ ਕਿਸ ਹੱਦ ਤਕ ਸਫਲ ਹੋਏ। ਅਠਾਰ੍ਹਵੀਂ ਸਦੀ ਵਿਚ ਸਿੱਖ ਸਰਦਾਰਾਂ ਨੇ ਪੰਜਾਬ ਵਿਚ ਆਪਣੀ ਬੀਰਤਾ ਦੇ ਅਜਿਹੇ ਕਾਰਨਾਮੇ ਵਿਖਾਏ ਕਿ ਸੈਂਕੜੇ ਸਾਲਾਂ ਤੋਂ ਇਸ ਦੇਸ਼ ਉੱਪਰ ਹਮਲਾ ਕਰਨ ਵਾਲੇ ਵਿਦੇਸ਼ੀ ਜਰਵਾਣਿਆਂ ਦੇ ਦੰਦ ਖੱਟੇ ਕਰ ਦਿੱਤੇ ਅਤੇ ਉਨ੍ਹਾਂ ਦੇ ਵੱਗਦੇ ਹੜ੍ਹ ਨੂੰ ਇਸ ਤਰ੍ਹਾਂ ਬੰਨ੍ਹ ਲਾਇਆ ਕਿ ਉਨ੍ਹਾਂ ਨੇ ਫਿਰ ਕਦੇ ਵੀ ਇਸ ਦੇਸ਼ ਵੱਲ ਤੱਕਣ ਦਾ ਹੀਆ ਨਾ ਕੀਤਾ।"

ਪੁਰਾਤਨ ਸਮੇਂ ਦੇ ਸਿੰਘਾਂ ਦੀਆਂ ਬਹਾਦਰੀਆਂ ਅਤੇ ਨੇਕ ਨੀਤੀਆਂ ਦੇ ਕਿੱਸੇ ਸਾਨੂੰ ਇਤਿਹਾਸ ਦੀ ਬੁੱਕਲ ਵਿੱਚੋਂ ਅਛੋਪਲੇ ਹੀ ਮਿਲ ਜਾਂਦੇ ਹਨ। ਇਨ੍ਹਾਂ ਵਿਚ ਗੁਰੂ-ਕਾਲ ਤੋਂ ਲੈ ਕੇ ਅਠਾਰ੍ਹਵੀਂ ਸਦੀ ਦੇ ਸਮੁੱਚੇ ਸਿੰਘ ਜਿੱਥੇ ਪੂਰਨ ਤੌਰ 'ਤੇ ਗੁਰ-ਸਿਧਾਂਤਾਂ ਅਤੇ ਮਰਯਾਦਾ ਨੂੰ ਸਮਰਪਿਤ ਸਨ, ਉੱਥੇ ਉਨ੍ਹਾਂ ਦੀ ਸਮੁੱਚੀ ਘਾਲਣਾ ਗੁਰੂ-ਘਰ ਅਤੇ ਸਿੱਖ ਰਾਜ ਦੀ ਆਭਾ ਨੂੰ ਉਚੇਰਾ ਚੁੱਕਣ ਵਾਲੀ ਹੋ ਨਿੱਬੜਦੀ ਹੈ।

ਇਤਿਹਾਸਕਾਰਾਂ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਸੰਘਰਸ਼ ਨੂੰ ਆਪਣੀ ਆਪਣੀ ਸੋਚ ਸ਼ਕਤੀ ਮੁਤਾਬਕ ਵੱਖ-ਵੱਖ ਪੁਸਤਕਾਂ ਵਿਚ ਉਲੀਕਿਆ ਹੈ ਪਰੰਤੂ ਅਜੋਕੇ ਵਰਤਮਾਨਕ ਸੰਦਰਭ ਤੇ ਅੱਜ ਇੱਕੀਵੀਂ ਸਦੀ ਦੀ ਪਦਾਰਥਕ ਦੌੜ ਵਿਚ ਗਵਾਚੇ ਮਨੁੱਖ ਨਾਲ ਇਸ ਦੀ ਤੁਲਨਾ ਕੀਤੀ ਜਾਵੇ ਤਾਂ ਜ਼ਮੀਨ-ਅਸਮਾਨ ਦਾ ਅੰਤਰ ਦਿੱਸੇਗਾ। ਅਜੋਕਾ ਮਨੁੱਖ ਜਿੱਥੇ ਪਦਾਰਥਕ ਦੌੜਾਂ ਵਿਚ ਲੱਗਾ ਹੋਇਆ ਹੈ ਅਤੇ ਆਪਣੀਆਂ ਉਪਲੱਬਧੀਆਂ ਦੀ ਜਿਸ ਹਿਸਾਬ ਨਾਲ ਸਿਫਤ ਕਰਵਾਉਂਦਾ ਹੋਇਆ ਦਿੱਸਦਾ ਹੈ ਉਸ ਮੁਕਾਬਲੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆਪਣੀ 'ਵਾਹ ਵਾਹ' ਕਰਵਾਉਣ ਦੀ ਥਾਂ ਪੰਥਕ ਉੱਨਤੀ ਵੱਲ ਯਤਨ ਕਰਦੇ ਹੋਏ ਪ੍ਰਤੀਤ ਹੁੰਦੇ ਹਨ। ਉਨ੍ਹਾਂ ਦਾ ਜੀਵਨ ਬਹੁਤ ਹੀ ਉੱਚਾ-ਸੁੱਚਾ, ਨੇਕ ਨੀਅਤੀ ਵਾਲਾ ਸੀ। ਅਸਲ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵਰਗੇ ਨੇਕ ਤੇ ਬਹਾਦਰ ਪੁਰਸ਼ ਕੇਵਲ ਪੰਥ ਲਈ ਜੀਣਾ ਤੇ ਪੰਥ ਲਈ ਹੀ ਮਰਨਾ ਜਾਣਦੇ ਸਨ। ਜੇ ਪੰਥਕ ਸੰਘਰਸ਼ ਵਿਚ ਸਰਦਾਰ ਜੱਸਾ ਸਿੰਘ ਨੂੰ ਆਪਣੀਆਂ ਸਮੁੱਚੀਆਂ ਕਾਰਵਾਈਆਂ ਵਿਚ ਜੋ ਧਨ-ਦੌਲਤ ਇਕੱਤਰ ਹੋਈ ਉਹ ਬਜਾਏ ਖੁਦ ਰੱਖਣ ਦੀ ਥਾਂ ਉਨ੍ਹਾਂ ਪੰਥਕ ਕਾਰਜਾਂ ਗਰੀਬ-ਗੁਰਬਿਆਂ ਅਤੇ ਆਪਣੇ ਸਿੱਖ ਸਿਪਾਹੀਆਂ ਵਿਚ ਵੰਡ ਦਿੱਤੀ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਜੇਕਰ ਕੇਵਲ ਕਿਰਦਾਰ ਬਾਰੇ ਹੀ ਗੱਲ ਕੀਤੀ ਜਾਵੇ ਤਾਂ ਇੱਥੇ ਇਹੀ ਕਿਹਾ ਜਾ ਸਕਦਾ ਹੈ ਕਿ ਅਸੀਂ ਉਨ੍ਹਾਂ ਬਾਰੇ ਇਤਿਹਾਸ ਵਿੱਚੋਂ ਜਿਤਨਾ ਵੀ ਜਾਣ ਸਕੇ ਜਾਂ ਜਾਣ ਸਕਦੇ ਹਾਂ ਉਹ ਕੇਵਲ ਕੁਝ ਕੁ ਨਮੂਨਾ ਮਾਤਰ ਹੀ ਸਰਦਾਰ ਸਾਹਿਬ ਦੇ ਕਿਰਦਾਰ ਦੇ ਦਰਸ਼ਨ ਕਰਵਾਉਣ ਵਾਲੇ ਪਹਿਲੂ ਹੋਣਗੇ ਜਦਕਿ ਅਜਿਹੇ ਕੌਮੀ ਨਾਇਕਾਂ ਦੀਆਂ ਬੇਅੰਤ ਘਾਲਣਾਵਾਂ ਅਤੇ ਉਪਕਾਰ ਦੇ ਕਈ ਹੋਰ ਪਹਿਲੂ ਇਤਿਹਾਸਕਾਰਾਂ ਦੇ ਅੱਖੋਂ ਪਰੋਖੇ ਹੀ ਰਹੇ ਹੋਣਗੇ ਜੋ ਕਿ ਹੋਰ ਵੀ ਵਧੇਰੀ ਖੋਜ ਦੀ ਮੰਗ ਕਰਦੇ ਹਨ।

ਅਜੋਕੇ ਪਦਾਰਥਵਾਦੀ ਗਲਬੇ ਦੇ ਦੌਰ ਵਿਚ ਜੇਕਰ ਸਰਦਾਰ ਜੱਸਾ ਸਿੰਘ ਵਰਗੇ ਮਹਾਂਪੁਰਸ਼ਾਂ ਦੇ ਕਿਰਦਾਰ, ਉਨ੍ਹਾਂ ਦੇ ਆਚਰਨ ਤੇ ਜੀਵਨ 'ਤੇ ਝਾਤੀ ਮਾਰੀਏ ਤਾਂ ਜੋ ਗੁਣ ਸਰਦਾਰ ਸਾਹਿਬ ਦੇ ਸਾਨੂੰ ਮਿਲਦੇ ਹਨ, ਉਹ ਕਿਸੇ ਪਰਉਪਕਾਰੀ ਸ਼ਖ਼ਸੀਅਤ ਤੋਂ ਘੱਟ ਨਹੀਂ। ਬੇਗਾਨੀ ਮਾਇਆ, ਸੁੰਦਰਤਾ ਜਾਂ ਰਾਜ-ਭਾਗ ਉੱਪਰ ਹਰ ਤਾਕਤਵਰ ਵਿਅਕਤੀ ਆਪ ਹੀ ਸਥਾਪਤੀ ਕਰਨਾ ਚਾਹੁੰਦਾ ਹੈ ਪਰੰਤੂ ਸਰਦਾਰ ਜੱਸਾ ਸਿੰਘ

ਰਾਮਗੜ੍ਹੀਆ ਦਾ ਜੀਵਨ ਇਨ੍ਹਾਂ ਸਭ ਗੱਲਾਂ ਤੋਂ ਉੱਪਰ ਉੱਠਿਆ ਹੋਇਆ ਅਤੇ ਮੁਕਤ ਹੋ ਚੁੱਕਾ ਸੀ। ਇੰਨਾ ਹੀ ਨਹੀਂ ਬਲਕਿ ਉਨ੍ਹਾਂ ਦੇ ਨਾਲ ਦੇ ਸਿੰਘ ਸਰਦਾਰ ਵੀ ਬੜੇ ਉੱਚੇ-ਸੁੱਚੇ ਆਚਰਣ ਦੇ ਮਾਲਕ ਸਨ।

ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਅਨੁਸਾਰ- "ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਲੰਮੇ ਕੱਦ ਤੇ ਤਕੜੇ ਜੁੱਸੇ ਵਾਲਾ ਪ੍ਰਭਾਵਸ਼ਾਲੀ ਪੁਰਸ਼ ਸੀ। ਆਪਣੇ ਚੌੜੇ ਮੱਥੇ ਤੇ ਰੋਸ਼ਨ ਅੱਖਾਂ ਨਾਲ ਉਗਦੀ ਸੂਰਤ ਬੜੀ ਸੁੰਦਰ ਤੇ ਦਿਲ-ਖਿੱਚਵੀਂ ਲੱਗਦੀ ਸੀ ਤੇ ਉਸ ਦੀ ਚੌੜੀ ਛਾਤੀ ਅੰਦਰ ਇਕ ਫੌਲਾਦੀ ਦਿਲ ਧੜਕਦਾ ਸੀ। ਭਾਵੇਂ ਉਸ ਨੂੰ ਕਿਸੇ ਪਾਠਸ਼ਾਲਾ ਵਿੱਚੋਂ ਕਿਤਾਬੀ ਵਿੱਦਿਆ ਪ੍ਰਾਪਤ ਕਰਨ ਦਾ ਅਉਸਰ ਨਹੀਂ ਮਿਲਿਆ, ਪਰ ਉਸ ਨੂੰ ਆਤਮਕ ਤੇ ਸ਼ਸਤਰ-ਵਿੱਦਿਆ ਵਿਚ ਨਿਪੁੰਨ ਕਰ ਦਿੱਤਾ ਗਿਆ ਸੀ। ਰਾਜਨੀਤਿਕ ਸੂਝ ਤੇ ਨਿਰਮਲ ਬੁੱਧੀ ਉਸ ਨੂੰ ਆਪਣੇ ਜੀਵਨ-ਘੋਲ ਵਿੱਚੋਂ ਪ੍ਰਾਪਤ ਹੋਈ ਤੇ ਇਨ੍ਹਾਂ ਸਾਰੀਆਂ ਗੱਲਾਂ ਨਾਲ ਉਸ ਦੇ ਕੁਦਰਤੀ ਅਨੁਭਵ ਨੇ ਮਿਲ ਕੇ ਉਸ ਨੂੰ ਇਕ ਅਦੁੱਤੀ ਯੋਧਾ, ਸਿਆਣਾ ਜਰਨੈਲ, ਸੁਯੋਗ ਪ੍ਰਬੰਧਕ ਤੇ ਚਤੁਰ ਨੀਤੀਵਾਨ ਬਣਾ ਦਿੱਤਾ ਸੀ। ਜੱਸਾ ਸਿੰਘ ਅਪਾਰ ਸਰੀਰਿਕ ਬਲ ਦਾ ਮਾਲਕ ਸੀ ਤੇ ਉਸ ਵਿਚ ਨਿਡਰਤਾ ਤੇ ਦਲੇਰੀ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਸ ਵਿਚ ਇੱਕ ਸਿੱਖ ਯੋਧੇ ਵਾਲੇ ਸਾਰੇ ਉੱਤਮ ਗੁਣ ਮੌਜੂਦ ਸਨ, ਜਿਹਾ ਕਿ ਅਜਿੱਤ ਹੌਂਸਲਾ, ਪ੍ਰਬਲ ਸ਼ਕਤੀ, ਅਪਾਰ ਦਲੇਰੀ, ਚਤੁਰਾਈ ਤੇ ਉਹ ਫੌਜੀ ਸੁਭਾਵ, ਜੋ ਕਦੀ ਹਾਰ ਨਹੀਂ ਮੰਨਦਾ।"

(*ਸ. ਜੱਸਾ ਸਿੰਘ ਰਾਮਗੜ੍ਹੀਆ,* ਪੰਨਾ ੧੦੫)

ਇੱਕ ਗੱਲ ਜੋ ਕਿ ਬਹੁਤ ਹੀ ਮਹੱਤਵਪੂਰਨ ਹੈ ਕਿ ਸਾਰੇ ਸਿੱਖ ਸਰਦਾਰ ਇਸਤਰੀ ਜਾਤ ਦਾ ਬਹੁਤ ਸਤਿਕਾਰ ਕਰਦੇ ਸੀ। ਬੇਸ਼ੱਕ ਉਹ ਬੇਗਾਨੀਆਂ ਹੀ ਕਿਉਂ ਨਾ ਹੋਣ। ਅਬਦਾਲੀ ਜਦ ਗ਼ਜ਼ਨੀ ਦੇ ਬਜ਼ਾਰਾਂ ਵਿਚ ਵੇਚਣ ਵਾਸਤੇ ਭਾਰਤ ਦੀਆਂ ਬਹੁ-ਬੇਟੀਆਂ ਨੂੰ ਇੱਥੋਂ ਚੁੱਕ ਕੇ ਲਿਜਾ ਰਿਹਾ ਸੀ ਤਾਂ ਇਹ ਸਿੱਖ ਸਰਦਾਰ ਹੀ ਸਨ ਜਿਨ੍ਹਾਂ ਨੇ ੨੨੦੦ ਦੇ ਲੱਗਭਗ ਇਸਤਰੀਆਂ ਨੂੰ ਉਨ੍ਹਾਂ ਕੋਲੋਂ ਛਡਵਾ ਕੇ ਘਰੋ-ਘਰੀ ਪਹੁੰਚਾਇਆ।

ਅਜਿਹੀ ਹੀ ਇਕ ਹੋਰ ਮਿਸਾਲ ਸਰਦਾਰ ਜੱਸਾ ਸਿੰਘ ਦੇ ਜੀਵਨ ਵਿੱਚੋਂ ਮਿਲਦੀ ਹੈ ਜਿਸ ਨਾਲ ਸਰਦਾਰ ਸਾਹਿਬ ਦੇ ਕਿਰਦਾਰ ਦੀ ਇਕ ਬੇਹੱਦ ਹੀ ਪਵਿੱਤਰ ਅਤੇ ਉੱਚੀ-ਸੁੱਚੀ ਝਲਕ ਸਾਨੂੰ ਵੇਖਣ ਨੂੰ ਮਿਲਦੀ ਹੈ। ਇਸ ਬਾਬਤ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਲਿਖਦੇ ਹਨ:

"ਸੰਨ ੧੭੯੦ ਈ. ਵਿਚ ਇਕ ਅਤਿ ਦੁਖੀ ਬ੍ਰਾਹਮਣ ਹਾਜ਼ਰ ਹੋਇਆ ਅਤੇ ਫੁੱਟ-ਫੁੱਟ ਕੇ ਰੋਂਦੇ ਹੋਏ ਨੇ ਫਰਿਆਦ ਕੀਤੀ ਕਿ ਹਾਕਮ ਹਿਸਾਰ ਨੇ ਉਸ ਦੀ ਕੰਨਿਆ*, ਧੱਕੇ ਨਾਲ ਆਪਣੇ ਘਰ ਪਾ ਲਈ ਹੈ। ਉਹ ਦੁਖੀ ਕਈ ਰਾਜਪੂਤਾਂ ਤੇ

**ਕਈ ਵਿਦਵਾਨਾਂ ਨੇ ਬ੍ਰਾਹਮਣ ਦੀਆਂ ਦੋ ਬੇਟੀਆਂ ਦਾ ਜ਼ਿਕਰ ਕੀਤਾ ਹੈ।*

ਮਰਹਟੇ ਆਗੂਆਂ ਦੇ ਦੁਆਰੇ ਆਪਣੀ ਇਹ ਦੁਖ ਭਰੀ ਫਰਿਯਾਦ ਸੁਣਾ ਚੁੱਕਾ ਹੈ ਪਰ ਉਸ ਅਥਿਤੀ ਦੀ ਬਾਂਹ ਕਿਸੇ ਨੇ ਨਹੀਂ ਫੜੀ। ਹੁਣ ਉਹ ਸਭ ਪਾਸਿਆਂ ਤੋਂ ਨਿਰਾਸ਼ ਹੋ ਕੇ ਆਪ ਦੇ ਦੁਆਰੇ ਆਇਆ ਹੈ। ਤਰਸਵਾਨ ਸਰਦਾਰ ਜੱਸਾ ਸਿੰਘ ਨੇ ਬ੍ਰਿਧ ਬ੍ਰਾਹਮਣ ਦੀ ਚੀਕ-ਪੁਕਾਰ ਸੁਣ ਕੇ ਆਪਣੇ ਬਹਾਦਰ ਸਵਾਰਾਂ ਨੂੰ ਹੁਕਮ ਦੇ ਦਿੱਤਾ ਕਿ ਖਾਲਸਾ ਜੀ ! ਪਹਿਲਾਂ ਇਸ ਦੁਖੀਏ ਦਾ ਦੁੱਖ ਕੱਟ ਕੇ ਮੁੜ ਕੋਈ ਹੋਰ ਕੰਮ ਕਰਾਂਗੇ। ਸੋ ਉਸੀ ਸਮੇਂ ਹਾਕਮ ਹਿਸਾਰ ਪਰ ਹੱਲਾ ਬੋਲ ਕੇ ਜਰਵਾਣੇ ਦਾ ਕੋਟ ਤੇ ਘਰ ਘੇਰ ਲਿਆ ਅਤੇ ਐਸੇ ਕਹਿਰ ਦੀ ਇਕ ਰਸ ਤੇਗ ਚਲਾਈ ਕਿ ਵੈਰੀ ਲਈ ਹੇਠਲੀ ਉੱਪਰ ਲੈ ਆਂਦੀ। ਇਸ ਸੰਗ੍ਰਾਮ ਵਿਚ ਪਾਪੀ ਹਾਕਮ ਜੀਉਂਦਾ ਫੜ ਲਿਆ ਗਿਆ ਅਤੇ ਇਸ ਤਰ੍ਹਾਂ ਦੇ ਜਰਵਾਣਿਆਂ ਲਈ ਜਿਹੋ ਜਿਹੀ ਸਿੱਖਿਆਦਾਇਕ ਸਜ਼ਾ ਸੋਭਦੀ ਹੈ, ਦਿੱਤੀ ਗਈ। ਉਸ ਦੇ ਹਰਮ ਵਿੱਚੋਂ ਬ੍ਰਾਹਮਣ ਦੀ ਕੰਨਿਆਂ ਨੂੰ ਕੱਢ ਲਿਆਂਦਾ ਅਤੇ ਜ਼ਾਲਮ ਦੇ ਕਿਲ੍ਹੇ ਨੂੰ ਦਿਲ ਖੋਲ੍ਹ ਕੇ ਲੁੱਟਿਆ ਤਾਂ ਜੋ ਅੱਗੇ ਨੂੰ ਹੋਰ ਹਤਿਆਰਿਆਂ ਨੂੰ ਇਸ ਨਮੂਨੇ ਤੋਂ ਸਿੱਖਿਆ ਮਿਲੇ। ਇਸ ਤਰ੍ਹਾਂ ਇਹ ਕੰਨਿਆਂ ਉਸ ਬ੍ਰਾਹਮਣ ਦੇ ਹੱਥ ਸੌਂਪਦੇ ਹੋਏ ਸਰਦਾਰ ਜੱਸਾ ਸਿੰਘ ਨੇ ੫੦੦੦ ਰੁਪਏ ਆਪਣੇ ਪਾਸੋਂ ਇਹ ਕਹਿ ਕੇ ਕੰਨਿਆ ਦੇ ਨਾਲ ਦਿੱਤਾ ਕਿ ਧੀਆਂ ਨੂੰ ਖਾਲੀ ਹੱਥ ਘਰੋਂ ਨਹੀਂ ਤੋਰੀਦਾ। ਸਰਦਾਰ ਜੱਸਾ ਸਿੰਘ ਦਾ ਇਸ ਨਿਸ਼ਕਾਮ ਉਪਕਾਰ ਦੇ ਕਾਰਨ ਸਾਰੇ ਦੇਸ਼ ਵਿਚ ਭਾਰੀ ਜੱਸ ਹੋਣ ਲੱਗਾ।". . . *(ਖਾਲਸਾ ਰਾਜ ਦੇ ਉਸਰਈਏ)*

ਉਕਤ ਘਟਨਾ ਤੋਂ ਇਹ ਸਾਬਤ ਹੁੰਦਾ ਹੈ ਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਕੇਵਲ ਨਾਮ ਦੇ ਹੀ ਸਰਦਾਰ ਨਹੀਂ ਸਨ ਬਲਕਿ ਉਨ੍ਹਾਂ ਨੂੰ ਵਾਕਇ ਸਰਦਾਰਾਂ ਵਾਲੇ ਰੋਸ਼ਨ ਦਿਮਾਗ਼ ਦੀ ਬਖਸ਼ਿਸ਼ ਸੀ।

ਸਰਦਾਰ ਜੱਸਾ ਸਿੰਘ ਅੰਦਰ ਅਪਾਰ ਸਰੀਰਿਕ ਤਾਕਤ ਮੌਜੂਦ ਸੀ ਭੈਅ ਉਹ ਸਿਰਫ ਅਕਾਲ ਪੁਰਖ ਦਾ ਰੱਖਦੇ ਸੀ। ਉਨ੍ਹਾਂ ਅੰਦਰ ਵੀਰਤਾ ਦੀ ਭਾਵਨਾ ਭਰੀ ਹੋਈ ਸੀ। ਇਨ੍ਹਾਂ ਹੀ ਨਹੀਂ ਬਲਕਿ ਉਨ੍ਹਾਂ ਅੰਦਰ ਸਿਆਣਪ ਅਤੇ ਸੂਝ-ਬੂਝ ਅਤੇ ਆਪਣੀ ਕੌਮ ਪ੍ਰਤੀ ਬੇਅੰਤ ਪਿਆਰ ਤੇ ਸਤਿਕਾਰ ਸੀ।

ਪ੍ਰਿਥੀਪਾਲ ਸਿੰਘ ਕਪੂਰ ਜਿਨ੍ਹਾਂ ਨੇ ਆਪਣੀ ਪੁਸਤਕ 'ਸ. ਜੱਸਾ ਸਿੰਘ ਰਾਮਗੜ੍ਹੀਆ' ਵਿਚ ਸਰਦਾਰ ਸਾਹਿਬ ਦੇ ਤਮਾਮ ਜੀਵਨ ਦੀਆਂ ਘਟਨਾਵਾਂ ਨੂੰ ਬਹੁਪੱਖਾਂ ਤੋਂ ਵਿਸਥਾਰਿਤ ਰੂਪ ਵਿਚ ਪੇਸ਼ ਕੀਤਾ ਹੈ, ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਉਹ ਸਰਦਾਰ ਜੱਸਾ ਸਿੰਘ ਦੇ ਕਿਰਦਾਰ/ਆਚਰਣ ਬਾਰੇ ਲਿਖਦੇ ਹਨ:

"ਇਕ ਸਾਊ ਮਨੁੱਖ ਦੇ ਤੌਰ 'ਤੇ ਜੱਸਾ ਸਿੰਘ ਦੀ ਮਹਾਨਤਾ ਏਦੂੰ ਵੀ ਕਿਤੇ ਵਧ-ਚੜ੍ਹਕੇ ਹੈ। ਆਪਣੇ ਵੈਰੀਆਂ ਨਾਲ ਸਦਾ ਆਦਰ-ਭਰਿਆ ਤੇ ਮਨੁੱਖਤਾ ਵਾਲਾ ਵਰਤਾਓ ਕਰਨਾ, ਨਾ ਕੇਵਲ ਉਹਦੇ ਧਰਮ ਦਾ ਸਗੋਂ ਨੀਤੀਵਾਨਤਾ ਦਾ ਵੀ ਇਕ ਜ਼ਰੂਰੀ ਅੰਗ ਸੀ। ਜੱਸਾ ਸਿੰਘ ਆਹਲੂਵਾਲੀਏ ਨਾਲ ਉਸ ਦੀ ਸਦਾ ਹੀ ਅਣਬਣ

ਰਹੀ, ਪਰ ਉਸ ਨੇ ਉਹਦੇ ਆਦਰ-ਮਾਣ ਵਿਚ ਕਦੀ ਕੋਈ ਫਰਕ ਨਹੀਂ ਸੀ ਆਉਣ ਦਿੱਤਾ। ੧੭੬੨ ਈ. ਵਿਚ ਜਦ ਵੱਡੇ ਘੱਲੂਘਾਰੇ ਦੇ ਸਮੇਂ ਆਹਲੂਵਾਲੀਏ ਸਰਦਾਰ ਨੂੰ ਬਹੁਤ ਸੱਟਾਂ ਲੱਗੀਆਂ, ਤਾਂ ਜੱਸਾ ਸਿੰਘ ਰਾਮਗੜ੍ਹੀਆ ਨੇ ਹੋਰ ਸਰਦਾਰਾਂ ਨਾਲ ਮਿਲ ਕੇ ਉਸ ਨੂੰ ਲੜਾਈ ਦੇ ਮੈਦਾਨ ਵਿੱਚੋਂ ਚਲੇ ਜਾਣ ਦੀ ਪ੍ਰੇਰਨਾ ਕੀਤੀ। ਇਹ ਉਸ ਦੀ ਕੌਮੀ ਭਲਾਈ, ਪੰਥਕ ਪਿਆਰ ਤੇ ਮਨੁੱਖੀ ਹਮਦਰਦੀ ਦਾ ਪ੍ਰਤੱਖ ਸਬੂਤ ਸੀ। ਇਸ ਤੋਂ ਬਾਅਦ ਜਦ ਜੱਸਾ ਸਿੰਘ ਦੇ ਛੋਟੇ ਭਰਾ ਮਾਲੀ ਸਿੰਘ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਕੈਦ ਕਰ ਲਿਆਂਦਾ ਤਾਂ ਵੀ ਰਾਮਗੜ੍ਹੀਏ ਸਰਦਾਰ ਨੇ ਬੜੀ ਸਿਆਣਪ ਦਾ ਸਬੂਤ ਦਿੱਤਾ। ਉਸ ਨੇ ਉਹਦੇ ਨਾਲ ਬੜਾ ਨਿੱਘਾ ਵਰਤਾਓ ਕੀਤਾ, ਮਾਲੀ ਸਿੰਘ ਦੀ ਅਵੱਗਿਆ ਲਈ ਮਾਫੀ ਮੰਗੀ ਉਸ ਦੇ ਫੱਟਾਂ ਦਾ ਇਲਾਜ ਕਰਾਇਆ ਤੇ ਫਿਰ ਉਸ ਨੂੰ 'ਖਿਲਅਤ' ਤੇ 'ਪਾਲਕੀ' ਭੇਟ ਕਰ ਕੇ ਆਦਰ ਸਨਮਾਨ ਨਾਲ ਵਿਦਿਆ ਕੀਤਾ।" (ਪੰਨਾ ੧੦੮-੦੯)

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਬਾਰੇ ਇਤਿਹਾਸ ਵਿਚ ਉਦਾਹਰਨਾਂ ਭਰੀਆਂ ਪਈਆਂ ਹਨ ਪਰੰਤੂ ਹਥਲੇ ਮਜਮੂਨ ਵਿਚ ਸੰਖੇਪਤਾ ਨੂੰ ਮੁੱਖ ਰੱਖਦੇ ਹੋਏ ਇੱਥੇ ਕੇਵਲ ਕੁਝ ਕੁ ਪਹਿਲੂ ਹੀ ਵਿਚਾਰੇ ਗਏ ਹਨ। ਸਰਦਾਰ ਸਾਹਿਬ ਦੇ ਜੀਵਨ ਅਤੇ ਉੱਚ ਆਦਰਸ਼ਕ ਗੁਣਾਂ ਵਾਲੇ ਕਿਰਦਾਰ ਤੋਂ ਸਾਨੂੰ ਸਾਰਿਆਂ ਨੂੰ ਸੇਧ ਲੈ ਕੇ ਆਪਣੇ ਜੀਵਨ ਨੂੰ ਉੱਨਤੀ ਦੇ ਮਾਰਗ 'ਤੇ ਲਿਜਾਣ ਦਾ ਯਤਨ ਕਰਨਾ ਬਣਦਾ ਹੈ। ਸਰਦਾਰ ਸਾਹਿਬ ਨੂੰ ਉਨ੍ਹਾਂ ਦੇ ੩੦੦ ਸਾਲਾ ਜਨਮ ਦਿਹਾੜੇ 'ਤੇ ਇਹੀ ਸਾਡਾ ਸਨੇਹ ਭਰਿਆ ਸਮਰਪਣ ਹੋਵੇਗਾ।

■

## ਜ਼ਿਲ੍ਹਾ ਗੁਰਦਾਸਪੁਰ ਵਿਖੇ ਅੰਮ੍ਰਿਤ-ਸੰਚਾਰ

• ਭਾਈ ਮਨਜੀਤ ਸਿੰਘ ਕਾਦੀਆਂ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ, ਪਿੰਡ ਭਾਮੜੀ,ਹਲਕਾ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ੨੯ ਨਵੰਬਰ, ੨੦੨੨ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ੩੮ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

• ਭਾਈ ਸਿਮਰਨਜੀਤ ਸਿੰਘ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਤਪ-ਅਸਥਾਨ ਬਾਪੂ ਸੰਪੂਰਨ ਸਿੰਘ ਜੀ ਪਿੰਡ ਮਲਕਪੁਰ, ਬਟਾਲਾ ਜ਼ਿਲ੍ਹਾ ਗੁਰਦਾਸਪੁਰ ਵਿਖੇ ੨ ਅਕਤੂਬਰ, ੨੦੨੨ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੩੩ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਇਤਿਹਾਸਕਾਰਾਂ ਦੀ ਨਜ਼ਰ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

*-ਸ. ਦੇਵਿੰਦਰ ਸਿੰਘ (ਜੀਆ ਨੱਥਾ)**

ਦਸਮ ਪਾਤਸ਼ਾਹ ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮ ਦਾ ਟਾਕਰਾ ਕਰਦੇ ਹੋਏ ਜੋ ਸੁਪਨਾ ਖਾਲਸਾ ਰਾਜ ਭਾਵ ਹਲੀਮੀ ਦਾ ਰਾਜ ਕਾਇਮ ਕਰਨ ਦਾ ਚਿਤਵਿਆ ਸੀ ਉਸ ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਸੰਪੂਰਨ ਕਰਨ ਲਈ ਲੰਮਾ ਸਮਾਂ ਸੰਘਰਸ਼ ਕੀਤਾ।

ਸਮੇਂ ਦੀ ਮੰਗ ਅਨੁਸਾਰ ਜੱਸਾ ਸਿੰਘ ਨੇ ਬਚਪਨ ਵਿਚ ਹੀ ਤੇਗ ਦੇ ਜੌਹਰ ਵਿਖਾਉਣੇ ਸ਼ੁਰੂ ਕਰ ਦਿੱਤੇ। ੧੭੩੯ ਈ. ਵਿਚ ਨਾਦਰ ਸ਼ਾਹ ਨੇ ਹਮਲਾ ਕੀਤਾ ਸੀ ਤਾਂ ਉਸ ਅੱਗੇ ਨਾ ਤਾਂ ਕੋਈ ਪੰਜਾਬ ਦਾ ਹਾਕਮ ਠਹਿਰ ਸਕਿਆ ਸੀ ਅਤੇ ਨਾਂ ਹੀ ਦਿੱਲੀ ਦੀ ਮੁਗ਼ਲ ਸਲਤਨਤ ਨੇ ਲੋਹਾ ਲਿਆ ਸੀ। ਉਸ ਭਿਆਨਕ ਸਮੇਂ ਮਰਜੀਵੜੇ ਸਿੱਖ, ਦਸਮ ਪਾਤਸ਼ਾਹ ਜੀ ਦਾ ਓਟ ਆਸਰਾ ਲੈ ਕੇ ਸੀਸ ਤਲੀ 'ਤੇ ਧਰ ਕੇ ਜਿਨ੍ਹਾਂ ਦੀ ਸੰਪਤੀ ਸਿਰਫ ਤੇਗ, ਢਾਲ ਤੇ ਘੋੜਾ ਹੁੰਦੀ ਸੀ ਧਾੜਵੀ ਨਾਦਰ ਸ਼ਾਹ ਦੀ ਫੌਜ 'ਤੇ ਟੁੱਟ ਕੇ ਪੈ ਜਾਂਦੇ ਸਨ ਅਤੇ ਉਸ ਦੀ ਲਾਮ ਡੋਰੀ ਤੇ ਵਾਰ-ਵਾਰ ਮੌਕਾ ਦੇਖ ਕੇ ਪੈ ਜਾਂਦੇ ਸਨ ਜਿਨ੍ਹਾਂ ਵਿਚ ਬਹਾਦਰ-ਸੂਰਬੀਰ ਸਰਦਾਰ ਜੱਸਾ ਸਿੰਘ ਵੀ ਸ਼ਾਮਲ ਸੀ। ਉਨ੍ਹਾਂ ਦੀ ਬਹਾਦਰੀ ਵੇਖ ਕੇ ਨਾਦਰ ਸ਼ਾਹ ਨੇ ਕਿਹਾ ਸੀ:-

"ਅਜ਼ ਈ ਬੂਏ ਸ਼ਾਹੀ ਮੇਂ ਆਇਦ"- ਭਾਵ ਇਨ੍ਹਾਂ ਕੋਲੋ ਬਾਦਸ਼ਾਹਾਂ ਵਰਗੀ ਖੁਸ਼ਬੂ ਆਉਂਦੀ ਹੈ।

੧੭੪੬ ਈ. ਦੇ ਇਤਿਹਾਸ ਵਿਚ ਇਕ ਅਹਿਮ ਘਟਨਾ ਵਾਪਰੀ ਕੁਝ ਸਿੱਖਾਂ ਦਾ ਵਹੀਰ ਗੁਰਦੁਆਰਾ ਐਮਨਾਬਾਦ ਵੱਲ ਜਾ ਰਿਹਾ ਸੀ ਤਾਂ ਅਚਾਨਕ ਲਾਹੌਰ ਦੇ ਦੀਵਾਨ ਲਖਪਤ ਰਾਏ ਦੇ ਭਰਾ ਜਸਪਤ ਰਾਏ ਨੇ ਸਿੱਖਾਂ ਨੂੰ ਵੇਖ ਕੇ ਹਮਲਾ ਕਰ ਦਿੱਤਾ। ਉਸ ਦਾ ਖਿਆਲ ਸੀ ਕਿ ਸਿੱਖ ਖਿੰਡ-ਪੁੰਡ ਜਾਣਗੇ ਪਰ ਐਸਾ ਨਹੀਂ ਹੋਇਆ ਭਾਈ ਨਿਬਾਹੂ ਸਿੰਘ ਨਾਮ ਦੇ ਇਕ ਸਿੱਖ ਨੇ ਬੜੀ ਬਹਾਦਰੀ ਨਾਲ ਜਸਪਤ ਰਾਏ ਨੂੰ ਤਲਵਾਰ ਦੇ ਇਕ ਵਾਰ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਸੀ। ਜਦੋਂ ਸਿੱਖਾਂ ਦੀ ਜਿੱਤ ਦੀ ਖ਼ਬਰ ਲਾਹੌਰ ਪੁੱਜੀ ਤਾਂ ਲਖਪਤ ਰਾਏ ਸੁਣ ਕੇ ਬਹੁਤ ਗੁੱਸੇ ਵਿਚ ਆ ਗਿਆ ਅਤੇ ਸਿੱਖਾਂ ਦਾ ਖਾਤਮਾ ਕਰਨ ਲਈ ਕਾਹਨੂੰਵਾਨ ਦੇ ਛੰਭ ਵਿਚ, ਜਿੱਥੇ ਸਿੱਖਾਂ ਦਾ ਵਹੀਰ ਠਹਿਰਿਆ ਹੋਇਆ ਸੀ, 'ਤੇ ਹਮਲਾ ਕਰ ਦਿੱਤਾ। ਉਸ ਵਹੀਰ ਵਿਚ ਸਰਦਾਰ ਜੱਸਾ ਸਿੰਘ ਵੀ ਸ਼ਾਮਲ ਸੀ। ਸਿੱਖਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ

*ਪਿੰਡ ਜੀਆ ਨੱਥਾ, ਡਾਕ: ਖੁੱਡਾ, ਤਹਿ: ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ— ੧੪੪੩੦੫; ਮੋ. +੯੧ ੯੪੧੭੭-੬੯੧੦੩

ਪਰੰਤੂ ਦੀਵਾਨ ਲਖਪਤ ਰਾਏ ਸਿੱਖੀ ਸਪਿਰਟ ਨੂੰ ਖਤਮ ਨਾ ਕਰ ਸਕਿਆ। ਉਸ ਸਮੇਂ ਹਾਲਾਤ ਅਨੁਸਾਰ ਪੰਥ ਨੇ ਵਿਚਾਰ ਕੀਤੀ ਕਿ ਸ੍ਰੀ ਅੰਮ੍ਰਿਤਸਰ ਵਿਖੇ ਖਾਲਸੇ ਨੂੰ ਵੀ ਇਕ ਕਿਲ੍ਹਾ ਉਸਾਰਨਾ ਚਾਹੀਦਾ ਹੈ। ਇਹ ਤਜਵੀਜ਼ ਭਾਈ ਸੁੱਖਾ ਸਿੰਘ ਮਾੜੀ ਕੰਬੋਂਕੀ ਨੇ ਦਿੱਤੀ ਸੀ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਉਸ ਕਿਲ੍ਹੇ ਦੀ ਜ਼ਿੰਮੇਵਾਰੀ ਉਠਾਈ ਸੀ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਦੇਖ-ਰੇਖ ਹੇਠ ਕਿਲ੍ਹਾ ਰਾਮ ਰੌਣੀ ਦੀ ਪੰਥ ਨੇ ਉਸਾਰੀ ਕੀਤੀ ਸੀ। ਉਸ ਛੋਟੇ ਜਿਹੇ ਕਿਲ੍ਹੇ ਨੂੰ ਸਮੇਂ ਦੇ ਕਈ ਝੱਖੜ ਝੱਲਣੇ ਪਏ ਸਨ। ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼' ਵਿਚ ਲਿਖਦੇ ਹਨ :

*ਸੁਖਾ ਸਿੰਘ ਤਬ ਐਸ ਉਚਾਰਾ। ਹੈ ਅਸਥਾਨ ਇਕ ਅਜਮਤ ਵਾਰਾ।*
*ਤੀਰਥ ਰਾਮਸਰ ਹਮਨੇ ਹੇਰਾ। ਬਿਯਾ ਬਘਯਾੜ ਕੋ ਅਜਾ ਨਾ ਛੇਰਾ।...*
*ਖਾਈ ਕੋਟ ਕਿਲੇ ਕੀ ਓਟ। ਹੋਇ ਸਕਤ ਹੈ ਜੰਗ ਅਟੋਟ।*

ਗੁਰਮਤਾ ਸੋਧਿਆ ਗਿਆ ਤੇ ਸਿੰਘ ਆਪ ਹੀ ਰਾਜ ਤੇ ਮਜ਼ਦੂਰ ਬਣੇ। ਸ੍ਰੀ ਅੰਮ੍ਰਿਤਸਰ ਵਿਖੇ ਕੱਚੀ ਗੜ੍ਹੀ ਬਣਾਈ ਗਈ ਤੇ ਉਸ ਦੁਆਲੇ ਕੱਚੀ ਖਾਈ ਖੋਦੀ ਗਈ ਤੇ ਨਾਮ ਰਾਮ ਰੌਣੀ ਰੱਖਿਆ ਗਿਆ। ਉਹ ਕਿਲ੍ਹਾ ਰਾਮ ਰੌਣੀ ਤੋਂ ਬਾਅਦ ਰਾਮਗੜ੍ਹ ਦੇ ਨਾਮ ਤੋਂ ਸਰਦਾਰ ਜੱਸਾ ਸਿੰਘ ਦੇ ਨਾਮ ਨਾਲ ਸ਼ਬਦ 'ਰਾਮਗੜ੍ਹੀਆ' ਜੁੜ ਗਿਆ ਸੀ। ਸਰਦਾਰ ਜੱਸਾ ਸਿੰਘ ਰਾਜਨੀਤੀ ਅਤੇ ਕੂਟਨੀਤੀ ਵਿਚ ਪੂਰੀ ਤਰ੍ਹਾਂ ਨਿਪੁੰਨ ਸਨ। ਪੰਥ ਵੱਲੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਰਾਜਦੂਤ ਬਣਾ ਕੇ ਹਾਕਮ ਅਦੀਨਾ ਬੇਗ ਜਲੰਧਰ ਕੋਲ ਭੇਜਿਆ ਗਿਆ। ਉਥੋਂ ਸਰਦਾਰ ਜੱਸਾ ਸਿੰਘ ਗੁਪਤ ਸੂਚਨਾਵਾਂ ਤੇ ਖਬਰਾਂ ਪੰਥ ਖਾਲਸਾ ਦੇ ਆਗੂਆਂ ਕੋਲ ਪਹੁੰਚਾਉਂਦਾ ਰਿਹਾ ਸੀ। ਬਾਬਾ ਪ੍ਰੇਮ ਸਿੰਘ ਜੀ ਹੋਤੀ ਆਪਣੀ ਪੁਸਤਕ 'ਖਾਲਸਾ ਰਾਜ ਦੇ ਉਸਰਈਏ' ਵਿਚ ਲਿਖਦੇ ਹਨ :-

"ਇੱਧਰ ਖਾਲਸਾ ਭੀ ਸਮੇਂ ਦੀਆਂ ਰਾਜਸੀ ਚਾਲਾਂ ਵਿਚ ਪੂਰਨ ਪ੍ਰਵੀਣ ਹੋ ਗਿਆ ਸੀ। ਉਹ ਭੀ ਚਾਹੁੰਦਾ ਸੀ ਕਿ ਲੋੜ ਵਿਚ ਫਾਥੇ ਪਏ ਹਾਕਮ ਨਾਲ ਮੇਲ ਕਰ ਲੈਣ ਵਿਚ ਭਲਾ ਹੀ ਭਲਾ ਹੈ। ਆਪਣੇ ਸਵੈ-ਸਤਿਕਾਰ ਨੂੰ ਮੁੱਖ ਰੱਖ ਕੇ ਜਿੱਥੋਂ ਤੀਕ ਮਿਲਾਪ ਨਿਭ ਸਕੇ ਉੱਥੋਂ ਤਕ ਨਿਭਾਹੁਣ ਵਿਚ ਕਿਸੇ ਤਰ੍ਹਾਂ ਹਾਨੀ ਨਹੀਂ। ਇਸ ਤਰ੍ਹਾਂ ਦੋਹਾਂ ਧਿਰਾਂ ਦੀ ਇੱਛਾ ਅਨੁਸਾਰ ਕਈ ਗੱਲਾਂ ਦਾ ਮੂੰਹ ਸਾਹਮਣੇ ਫੈਸਲਾ ਕਰਨ ਲਈ ਖਾਲਸੇ ਵੱਲੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਵਿਚੋਲਾ ਥਾਪ ਕੇ ਨਵਾਬ ਅਦੀਨਾ ਬੇਗ ਹਾਕਮ ਜਲੰਧਰ ਕੋਲ ਜ਼ਰੂਰੀ ਸ਼ਰਤਾਂ ਤੈਅ ਕਰਨ ਲਈ ਜਲੰਧਰ ਭੇਜਿਆ ਗਿਆ।"

ਇਸ ਦੀ ਪੁਸ਼ਟੀ ਗਿ. ਗਿਆਨ ਸਿੰਘ ਪੁਸਤਕ 'ਰਾਜ ਖਾਲਸਾ' ਵਿਚ ਇਸ ਪ੍ਰਕਾਰ ਕਰਦੇ ਹਨ :

"ਇਕ ਵਾਰੀ ਸ਼ਾਹ ਨਿਵਾਜ ਖਾਂ 'ਤੇ ਸਿੱਖਾਂ ਦੇ ਮਾਮਲੇ ਵਿਚ ਇਹ (ਜੱਸਾ

ਸਿੰਘ ਰਾਮਗੜ੍ਹੀਆ) ਵਕੀਲ ਹੋ ਕੇ ਅਦੀਨਾ ਬੇਗ ਕੋਲ ਗਿਆ।"

ਜਿਉਂ ਹੀ ਰਾਮ ਰੌਣੀ ਦੀ ਉਸਾਰੀ ਬਾਰੇ ਮੁਗ਼ਲ ਹਕੂਮਤ ਨੂੰ ਖ਼ਬਰ ਮਿਲੀ ਤਾਂ ਉਹ ਕਿਲ੍ਹਾ ਰਾਮ ਰੌਣੀ ਨੂੰ ਖਤਮ ਕਰਨ ਦੀਆਂ ਤਰਕੀਬਾਂ ਸੋਚਣ ਲੱਗੀ। ਉਸ ਸਮੇਂ ਜਲੰਧਰ ਦਾ ਹਾਕਮ ਅਦੀਨਾ ਬੇਗ ਸੀ ਜੋ ਕਿ ਪਿੰਡ ਖਾਮਪੁਰ (ਜ਼ਿਲ੍ਹਾ ਹੁਸ਼ਿਆਰਪੁਰ) ਨਾਲ ਸੰਬੰਧਤ ਸੀ। ਹਾਕਮ ਅਦੀਨਾ ਬੇਗ ਬਹੁਤ ਚੁਸਤ ਤੇ ਚਲਾਕ ਸੀ, ਉਸ ਸਮੇਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਉਸ ਕੋਲ ਸੀ ਅਤੇ ਮੁਗ਼ਲ ਹੁਕਮ ਦੀਆਂ ਗਤੀਵਿਧੀਆਂ 'ਤੇ ਪੂਰਨ ਨਜ਼ਰ ਰੱਖ ਰਿਹਾ ਸੀ। ਉਹ ਚਲਾਕ ਹਾਕਮ ਅਦੀਨਾ ਬੇਗ ਸਿੱਖਾਂ ਨਾਲ ਵੀ ਬਣਾਈ ਰੱਖਦਾ, ਦੂਜੇ ਪਾਸੇ ਲਾਹੌਰ ਦੇ ਸੂਬੇਦਾਰ ਦੇ ਹਰ ਕਾਰਜ ਵਿਚ ਹਾਂ ਨਾਲ ਹਾਂ ਮਿਲਾਉਂਦਾ ਸੀ, ੧੭੪੮ ਈ. ਵਿਚ ਮੀਰ ਮਨੂੰ ਨੇ ਅਹਿਮਦ ਸ਼ਾਹ ਅਬਦਾਲੀ ਦੀ ਈਨ ਮੰਨ ਲਈ। ਅਹਿਮਦਸ਼ਾਹ ਅਬਦਾਲੀ ਨੇ ਮੀਰ ਮਨੂੰ ਨੂੰ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ ਅਤੇ ਕੌੜਾ ਮੱਲ ਨੂੰ ਦੀਵਾਨ ਬਣਾਇਆ ਗਿਆ।

ਮੀਰ ਮਨੂੰ ਨੂੰ ਸਿੱਖਾਂ ਦੀ ਤਾਕਤ ਖਤਮ ਕਰਨ ਲਈ ਅਦੀਨਾ ਬੇਗ ਨੂੰ ਸੁਨੇਹਾ ਭੇਜਿਆ ਕਿ ਉਹ ਕਿਲ੍ਹਾ ਰਾਮ ਰੌਣੀ ਨੂੰ ਖਤਮ ਕਰ ਕੇ ਸਿਖਾਂ ਦੀ ਤਾਕਤ ਨੂੰ ਖਤਮ ਕਰ ਦੇਵੇ। ਹੁਕਮ ਮਿਲਦੇ ਹੀ ਅਦੀਨਾ ਬੇਗ ਨੇ ਰਾਮ ਰੌਣੀ 'ਤੇ ਹਮਲਾ ਕਰ ਦਿੱਤਾ ਉਸ ਸਮੇਂ ਕਿਲ੍ਹੇ ਵਿਚ ਬਹੁਤ ਘੱਟ ਸਿੰਘ ਸਨ। ਅਦੀਨਾ ਬੇਗ ਨੇ ਕਈ ਦਿਨ ਤਕ ਕਿਲ੍ਹੇ ਨੂੰ ਘੇਰਾ ਪਾਈ ਰੱਖਿਆ। ਉਸ ਸਮੇਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵੀ ਆਪਣੇ ਸਿੰਘਾਂ ਸਾਥੀਆਂ ਨਾਲ ਅਦੀਨਾ ਬੇਗ ਦੀ ਫੌਜ ਵਿਚ ਸ਼ਾਮਲ ਸੀ, ਸਿੱਖਾਂ ਦੀ ਨਾਜ਼ੁਕ ਹਾਲਤ ਦੇਖ ਕੇ ਸਰਦਾਰ ਜੱਸਾ ਸਿੰਘ ਦੀ ਗੁਰਸਿੱਖੀ ਲਗਨ ਨੇ ਜੋਸ਼ ਖਾਧਾ ਅਤੇ ਉਹ ਅਦੀਨਾ ਬੇਗ ਨੂੰ ਛੱਡ ਕੇ ਆਪਣੇ ਸਾਥੀਆਂ ਸਮੇਤ ਕਿਲ੍ਹੇ ਅੰਦਰ ਘੇਰੇ ਵਿਚ ਫਸੇ ਸਿੰਘਾਂ ਕੋਲ ਜਾ ਕੇ ਸਰਦਾਰ ਜੱਸਾ ਸਿੰਘ ਆਪਣੇ ਸਾਥੀਆਂ ਸਮੇਤ ਅਦੀਨਾ ਬੇਗ ਨਾਲ ਮੁਕਾਬਲਾ ਕਰਨ ਲੱਗੇ ਜਿਸ ਕਾਰਨ ਸਿੰਘਾਂ ਦੀ ਜਿੱਤ ਹੋਈ ਸੀ। ਬਾਬਾ ਪ੍ਰੇਮ ਸਿੰਘ ਹੋਤੀ ਪੁਸਤਕ 'ਖਾਲਸਾ ਰਾਜ ਦੇ ਉਸਰਈਏ' ਵਿਚ ਲਿਖਦੇ ਹਨ :-

"ਸੰਨ ੧੭੪੮ ਦੇ ਅਕਤੂਬਰ ਵਿਚ ਖਾਲਸੇ ਵੱਲੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੂੰ ਹੁਕਮਨਾਮਾ ਪੁੱਜਾ ਕਿ ਆਪ ਦੁਆਬੇ ਦੇ ਨਵਾਬ ਨਾਲ ਅੱਗੇ ਤੋਂ ਮੇਲ ਨਾ ਰੱਖੋ। ਖਾਲਸੇ ਦੀ ਇੱਛਾ ਅਨੁਸਾਰ ਆਪ ਨੇ ਉਸ ਦਿਨ ਹੀ ਨਵਾਬ ਅਦੀਨਾ ਬੇਗ ਨਾਲੋਂ ਆਪਣਾ ਸੰਬੰਧ ਤੋੜ ਲਿਆ ਅਤੇ ਸਣੇ ਆਪਣੇ ਜਵਾਨਾਂ ਦੇ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਆਪਣੇ ਵੀਰਾਂ ਨਾਲ ਮਿਲ ਗਏ। ਇੱਥੇ ਖਾਲਸੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਵੈਰੀਆਂ ਦੇ ਟਾਕਰੇ ਲਈ ਰਣ ਵਿਚ ਉਤਰ ਪਏ।"

ਇਸ ਪ੍ਰਥਾਇ ਪ੍ਰਸਿੱਧ ਇਤਿਹਾਸਕਾਰ ਡਾ. ਹਰੀ ਰਾਮ ਗੁਪਤਾ ਦੇ ਵਿਚਾਰ ਪੁਸਤਕ 'ਹਿਸਟਰੀ ਆਫ ਦੀ ਸਿੱਖਸ' ਵਿਚ ਪੜ੍ਹਨ ਯੋਗ ਹਨ:-

"ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦੀ ਦੂਰਦਰਸ਼ਤਾ, ਬਹਾਦਰੀ ਤੇ ਕਠਿਨ

ਘਾਲਣਾ ਦਾ ਸਦਕਾ ਰਾਮ ਰੌਣੀ ਅਜਿੱਤ ਰਹੀ। ਫਰਵਰੀ ੧੭੪੯ ਈ. ਵਿਚ ਰਾਮ ਰੌਣੀ ਦਾ ਘੇਰਾ ਉਠਾ ਲਿਆ ਗਿਆ।

ਸ. ਰਤਨ ਸਿੰਘ ਭੰਗੂ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਸਰਦਾਰ ਜੱਸਾ ਸਿੰਘ ਦੀ ਅਦੁੱਤੀ ਸ਼ਖ਼ਸੀਅਤ ਅਤੇ ਉਸ ਦਾ ਭਰਾਵਾਂ ਬਾਰੇ ਇਸ ਪ੍ਰਕਾਰ ਲਿਖਦੇ ਹਨ:

*ਚਾਰੇ ਭਾਈ ਅਤਿ ਵੱਡ ਸੂਰੇ। ਜਿਨਸੇ ਲਰ ਕੋਊ ਉਤਰਿਆ ਨਾ ਪੂਰੇ।*
*ਉਨਕੀ ਪਿੱਠ ਦੇਖੀ ਕਿਨ ਨਾਂਹਿ। ਮਲਯੋ ਕਾਂਗੜਾ ਇਕ ਦਿਨ ਮਾਂਹਿ ।*
*ਸਤਿ ਧਾਰਨ ਭਏ ਪਾਤਸ਼ਾਹ। ਲਾਕਰ ਕਸੂਰ ਥੋ ਮੁਲਕ ਉਨ ਪਾਹਿ।*
*ਅੰਮ੍ਰਿਤਸਰ ਹੈ ਹਿਸੇ ਚੁਹਰਮ। ਹਾਂਸੀ ਹਿਸਾਰ ਮਲਕਰੀ ਗੁਜਾਰਮ।*

ਮਿਸਟਰ ਜੇ. ਡੀ. ਕਨਿੰਘਮ ਪੁਸਤਕ 'ਹਿਸਟਰ ਆਫ ਦੀ ਸਿਖਸ' ਵਿਚ ਲਿਖਦਾ ਹੈ:- "ਮਾਝੇ ਵਿਚ ਪਹਿਲੇ ਤਾਕਤ ਫੜ੍ਹਨ ਵਾਲੇ ਰਾਮਗੜ੍ਹੀਏ ਸਨ।"

ਸਰ ਲੈਪਲ ਗ੍ਰਿਫਲ ਲਿਖਦਾ ਹੈ- "ਸਿੱਖ ਮਿਸਲਾਂ ਵਿੱਚੋਂ ਰਾਮਗੜ੍ਹੀਆ ਮਿਸਲ ਸਭ ਤੋਂ ਸ਼ਕਤੀਸ਼ਾਲੀ ਸੀ।"

ਛੇਤੀ ਹੀ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸਿੱਖ ਸਰਦਾਰਾਂ ਵਿੱਚੋਂ ਸਿਰ ਕੱਢ ਸਰਦਾਰ ਬਣ ਗਿਆ ਸੀ। ਉਸ ਨੇ ਬਿਆਸ ਦਰਿਆ ਦੇ ਕੰਢੇ ਇਤਿਹਾਸਿਕ ਨਗਰ ਸ੍ਰੀ ਹਰਿਗੋਬਿੰਦਪੁਰ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਸ਼ਕਤੀਸ਼ਾਲੀ ਰਾਜ ਕਾਇਮ ਕਰਨ ਲਈ ਬਹੁਤ ਕਿਲ੍ਹਿਆਂ ਦੀ ਤਾਮੀਰ ਕਰਵਾਈ ਅਤੇ ਕਿਲ੍ਹਿਆਂ ਉੱਤੇ ਕਬਜ਼ੇ ਵੀ ਕੀਤੇ। ਫਿਰ ਟਾਂਡਾ ਉੜਮੁੜ, ਦਸੂਹਾ, ਤਲਵਾੜਾ, ਮਿਆਣੀ, ਕਾਦੀਆਂ, ਬਟਾਲਾ ਅਤੇ ਗੁਰਦਾਸਪੁਰ ਦੇ ਹੋਰ ਇਲਾਕਿਆਂ ਨੂੰ ਆਪਣੇ ਅਧੀਨ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਿਤਵੇ ਹੋਏ ਸੁਪਨੇ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਸ ਦੇ ਹੌਂਸਲੇ ਇਤਨੇ ਬੁਲੰਦ ਹੋ ਗਏ ਸਨ ਕਿ ਉਸ ਨੇ ੧੭੬੧ ਈ. ਵਿਚ ਲਾਹੌਰ ਦੀਆਂ ਬਸਤੀਆਂ 'ਤੇ ਕਬਜ਼ਾ ਕਰ ਲਿਆ ਸੀ। ਗਿਆਨੀ ਗਿਆਨ ਸਿੰਘ ਪੁਸਤਕ 'ਸ਼ਮਸ਼ੇਰ ਖਾਲਸਾ' ਵਿਚ ਲਿਖਦੇ ਹਨ : "ਦੁਆਬੇ ਦੇਸ਼ ਨੂੰ ਹੱਥ ਹੇਠ ਕਰ ਕੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਲਾਹੌਰ ਦੇ ਗਿਰਦ ਜਾ ਹੋਇਆ। ਬੜੇ-ਬੜੇ ਜੰਗ-ਯੁੱਧਾਂ ਨਾਲ ਸ਼ਹਿਰ ਤੋਂ ਬਾਹਰ ਦੀਆਂ ਬਸਤੀਆਂ ਉੱਤੇ ਕਬਜ਼ਾ ਕਰ ਕੇ ਲਾਹੌਰੀ ਲੋਕਾਂ ਨਾਲ ਮਿਲ ਕੇ ਅੱਸੂ ਸੰਮਤ ੧੮੧੮ ਬਿਕ੍ਰਮੀ ਨੂੰ ਲਾਹੌਰ ਜਾ ਵੜਿਆ।"

੧੭੬੨ ਈ. ਵਿਚ ਅਹਿਮਦ ਸ਼ਾਹ ਅਬਦਾਲੀ ਨੇ ਛੇਵਾਂ ਹਮਲਾ ਕੀਤਾ ਸੀ ਉਸ ਵਾਰ ਅਬਦਾਲੀ ਸਿੱਖਾਂ ਨੂੰ ਖਤਮ ਕਰਨ ਲਈ ਪੰਜਾਬ ਵੱਲ ਆਇਆ ਸੀ। ਉਸ ਹਮਲੇ ਨੂੰ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਉਸ ਸਮੇਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਵੀ ਅਹਿਮ ਰੋਲ ਅਦਾ ਕੀਤਾ ਸੀ ਅਤੇ ੧੭੬੨ ਈ. ਦੇ ਸਮੇਂ ਅਬਦਾਲੀ ਨੂੰ ਐਸੀ ਹਾਰ ਦਿੱਤੀ ਕਿ ਪੰਜਾਬ ਵਿਚ ਉਸ ਦੇ ਪੈਰ ਹੀ ਨਾ ਜੰਮ ਸਕੇ। ਉਸ ਦੇ ਸਤਵੇਂ ਹਮਲੇ ਸਮੇਂ ਕਾਜੀ ਨੂਰ ਮੁਹੰਮਦ,

ਅਬਦਾਲੀ ਨਾਲ ਪੰਜਾਬ ਆਇਆ ਸੀ। ਉਸ ਨੇ ਸਿੱਖਾਂ ਨੂੰ ਧਰਮ ਹਿੱਤ, ਦੇਸ਼ ਲਈ ਲੜਦਿਆਂ ਦੇਖਿਆ ਸੀ ਤਾਂ ਅਸ਼-ਅਸ਼ ਕਰ ਉੱਠਿਆ। ਉਹ ਆਪਣੀ ਲਿਖਤ 'ਜੰਗ ਨਾਮਾ' ਵਿਚ ਲਿਖਦਾ ਹੈ:

"ਦੂਸਰੇ ਪਾਸੇ ਤੋਂ ਸਿੱਖ ਅਗਾਹਾਂ ਮੈਦਾਨ ਵਿਚ ਆ ਰਹੇ ਸਨ। ਸੁਹਣੀ ਤਰਤੀਬ ਨਾਲ ਜੱਸਾ (ਸਿੰਘ) ਕਲਾਲ ਦੇ ਨਾਲ ਜੋ ਪਹਾੜ ਦੇ ਵਾਂਗ ਦਰਮਿਆਨ ਵਿਚ ਸੀ, ਉਸ ਦੇ ਨਾਲ ਦੂਸਰਾ ਜੱਸਾ ਸਿੰਘ ਠੋਕਾ (ਰਾਮਗੜ੍ਹੀਆ) ਸੀ ਜੋ ਕਰੋਪ ਤੇ ਗੁੱਸੇ ਦਾ ਭਰਿਆ ਸ਼ੇਰ ਸੀ।"

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਦੋ ਵਾਰ ਦਿੱਲੀ ਸ਼ਹਿਰ ਨੂੰ ਜਿੱਤਿਆ ਸੀ ਅਤੇ ਭਰਤਪੁਰ, ਧੌਲਪੁਰ ਅਤੇ ਆਗਰਾ ਦੇ ਰਾਜਿਆਂ ਤੋਂ ਨਜ਼ਰਾਨੇ ਲਏ ਸਨ। ਦਿੱਲੀ ਦੇ ਲਾਲ ਕਿਲ੍ਹੇ ਤੋਂ ਇਕ ਕੀਮਤੀ ਸਿਲ ਲਿਆਂਦੀ ਜਿਸ 'ਤੇ ਮੁਗ਼ਲ ਬਾਦਸ਼ਾਹ ਦੀ ਤਾਜਪੋਸ਼ੀ ਹੁੰਦੀ ਸੀ। ੧੮੦੩ ਈ. ਵਿਚ ੮੦ ਸਾਲ ਦੀ ਉਮਰ ਭੋਗ ਕੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਕਾਲ ਚਲਾਣਾ ਕਰ ਗਏ। ਪ੍ਰਿਥੀਪਾਲ ਸਿੰਘ ਕਪੂਰ ਪੁਸਤਕ 'ਸ.ਜੱਸਾ ਸਿੰਘ ਰਾਮਗੜ੍ਹੀਆ' ਵਿਚ ਲਿਖਦੇ ਹਨ :

"ਉਚ ਕੋਟੀ ਦੇ ਬੀਰ ਪੰਜਾਬੀ ਸਿਤਾਰਿਆਂ ਵਿੱਚੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵੀ ਇਕ ਸੀ। ਉਹ ਸਭ ਤੋਂ ਪਹਿਲਾਂ ਸਿੱਖ ਸਰਦਾਰ ਸੀ ਜਿਸ ਨੇ ਪੰਜਾਬ ਦੀਆਂ ਪਹਾੜੀ ਰਿਆਸਤਾਂ ਨੂੰ ਆਪਣੀ ਯੋਗਤਾ ਅਤੇ ਸ਼ਕਤੀ ਦੇ ਸਦਕੇ ਆਪਣੇ ਅਧੀਨ ਕੀਤਾ। ਇਹ ਕੇਵਲ ਸਰਦਾਰ ਜੱਸਾ ਸਿੰਘ ਦੀ ਪਹਾੜੀ ਖੇਤਰ ਵਿਚ ਸਫਲਤਾ ਦਾ ਸਦਕਾ ਹੀ ਬਾਕੀ ਸਿੱਖ ਸਰਦਾਰਾਂ ਨੇ ਵੀ ਪਹਾੜੀ ਇਲਾਕਿਆਂ ਦੀ ਜਿੱਤ ਵੱਲ ਧਿਆਨ ਦਿੱਤਾ।"

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਪੰਥ ਵਿਚ ਪਹਿਲਾ ਮਿਸਲਦਾਰ ਸਿੱਖ ਸਰਦਾਰ ਸੀ ਜਿਸ ਨੇ ਪੰਜਾਬ ਵਿਚ ਖਾਲਸਈ ਨਿਸ਼ਾਨ ਸਾਹਿਬ ਲਹਿਰਾਏ ਅਤੇ ਸਿੱਖ ਰਾਜ ਨੂੰ ਮਜ਼ਬੂਤ ਕਰਨ ਲਈ ਕਈ ਕਿਲ੍ਹਿਆਂ ਦੀ ਤਾਮੀਰ ਕਰਵਾਈ ਅਤੇ ਦਿੱਲੀ ਦੇ ਤਖ਼ਤ ਨੂੰ ਕਲਗੀਧਰ ਪਾਤਸ਼ਾਹ ਜੀ ਦੇ ਲਾਡਲਿਆਂ ਦੇ ਪੈਰਾਂ ਹੇਠ ਰੋਲ ਸੁੱਟਿਆ ਸੀ।

■

ਗੁਰਮਤਿ ਪ੍ਰਕਾਸ਼ ਦਾ ਹਥਲਾ ਅੰਕ **ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵਿਸ਼ੇਸ਼ ਅੰਕ** ਹੋਣ ਕਰਕੇ ਚਲਦੇ ਲੇਖ ਇਸ ਮਹੀਨੇ ਪ੍ਰਕਾਸ਼ਿਤ ਨਹੀਂ ਕੀਤੇ ਗਏ। ਅਗਲੇ ਅੰਕ ਤੋਂ ਇਹ ਨਿਰੰਤਰ ਛਾਪੇ ਜਾਣਗੇ।

-ਸੰਪਾਦਕ

# ਸਿੱਖ ਰਾਜਵੇਤਾ : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

*-ਡਾ. ਪਰਮਜੀਤ ਕੌਰ**

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਬਹੁ ਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਇਸ ਸਿਰਲੱਥ ਯੋਧੇ ਦੀਆਂ ਸਿੱਖ ਰਾਜ ਦੀਆਂ ਜੜ੍ਹਾਂ ਕਾਇਮ ਕਰਨ ਵਿਚ ਨਾਯਾਬ ਪ੍ਰਾਪਤੀਆਂ ਹਨ। ਇਸ ਵਿਚ ਸਿੱਖ ਰਾਜ ਦੇ ਸੰਖਿਪਤ ਵਰਣਨ ਨੂੰ ਆਧਾਰ ਬਣਾ ਕੇ ਮੁਗ਼ਲਾਂ ਦੇ ਪਤਨ ਅਤੇ ਵਿਸ਼ੇਸ਼ ਕਰ ਸਿੱਖ ਨਿਜ਼ਾਮ ਨੂੰ ਨਵੇਂ ਸਿਰਿਓਂ ਦਿਸ਼ਾ ਪੂਰਨ ਬਣਾਉਣ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਉਥਾਨ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਦੀ ਵਿਚਾਰ ਕੀਤੀ ਗਈ ਹੈ। ਉਨ੍ਹਾਂ ਨੇ ਵਿਲੱਖਣ ਸਿੱਖ ਰਾਜ ਸਥਾਪਤੀ ਦੀ ਕਲਪਨਾ ਸਾਡੇ ਸਾਹਮਣੇ ਲਿਆਂਦੀ ਹੈ। ਉਨ੍ਹਾਂ ਨੇ ਪੰਜਾਬ ਨੂੰ ਨਵੀਂ ਦਿਸ਼ਾ ਵੱਲ ਅੱਗੇ ਤੋਰਿਆ, ਖ਼ਾਲਸਾ ਰਾਜ ਦੀ ਬੁਨਿਆਦ ਨੂੰ ਮਜ਼ਬੂਤ ਕਰਨ ਲਈ ਨਵੇਂ ਵਿਚਾਰਾਂ, ਨਵੇਂ ਸੰਘਰਸ਼ਾਂ 'ਤੇ ਨਵੀਆਂ ਜਿੱਤਾਂ ਦੀ ਪੈਂਤੜੇਬਾਜ਼ੀ ਰਾਹੀਂ ਸਿੱਖ ਰਾਜ ਨੂੰ ਸਹੀ ਦਿਸ਼ਾ ਵੱਲ ਤੋਰਿਆ ਜਿਸ ਨੇ ਅੱਗੇ ਜਾ ਕੇ ਇੱਕ ਮਜ਼ਬੂਤ ਰੁੱਖ ਬਣਨਾ ਸੀ। ਉਨ੍ਹਾਂ ਦੇ ਵੱਖ-ਵੱਖ ਯਤਨਾਂ ਅਤੇ ਬਹਾਦਰੀ ਭਰੇ ਕਾਰਨਾਮਿਆਂ ਦੀ ਲੋਅ ਵਿਚ ਸਿੱਖ ਰਾਜ ਦੀ ਸਥਾਪਤੀ ਦੇ ਕੁਝ ਪੱਖਾਂ ਨੂੰ ਇਸ ਵਿਚ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਨਿਰੰਤਰ ਸਿੱਖ ਵਿਲੱਖਣਤਾ ਦੀਆਂ ਮੌਲਿਕ ਪੈੜਾਂ ਨੂੰ ਇਕ ਮੁਕਾਮ ਤਕ ਖਾਲਸਾ ਦੇ ਰੂਪ ਵਿਚ ਸਿਰਜਿਆ ਗਿਆ। ਸਮੇਂ ਦੀ ਰੇਤ ਉੱਪਰੋਂ ਲੰਘ ਗਏ ਕਾਫਲੇ ਦੀ ਤਰ੍ਹਾਂ ਇਹ ਪੈੜਾਂ ਨਹੀਂ ਸਿਰਜੀਆਂ ਗਈਆਂ ਸਗੋਂ ਸਮੇਂ ਦੀ ਰੇਤ ਤੋਂ 'ਲੋਹ-ਏ-ਮਹਿਫੂਜ਼' ਬਣਾਇਆ ਗਿਆ ਅਤੇ ਪੱਥਰ 'ਤੇ ਅਮਿੱਟ ਲਕੀਰਾਂ ਵਾਂਗ ਸਿੱਖ ਧਰਮ ਇੱਕ ਜਾਹੋ ਜਲਾਲੀ ਰੂਪ ਵਿਚ ਸਮੇਂ ਦੇ ਇਤਿਹਾਸ ਤੇ ਉੱਕਰਿਆ ਦ੍ਰਿਸ਼ਟੀਗੋਚਰ ਹੁੰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਅਰੰਭ ਕੀਤੇ ਮਿਸ਼ਨ ਨੂੰ ਪੂਰਾ ਕੀਤਾ। ਉਸ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗ਼ਲ ਰਾਜ ਦਾ ਪਤਨ ਕਰਨ ਲਈ ਸੰਘਰਸ਼ ਦਾ ਰਾਹ ਅਪਣਾਇਆ, ਹਜ਼ਾਰਾਂ ਹੀ ਸਿੰਘਾਂ ਨੇ ਸ਼ਹੀਦੀਆਂ ਦਿੱਤੀਆਂ। ਭਾਰਤ ਦੀਆਂ ਬਹੁ-ਬੇਟੀਆਂ ਦੀ ਇੱਜ਼ਤ, ਆਬਰੂ ਬਚਾਈ ਅਤੇ ਧਨ-ਦੌਲਤ ਲੁੱਟਣ ਵਾਲੇ ਵਿਦੇਸ਼ੀ ਹਮਲਾਵਰਾਂ ਨੂੰ ਸਦਾ ਲਈ ਨੱਥ ਪਾਈ। ਉਨ੍ਹਾਂ ਅਣਖੀ ਯੋਧਿਆਂ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਨਾਂ ਪਹਿਲੀ ਕਤਾਰ ਵਿਚ ਆਉਂਦਾ ਹੈ। ਅਸੀਂ ਅੱਜ ਜਿੰਨੀ ਆਜ਼ਾਦੀ ਦਾ ਅਨੰਦ ਮਾਣ ਰਹੇ ਹਾਂ ਇਹ ਸਭ ਉਨ੍ਹਾਂ

**ਐਸੋਸੀਏਟ ਪ੍ਰੋ.ਫ਼ੈਸਰ, ਧਰਮ ਅਧਿਐਨ ਵਿਭਾਗ, ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ—੧੪੦੧੧੮ ਮੋ : +੯੧੯੧੪੬੫-੨੬੭੭੫*

ਸੂਰਮਿਆਂ ਦੀ ਕੁਰਬਾਨੀ ਦਾ ਹੀ ਨਤੀਜਾ ਹੈ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ੫ ਮਈ, ੧੭੨੩ ਈ. ਨੂੰ ਪਾਕਿਸਤਾਨ ਦੇ ਜ਼ਿਲ੍ਹਾ ਲਾਹੌਰ ਤੋਂ ਵੀਹ ਮੀਲ ਦੂਰ ਪੂਰਬ ਦਿਸ਼ਾ ਵੱਲ ਇੱਕ ਛੋਟੇ ਜਿਹੇ ਪਿੰਡ 'ਈਚੋਗਿੱਲ' (ਇੱਛੋਗਿੱਲ) ਵਿਖੇ ਪਿਤਾ ਗਿਆਨੀ ਭਗਵਾਨ ਸਿੰਘ ਅਤੇ ਮਾਤਾ ਗੰਗ ਕੌਰ (ਗੰਗੋ) ਦੇ ਘਰ ੧੭੨੩ ਈ. ਨੂੰ ਹੋਇਆ। ਗਿਆਨੀ ਸੋਹਣ ਸਿੰਘ ਸੀਤਲ ਆਪਣੀ ਪੁਸਤਕ 'ਸਿੱਖ ਮਿਸਲਾਂ ਤੇ ਸਰਦਾਰ ਘਰਾਣੇ' ਵਿਚ ਲਿਖਦੇ ਹਨ:-

"ਇਹ ਪਿੰਡ ਕਿਸੇ 'ਈਚੋ' ਨਾਂ ਦੇ ਗਿੱਲ ਗੋਤ ਦੇ ਜੱਟ ਨੇ ਵਸਾ ਕੇ ਆਪਣੇ ਨਾਂ ਤੇ ਇਸ ਪਿੰਡ ਦਾ ਨਾਂ 'ਈਚੋਗਿੱਲ' ਰੱਖਿਆ ਸੀ ਉਸ ਦੇ ਨਾਂ ਨਾਲ ਰਾਮਗੜ੍ਹੀਆ ਸ਼ਬਦ ਸ੍ਰੀ ਅੰਮ੍ਰਿਤਸਰ ਵਿੱਚ ਸਿੱਖਾਂ ਵੱਲੋਂ ਬਣਵਾਏ ਗਏ ਕਿਲੇ "ਰਾਮ ਰੌਣੀ" ਤੋਂ ਜੁੜਿਆ ਇਸੇ ਤੋਂ ਉਸ ਦੀ ਮਿਸਲ ਦਾ ਨਾਂ ਵੀ 'ਰਾਮਗੜ੍ਹੀਆ ਮਿਸਲ' ਪੈ ਗਿਆ।"[੧]

ਪਿਤਾ ਗਿਆਨੀ ਭਗਵਾਨ ਸਿੰਘ ਨੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਗੁਰਮੁਖੀ ਅੱਖਰ ਸਿਖਾਏ ਜਿਸ ਕਰਕੇ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ ਸਿੱਖ ਗਏ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਦੇ ਯੋਗ ਹੋ ਗਏ।

ਜਦੋਂ ਸਿੱਖ 'ਰਾਮ ਰੌਣੀ' ਦੇ ਕਿਲ੍ਹੇ ਵਿਚ ਘਿਰੇ ਹੋਏ ਸਨ। ਸਰਦਾਰ ਜੱਸਾ ਸਿੰਘ ਨੇ ਅਣਖ ਦਾ ਸਬੂਤ ਦਿੰਦੇ ਆਪਣੇ ਸਾਥੀਆਂ ਸਮੇਤ ਅਦੀਨਾ ਬੇਗ ਦਾ ਸਾਥ ਛੱਡ ਦਿੱਤਾ ਅਤੇ ਆਪਣੇ ਭਾਈਚਾਰੇ ਦਾ ਸਾਥ ਦਿੱਤਾ।

ਪ੍ਰਸਿੱਧ ਇਤਿਹਾਸਕਾਰ ਗੰਡਾ ਸਿੰਘ ਲਿਖਦੇ ਹਨ:-

"ਜੱਸਾ ਸਿੰਘ ਬਾਰੀ ਦੁਆਬ ਦਾ ਇੱਕ ਮਹੱਤਵਪੂਰਨ ਸ਼ਾਸਕ ਸੀ। ਜੱਸਾ ਸਿੰਘ ੧੭੪੮ ਈ. ਵਿਚ 'ਰਾਮਗੜ੍ਹੀਆ' ਦੇ ਨਾਂ ਨਾਲ ਜਾਣਿਆ ਜਾਣ ਲੱਗਾ ਕਿਉਂਕਿ ਉਸ ਨੇ ਇਸ ਸਮੇਂ ਰਾਮਦਾਸਪੁਰ ਦੇ ਕੋਲ 'ਰਾਮ ਰੌਣੀ' ਵਿਚ ਖ਼ਾਲਸਾ ਦੀ ਮਦਦ ਕੀਤੀ ਅਤੇ ਰਾਮਗੜ੍ਹ ਦੁਰਗ ਦਾ ਨਿਰਮਾਣ ਕੀਤਾ। ਉਸ ਨੇ ਆਪਣੇ ਭਰਾਵਾਂ ਨਾਲ ਮਿਲ ਕੇ ਖਾਲਸਾ ਦੀ ਕਈ ਹੋਰ ਲੜਾਈਆਂ ਵਿਚ ਵੀ ਮਦਦ ਕੀਤੀ।"[੨] "ਜੱਸਾ ਸਿੰਘ ਰਾਮਗੜ੍ਹੀਆ ਅਤੇ ਉਸ ਦੇ ਭਰਾਵਾਂ ਨੇ ਬਿਆਸ ਨਦੀ ਦੇ ਦੋਵੇਂ ਪਾਸੇ ਦੇ ਖੇਤਰਾਂ 'ਤੇ ਕਬਜ਼ਾ ਕੀਤਾ ਤੇ ਨਦੀ ਦੇ ਸੱਜੇ ਪਾਸੇ ਸ੍ਰੀ ਹਰਿਗੋਬਿੰਦਪੁਰ ਨੂੰ ਆਪਣੀ ਰਾਜਧਾਨੀ ਬਣਾਇਆ। ਬਾਰੀ ਦੁਆਬ ਵਿਚ ਉਨ੍ਹਾਂ ਦਾ ਨਿਯੰਤਰਣ ਬਟਾਲਾ ਤੇ ਕਲਾਨੌਰ ਦੇ ਆਲੇ-ਦੁਆਲੇ ਦੇ ਖੇਤਰਾਂ 'ਤੇ ਸੀ। ਜੱਸਾ ਸਿੰਘ ਦੇ ਭਰਾ ਮਾਲੀ ਸਿੰਘ ਤੇ ਤਾਰਾ ਸਿੰਘ ਨੇ ਕਾਦੀਆਂ ਨੂੰ ਸਈਅਦ ਸ਼ਾਸਕ ਤੋਂ ਯੁੱਧ ਵਿਚ ਜਿੱਤਿਆ।"[੩] ਉਨ੍ਹਾਂ ਦੁਆਰਾ ਇਨ੍ਹਾਂ ਜਿੱਤਾਂ ਦੀ ਸ਼ੁਰੂਆਤ ਸਿੱਖ ਰਾਜ ਦੀ ਸਥਾਪਤੀ ਦਾ ਬੁਨਿਆਦੀ ਆਧਾਰ ਬਣਦੀ ਹੈ ਕਿਉਂਕਿ ਉਨ੍ਹਾਂ ਨੇ ਰਾਮਗੜ੍ਹੀਆ ਮਿਸਲ ਵਿਚ ਵਾਪਰ ਚੁੱਕੀਆਂ ਕੁਝ ਮਾਰਧਾੜ ਦੀਆਂ ਘਟਨਾਵਾਂ ਵਿਚ ਵੱਡੀ ਭੂਮਿਕਾ ਨਿਭਾਈ ਅਤੇ ਕਈ ਵਿਰੋਧਾਂ

ਦੇ ਬਾਵਜੂਦ ਲਗਾਤਾਰ ਜਿੱਤਾਂ ਪ੍ਰਾਪਤ ਕਰਦੇ ਰਹੇ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਮੈਦਾਨੀ ਇਲਾਕਿਆਂ ਦੇ ਮੁਸਲਿਮ ਸ਼ਾਸਕ ਪੰਜਾਬ ਦੇ ਸੁਤੰਤਰ ਸਿੱਖ ਸ਼ਾਸਕਾਂ ਦੀ ਵਧ ਰਹੀ ਪਕੜ ਤੇ ਤਾਕਤ ਤੋਂ ਅਕਸਰ ਚਿੰਤਾਤੁਰ ਰਹਿੰਦੇ ਸਨ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਸਮਾਂ ਅਦੀਨਾ ਬੇਗ, ਤੈਮੂਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਵਰਗੀਆਂ ਮੁਗ਼ਲ ਤਾਕਤਾਂ ਦੀ ਵਿਰੋਧਤਾ ਦਾ ਸਮਾਂ ਸੀ।

ਉਨ੍ਹਾਂ ਦਾ ਸਮਾਂ ਕਿੰਨਾ ਵੀ ਚੁਣੌਤੀਪੂਰਨ ਹੋਵੇ ਪਰ ਉਨ੍ਹਾਂ ਨੇ ਆਪਣੀ ਦੂਰ ਅੰਦੇਸ਼ੀ ਨਾਲ ਹਰ ਸਮੱਸਿਆ ਦਾ ਹੱਲ ਲੱਭਿਆ। ਉਹ ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ’ਤੇ ਇੱਕ ਅਜਿਹੀ ਮਹੱਤਵਪੂਰਨ ਸ਼ਖ਼ਸੀਅਤ ਹਨ ਜਿਨ੍ਹਾਂ ਨੇ ਆਪਣੇ ਜੀਵਨ ਵਿਚ ਸਿੱਖ ਸੰਘਰਸ਼ ਦੇ ਉੱਚੇ-ਸੁੱਚੇ ਕਿਰਦਾਰ ਨਾਲ ਪੰਜਾਬ ਦੇ ਇਤਿਹਾਸ ’ਤੇ ਨਾ ਮਿਲ ਸਕਣ ਵਾਲੀ ਛਾਪ ਛੱਡੀ ਹੈ। ਆਪ ਮਹਾਨ ਜਰਨੈਲ ਨਿਡਰ ਯੋਧੇ ਤੇ ਸੁਲਝੇ ਹੋਏ ਨੀਤੀਵਾਨ ਸਨ। ਆਪ ਸਿੱਖੀ ਸਿਦਕ ਦੇ ਧਾਰਨੀ, ਗੁਰੂ ’ਤੇ ਅਟੁੱਟ ਵਿਸ਼ਵਾਸ ਰੱਖਣ ਵਾਲੇ ਸਨ, ਆਪ ਦਾ ਦਿਲ ਪੰਥ ਪਿਆਰ ਦੇ ਜਜ਼ਬੇ ਨਾਲ ਭਰਿਆ ਹੋਇਆ ਸੀ। ਕੋਮਲ ਹਿਰਦੇ ਦੇ ਮਾਲਕ ਅਤੇ ਪ੍ਰਾਪਤੀਆਂ ਨੂੰ ਵਾਹਿਗੁਰੂ ਦੀ ਬਖਸ਼ਿਸ਼ ਸਮਝਣ ਵਾਲੇ ਸਨ। “ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਪਹਿਲਾ ਸਿੱਖ ਸਰਦਾਰ ਸੀ ਜਿਸ ਨੇ ਪਹਾੜੀ ਰਿਆਸਤਾਂ ਵਿਚ ਸਿੱਖ ਰਾਜ ਦੀ ਨੀਂਹ ਰੱਖੀ ਉਸ ਦੀ ਰਾਜਧਾਨੀ ਸ੍ਰੀ ਹਰਿਗੋਬਿੰਦਪੁਰ ਸੀ ਪਰ ਉਸ ਦੇ ਰਾਜ ਦੀਆਂ ਸੀਮਾਵਾਂ ਦੂਰ ਦੂਰ ਤਕ ਫੈਲੀਆਂ ਹੋਈਆਂ ਸਨ ਉਸ ਨੇ ਫ਼ੌਜੀ ਦ੍ਰਿਸ਼ਟੀਕੋਣ ਤੋਂ ਮਹੱਤਵਪੂਰਨ ਥਾਵਾਂ ’ਤੇ ਅਨੇਕ ਕਿਲ੍ਹਿਆਂ ਦਾ ਨਿਰਮਾਣ ਕਰਵਾਇਆ ਸੀ। ਉਹ ਇੱਕ ਅਜਿਹਾ ਯੋਧਾ ਸੀ ਜਿਸ ਨੂੰ ਰਣ-ਭੂਮੀ ਵਿਚ ਹਰਾ ਸਕਣਾ ਅਸੰਭਵ ਸੀ। ੧੭੬੨ ਈ. ਵਿਚ ਵੱਡੇ ਘੱਲੂਘਾਰੇ ਅਤੇ ਸੰਨ ੧੭੬੪ ਈ. ਵਿਚ ਅਬਦਾਲੀ ਦੇ ਹਮਲਿਆਂ ਵੇਲੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਸਿੱਖ ਸਰਦਾਰਾਂ ਨੇ ਹਜ਼ਾਰਾਂ ਹਿੰਦੂ ਇਸਤਰੀਆਂ ਨੂੰ ਅਹਿਮਦ ਸ਼ਾਹ ਅਬਦਾਲੀ ਦੀ ਕੈਦ ’ਚੋਂ ਛੁਡਵਾ ਕੇ ਇੱਜ਼ਤ ਨਾਲ ਘਰ ਪਹੁੰਚਾਇਆ।”[੪]

ਉਹ ਰਾਜਸੀ ਕੰਮਾਂ ਦੇ ਮਾਹਿਰ, ਸੁਯੋਗ ਪ੍ਰਬੰਧਕ ਤੇ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਸਨ। ਸੰਨ ੧੭੮੩ ਵਿਚ ਉਨ੍ਹਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ ਆਦਿ ਜਰਨੈਲਾਂ ਨਾਲ ਮਿਲ ਕੇ ਦਿੱਲੀ ’ਤੇ ਕਬਜ਼ਾ ਕਰਨ ਵਿਚ ਸਫ਼ਲਤਾ ਹਾਸਲ ਕੀਤੀ। ਲਾਲ ਕਿਲ੍ਹੇ ’ਤੇ ਖਾਲਸਈ ਨਿਸ਼ਾਨ ਝੁਲਾਉਣ ਮਗਰੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਇੱਕ ਯਾਦਗਾਰ ਵਜੋਂ ਕਿਲ੍ਹੇ ਵਿੱਚੋਂ ਮੁਗ਼ਲਾਂ ਦੀ ਤਾਜਪੋਸ਼ੀ ਵਾਲੇ ਤਖਤ ਦੀ ਸਿਲ ਆਪਣੇ ਨਾਲ ਲੈ ਆਂਦੀ ਸੀ ਜੋ ਹੁਣ ਸ੍ਰੀ ਦਰਬਾਰ ਸਾਹਿਬ ਨੇੜੇ ਰਾਮਗੜ੍ਹੀਆ ਬੁੰਗੇ ਵਿਚ ਸਾਂਭੀ ਪਈ ਹੈ।

ਮੁਗ਼ਲਾਂ ਦੀਆਂ ਸਿੱਖਾਂ ਨਾਲ ਲਗਾਤਾਰ ਲੜਾਈਆਂ ਵਿਚ ਲਾਹੌਰ ਦੀ ਹਕੂਮਤ

ਹੌਲੀ-ਹੌਲੀ ਕਮਜ਼ੋਰ ਹੁੰਦੀ ਗਈ ਅਤੇ ਰਾਜ-ਭਾਗ ਸੰਭਾਲੀ ਰੱਖਣਾ ਉਨ੍ਹਾਂ ਦੇ ਵੱਸ ਤੋਂ ਬਾਹਰ ਹੋ ਗਿਆ। ਇਸ ਹਾਲਤ ਦਾ ਲਾਭ ਉਠਾ ਕੇ ਸਿੱਖ ਸਰਦਾਰਾਂ ਨੇ ਗੰਗਾ ਦਰਿਆ ਤੋਂ ਲੈ ਕੇ ਚਨਾਬ ਦਰਿਆ ਤਕ ਦੇ ਵਿਸ਼ਾਲ ਇਲਾਕੇ ਉੱਤੇ ਆਪੋ ਆਪਣਾ ਕਬਜ਼ਾ ਕਰ ਕੇ ਬਾਰ੍ਹਾਂ ਮਿਸਲਾਂ ਕਾਇਮ ਕਰ ਲਈਆਂ ਜਿਨ੍ਹਾਂ ਵਿੱਚੋਂ ਰਾਮਗੜ੍ਹੀਆ ਮਿਸਲ ਨੇ ਵਿਸ਼ੇਸ਼ ਪ੍ਰਸਿੱਧੀ ਹਾਸਲ ਕੀਤੀ।

ਰਾਮਗੜ੍ਹੀਆ ਮਿਸਲ ਦੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਕਮਾਨ ਹੇਠ ਸਿੱਖ ਰਾਜ ਦੀ ਸਥਾਪਤੀ ਦਾ ਵੱਡਾ ਮੁੱਢ ਬੰਨ੍ਹਿਆ ਗਿਆ ਕਿਉਂਕਿ ਉਹ ਇੱਕ ਸੁਯੋਗ ਸ਼ਾਸਕ ਤੇ ਉੱਚ ਕੋਟੀ ਦਾ ਨੀਤੀਵਾਨ ਸੀ। ਸ. ਗੁਰਨਾਮ ਸਿੰਘ ਰਾਏ ਲਿਖਦੇ ਹਨ:- "ਉਹ ਇੱਕ ਪੂਰਨ ਗੁਰਸਿੱਖ, ਬੇਦਾਗ ਸੱਚੇ-ਸੁੱਚੇ ਆਚਰਨ ਦੇ ਮਾਲਕ, ਧੀਰਜਵਾਨ, ਗੰਭੀਰ, ਸਵਤੰਤਰ, ਨੇਕ ਸੁਭਾਅ ਤੇ ਕੁਰਬਾਨੀ ਦੇ ਮੁਜੱਸਮੇ ਸਨ। ਉਹ ਦੇ ਕੌਮ ਦੇ ਅਣਖੀਲੇ ਜਰਨੈਲ ਦੂਰ-ਅੰਦੇਸ਼ੀ, ਦਰਿਆ ਦਿਲ, ਸਹਿਨਸ਼ੀਲ ਦ੍ਰਿੜ੍ਹ ਵਿਸ਼ਵਾਸੀ, ਯੁੱਧ ਕਲਾ ਵਿਚ ਪ੍ਰਵੀਨ ਬੁਲੰਦ ਹੌਸਲੇ ਦੇ ਮਾਲਕ ਤੇ ਗੁਰਸਿੱਖੀ ਵਿਚ ਪ੍ਰਪੱਕਤਾ ਦਾ ਨਮੂਨਾ ਸਨ। ਉਨ੍ਹਾਂ ਨੇ ਖੰਡੇ ਦੀ ਧਾਰ ਉੱਤੇ ਅਣਖ ਨਾਲ ਤੁਰਦਿਆਂ ਮਾਣ ਅਤੇ ਸਤਿਕਾਰ ਨਾਲ ਆਪਣੀ ਸਾਰੀ ਉਮਰ ਲੰਘਾਈ, ਜੰਗ ਵਿੱਚੋਂ ਵੱਡੇ ਵੱਡੇ ਸੂਰਮਿਆਂ ਨੂੰ ਸਾਹਮਣੇ ਹੋ ਕੇ ਵੰਗਾਰਦੇ ਅਤੇ ਬੇਖੌਫ ਹੋ ਕੇ ਲੜਦੇ ਰਹੇ। ਕਿਸੇ ਵੀ ਦੀਨ ਦੁਖੀ ਦੇ ਦੁੱਖ ਨੂੰ ਸੁਣ ਕੇ ਉਹ ਆਰਾਮ ਦੀ ਨੀਂਦ ਨਹੀਂ ਸਨ ਸੌਂਦੇ। ਉਹ ਸਾਊ ਸਲੱਗ ਆਗਿਆਕਾਰੀ ਪੁੱਤਰ ਧਰਮਪਾਲ, ਪੱਤੀ, ਆਦਰਸ਼ਕ ਪਿਤਾ, ਪਿਆਰ-ਸਤਿਕਾਰ ਦੀਆਂ ਕਦਰਾਂ ਜਾਨਣ ਵਾਲੇ ਭਾਈ ਅਤੇ ਚੰਗੇ ਰਾਜ ਪ੍ਰਬੰਧਕ ਸਨ।"[੫] ਉਨ੍ਹਾਂ ਦੇ ਰਾਜ ਪ੍ਰਬੰਧ ਦੀ ਸਥਾਪਤੀ ਨਿਆਂਇਕ ਹੋਣ ਕਾਰਨ ਸਿੱਖ ਰਾਜ ਦੀ ਮੁੱਢਲੀ ਬੁਨਿਆਦ ਕਾਇਮ ਕਰਦੀ ਵਿਖਾਈ ਦਿੰਦੀ ਹੈ। ਜਦ ਵੀ ਕਿਸੇ ਇਸਤਰੀ ਦੀ ਪਵਿੱਤਰਤਾ ਨੂੰ ਭੰਗ ਹੋਣ ਦਾ ਖ਼ਤਰਾ ਹੁੰਦਾ ਸੀ ਤਾਂ ਉਹ ਉਸ ਦੀ ਰੱਖਿਆ ਕਰਨੀ ਆਪਣਾ ਧਰਮ ਸਮਝਦੇ ਸਨ ਜਿਵੇਂ ਇਹ ਵੀ ਜ਼ਿਕਰ ਆਉਂਦਾ ਹੈ ਕਿ ਇਕ ਵਾਰੀ ਹਿਸਾਰ ਦੇ ਨੇੜੇ ਇੱਕ ਬ੍ਰਾਹਮਣ ਨੇ ਸਰਦਾਰ ਜੱਸਾ ਸਿੰਘ ਪਾਸ ਫਰਿਆਦ ਕੀਤੀ ਕਿ ਉਸ ਦੀ ਮੁਟਿਆਰ ਧੀ* ਨੂੰ ਹਿਸਾਰ ਦਾ ਗਵਰਨਰ ਚੁੱਕ ਕੇ ਲੈ ਗਿਆ ਹੈ। ਸਰਦਾਰ ਜੱਸਾ ਸਿੰਘ ਨੇ ਗ਼ਰੀਬ ਬ੍ਰਾਹਮਣ ਦੀ ਸਹਾਇਤਾ ਕਰਨ ਦਾ ਫੈਸਲਾ ਲੈ ਕੇ ਝਟਪਟ ਹਿਸਾਰ ਉੱਤੇ ਧਾਵਾ ਬੋਲ ਦਿੱਤਾ ਤੇ ਨਾ ਕੇਵਲ ਉਸ ਪਾਸੋਂ ਲੜਕੀ ਛੁਡਵਾ ਕੇ ਉਸ ਦੇ ਪਿਤਾ ਹਵਾਲੇ ਕੀਤੀ ਸਗੋਂ ਹਿਸਾਰ ਦੇ ਗਵਰਨਰ ਨੂੰ ਕਰੜਾ ਦੰਡ ਵੀ ਦਿੱਤਾ। ਇਹ ਇੱਕ ਸੁਯੋਗ ਅਤੇ ਨਿਆਂਇਕ ਪ੍ਰਬੰਧਕ ਦੀ ਵੱਡੀ ਉਦਾਹਰਨ ਮੰਨੀ ਜਾ ਸਕਦੀ ਹੈ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਸਿੱਖ ਰਾਜ ਦੀ ਸਥਾਪਨਾ ਵਿਚਲਾ ਜਾਹੋ ਜਲਾਲ ਨੀਤੀਵਾਨ ਦੇ ਰੂਪ ਵਿਚ ਉਦੋਂ ਹੋਰ ਵੀ ਵਧੇਰੇ ਉੱਭਰਦਾ ਹੈ ਜਦੋਂ ਸ਼ਾਹਜਮਾਨ

*ਕਈ ਵਿਦਵਾਨਾਂ ਨੇ ਬ੍ਰਾਹਮਣ ਦੀਆਂ ਦੋ ਬੇਟੀਆਂ ਦਾ ਜ਼ਿਕਰ ਕੀਤਾ ਹੈ।*

ਪੰਜਾਬ ਨੂੰ ਜਿੱਤ ਕੇ ਅਫ਼ਗਾਨੀ ਰਾਜ ਦਾ ਹਿੱਸਾ ਬਣਾਉਣਾ ਚਾਹੁੰਦਾ ਸੀ। ਅਜਿਹੇ ਸਮੇਂ ਜਦੋਂ ਸ਼ਾਹਜ਼ਮਾਨ ਪੰਜਾਬ ਉੱਪਰ ਹਮਲੇ ਦੀ ਪੂਰੀ ਤਿਆਰੀ ਕਰ ਰਿਹਾ ਸੀ। "ਜੱਸਾ ਸਿੰਘ ਰਾਮਗੜ੍ਹੀਆ ਵੀ ਆਪਣੇ ਪੂਰੇ ਤਾਣ ਨਾਲ ਆਪਣੀ ਫ਼ੌਜ ਲੈ ਕੇ ਪੰਜਾਬ ਉੱਤੇ ਬਣੀ ਭੀੜ ਦੇ ਸਮੇਂ ਸ੍ਰੀ ਅੰਮ੍ਰਿਤਸਰ ਪਹੁੰਚਿਆ ਹੋਇਆ ਸੀ ਅਤੇ ਸੁਤੰਤਰ ਤੌਰ 'ਤੇ ਆਪਣੀ ਫੌਜ ਨੂੰ ਨਿਯਮਾਂ ਵਿਚ ਤਿਆਰ-ਬਰ-ਤਿਆਰ ਕਰ ਕੇ ਖੜੋਤਾ ਸੀ। ਸਰਬੱਤ ਖ਼ਾਲਸੇ ਦੀ ਅੰਮ੍ਰਿਤਸਰ ਸ਼ਹਿਰ ਨੂੰ ਬਚਾਉਣ ਦੀ ਮੋਰਚੇਬੰਦੀ ਦੀ ਖ਼ਬਰ ਸੁਣ ਕੇ ਸ਼ਾਹਜ਼ਮਾਨ ਦਾ ਭੁਲੇਖਾ ਦੂਰ ਹੋ ਗਿਆ ਸੀ। ਉਸ ਨੂੰ ਪ੍ਰਤੀਤ ਹੋਇਆ ਕਿ ਪੰਜਾਬ ਦੀ ਸਿੱਖ ਜਨਤਾ ਦੀ ਇਕਮੁੱਠ ਹੋਈ ਤਾਕਤ ਦੇ ਸਾਹਮਣੇ ਇਸ ਦਾ ਟਾਕਰਾ ਕਰਨ ਦੇ ਸਮਰੱਥ ਨਹੀਂ ਸੀ।"[੬] ਚੰਗੇ ਰਾਜ ਦੀ ਸਥਾਪਤੀ ਲਈ ਏਕਤਾ ਦਾ ਹੋਣਾ ਅਤਿ ਜ਼ਰੂਰੀ ਹੁੰਦਾ ਹੈ। ਇਸ ਏਕਤਾ ਨੂੰ ਪੈਦਾ ਕਰਨ ਦੀ ਸਮਰੱਥਾ ਜੱਸਾ ਸਿੰਘ ਰਾਮਗੜ੍ਹੀਆ ਵਿਚ ਅਸੁਭਾਵਿਕ ਹੀ ਸੀ। ਇਹ ਅਹਿਸਾਸ ਜੋ ਸ਼ਾਹਜ਼ਮਾਨ ਨੂੰ ਕੂਟਨੀਤਿਕ ਤਰੀਕੇ ਨਾਲ ਜੱਸਾ ਸਿੰਘ ਰਾਮਗੜ੍ਹੀਆ ਨੇ ਕਰਵਾਇਆ, ਪਿੱਛੋ ਉਸ ਦੇ ਕੁਸ਼ਲ ਰਾਜ ਪ੍ਰਬੰਧਕ ਹੋਣ ਵਿਚ ਕੋਈ ਸ਼ੰਕਾ ਨਹੀਂ ਰਹਿ ਜਾਂਦੀ। ਇਸੇ ਤਰ੍ਹਾਂ ਯਹੀਆ ਖਾਂ ਦੇ ਹਮਲੇ ਸਮੇਂ ਜਦੋਂ ਛੋਟਾ ਘੱਲੂਘਾਰਾ ਹੋਇਆ ਤਾਂ ਉਸ ਸਮੇਂ ਵੀ ਜੱਸਾ ਸਿੰਘ ਰਾਮਗੜ੍ਹੀਆ ਵੱਲੋਂ ਉਚੇਰੀ ਭੂਮਿਕਾ ਨਿਭਾਈ ਗਈ। ੧੭੪੬ ਈ. ਵਿਚ ਇਸ ਘੱਲੂਘਾਰੇ ਨੇ ਸਿੱਖਾਂ ਦਾ ਵੱਡਾ ਘਾਣ ਕੀਤਾ। ਡਾ. ਗੰਡਾ ਸਿੰਘ ਲਿਖਦੇ ਹਨ "ਯਹੀਆ ਖਾਨ ਅਤੇ ਦੀਵਾਨ ਲਖਪਤ ਰਾਏ ਨੇ ਪੂਰੀ ਤਿਆਰੀ ਕਰ ਕੇ ਸਿੱਖਾਂ ਉੱਤੇ ਵੱਡਾ ਹਮਲਾ ਕੀਤਾ ਸਿੱਖ ਇਸ ਹਮਲੇ ਵਿੱਚ ਪਠਾਨਕੋਟ ਦੇ ਡਲਹੌਜ਼ੀ ਦੇ ਵਿਚਾਲੇ ਦੀਆਂ ਪਹਾੜੀਆਂ ਵਿਚ ਘਿਰ ਗਏ। ਇੱਕ ਪਾਸੇ ਪਹਾੜੀ ਰਾਜੇ ਸਨ ਜਿਨ੍ਹਾਂ ਨੂੰ ਯਹੀਆ ਖਾਨ ਦਾ ਸਿੱਖਾਂ ਦੇ ਵਿਰੁੱਧ ਘੇਰਾ ਪਾਈ ਰੱਖਣ ਦਾ ਸਖਤ ਫੁਰਮਾਨ ਸੀ ਤੇ ਦੂਜੇ ਪਾਸੇ ਦਰਿਆ। ਬਾਕੀ ਦੋ ਤਰਫੀ ਯਹੀਆ ਖਾਨ ਦੀਆਂ ਹਥਿਆਰਬੰਦ ਫ਼ੌਜਾਂ ਸਨ। ਸਿੱਖਾਂ ਪਾਸ ਉਸ ਸਮੇਂ ਕੋਈ ਅਸਲਾ ਨਹੀਂ ਸੀ . . . ਇਸ ਘੇਰੇ ਵਿਚ ਨੌਂ-ਦਸ ਹਜ਼ਾਰ ਦੇ ਵਿਚਕਾਰ ਸਿੱਖ ਸ਼ਹੀਦ ਕੀਤੇ ਗਏ।[੭]

ਇਸੇ ਤਰ੍ਹਾਂ ਵੱਡਾ ਘੱਲੂਘਾਰਾ ੧੭੬੨ ਈ. ਨੂੰ ਮਲੇਰਕੋਟਲੇ ਨੇੜੇ 'ਕੁਪ ਰਹੀੜੇ' ਵਿਚ ਅਹਿਮਦ ਸ਼ਾਹ ਅਬਦਾਲੀ ਵੱਲੋਂ ਕੀਤਾ ਗਿਆ। ਉਸ ਵਿਚ ਵੀ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਕੁਸ਼ਲ ਸੈਨਾ ਨਾਇਕ, ਪ੍ਰਬੰਧਕ ਤੇ ਕੂਟਨੀਤਿਕ ਹੋਣ ਦਾ ਵੱਡਾ ਪ੍ਰਮਾਣ ਮਿਲਦਾ ਹੈ। ਅਬਦਾਲੀ ਨੇ ਇਹ ਹਮਲਾ ਸਿੱਖਾਂ ਦਾ ਨਾਮ-ਓ-ਨਿਸ਼ਾਨ ਮਿਟਾਉਣ ਲਈ ਕੀਤਾ ਸੀ ਅਤੇ ਉਹ ਇਸ ਨੂੰ ਆਪਣੀ ਫ਼ੈਸਲਾਕੁੰਨ ਜੰਗ ਬਣਾਉਣੀ ਚਾਹੁੰਦਾ ਸੀ। ਇਸ ਵਿਚ ਤੀਹ ਕੁ ਹਜ਼ਾਰ ਸਿੰਘ ਸ਼ਹੀਦ ਹੋਏ ਤੇ ਪੰਦਰ੍ਹਾਂ ਹਜ਼ਾਰ ਦੇ ਲੱਗਭਗ ਮੁਸਲਮਾਨ ਸੈਨਾ ਮਾਰੀ ਗਈ ਸੀ। ਥੱਕ ਹਾਰ ਕੇ ਅਬਦਾਲੀ ਲਾਹੌਰ ਨੂੰ ਮੁੜ ਗਿਆ ਅਤੇ ਸਿੰਘ ਲੜਦੇ ਮਾਰਦੇ ਪਹਾੜਾਂ ਨੂੰ ਚੱਲੇ ਗਏ। ਇਸ ਦੀ ਸਾਰੀ ਵਿਉਂਤਬੰਦੀ,

ਫੌਜਾਂ ਦੀ ਵੰਡ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਸੂਝ-ਬੂਝ ਦਾ ਨਤੀਜਾ ਸੀ ਭਾਵੇਂ ਇਸ ਵਿਚ ਮਿਸਲਾਂ ਦੇ ਹੋਰ ਕਈ ਸਰਦਾਰ ਵੀ ਸ਼ਾਮਲ ਸਨ ਪਰ ਆਖਰੀ ਸਮੇਂ ਕਮਾਨ ਸਾਰੀ ਦੀ ਸਾਰੀ ਰਾਮਗੜ੍ਹੀਆ ਸਰਦਾਰ ਪਾਸ ਸੀ।

ਪ੍ਰੋਫ਼ੈਸਰ ਪ੍ਰਿਥੀਪਾਲ ਸਿੰਘ ਕਪੂਰ ਲਿਖਦੇ ਹਨ, "੧੭੬੭ ਈ. ਵਿਚ ਅਹਿਮਦ ਸ਼ਾਹ ਅਬਦਾਲੀ ਨੇ ਆਖਰੀ ਹਮਲਾ ਪੰਜਾਬ 'ਤੇ ਕੀਤਾ। ਮਿਸਲ ਭੰਗੀਆਂ ਪਾਸ ਲਾਹੌਰ ਨੂੰ ਹੋ ਕੇ ਉਸ ਦੇ ਜਰਨੈਲ ਜਹਾਨ ਖਾਨ ਨੇ ਅੰਮ੍ਰਿਤਸਰ ਤੇ ਹੱਲਾ ਬੋਲ ਦਿੱਤਾ ਇੱਥੇ ਬੜੀ ਜੰਮ ਕੇ ਲੜਾਈ ਹੋਈ। ਪਹਿਲਾਂ ਤਾਂ ਸਿੰਘਾਂ ਨੇ ਜਹਾਨ ਖਾਂ ਦੇ ਪੈਰ ਹਿਲਾ ਦਿੱਤੇ ਪਰ ਪਿੱਛੋਂ ਹੋਰ ਅਫ਼ਗਾਨ ਫੌਜਾਂ ਦੇ ਆਉਣ ਕਾਰਨ ਉਹ ਸਿੰਘਾਂ ਨੂੰ ਪਿੱਛੇ ਧੱਕਣ ਵਿਚ ਸਫਲ ਹੋ ਗਏ। ਜਦੋਂ ਅਬਦਾਲੀ ਨੇ ਬਿਆਸ ਦਰਿਆ ਪਾਰ ਕੀਤਾ ਤਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਬੜਾ ਡਟ ਕੇ ਮੁਕਾਬਲਾ ਕੀਤਾ ਤੇ ਅਬਦਾਲੀ ਦੀਆਂ ਫ਼ੌਜਾਂ ਦੇ ਪੈਰ ਹਿੱਲ ਗਏ। ਇਸ ਯੁੱਧ ਵਿਚ ਆਹਲੂਵਾਲੀਆ ਸਰਦਾਰ ਬਹੁਤ ਜ਼ਖ਼ਮੀ ਹੋ ਗਿਆ। ਰਾਮਗੜ੍ਹੀਆ ਸਰਦਾਰ ਨੇ ਇਸ ਬਹਾਦਰੀ ਤੇ ਵਿਉਂਤਬੰਦੀ ਨਾਲ ਜੰਗ ਕੀਤੀ ਕਿ ਅਬਦਾਲੀ ਦੀਆਂ ਫ਼ੌਜਾਂ ਵਿਚ ਧਾਂਕ ਬੈਠ ਗਈ। ਇਸ ਪਿੱਛੋਂ ਅਬਦਾਲੀ ਵਾਪਸ ਮੁੜਨ ਲਈ ਮਜ਼ਬੂਰ ਹੋ ਗਿਆ ਅਤੇ ਸਿੱਖਾਂ ਨੇ ਮਿਸਲਾਂ ਬਣਾ ਕੇ ਪੰਜਾਬ ਦੀ ਧਰਤੀ 'ਤੇ ਸਿੱਖ ਰਾਜ ਦੀ ਸਥਾਪਤੀ ਦੇ ਝੰਡੇ ਗੱਡ ਦਿੱਤੇ।"[੮] ਸਿੱਖ ਰਾਜ ਦੇ ਖ਼ਜ਼ਾਨਿਆਂ ਨੂੰ ਭਰਪੂਰ ਕਰਨ ਵਿਚ ਅਤੇ ਪੰਜਾਬ ਨੂੰ ਆਰਥਿਕ ਖ਼ੁਸ਼ਹਾਲੀ ਦੇਣ ਵਿਚ ਵੀ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਵਿਲੱਖਣ ਯੋਗਦਾਨ ਹੈ। ਜਦੋਂ ਕਸੂਰ ਵਿਚ ਪਠਾਨ ਅੱਤਿਆਚਾਰ ਕਰ ਰਹੇ ਸਨ ਤੇ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਜੱਸਾ ਸਿੰਘ ਰਾਮਗੜ੍ਹੀਆ ਤੇ ਹੋਰ ਸਰਦਾਰਾਂ ਵੱਲੋਂ ਹਮਲਾ ਕੀਤਾ ਗਿਆ। ਉੱਥੇ ਬਾਰ੍ਹਾਂ ਗੜ੍ਹੀਆਂ ਫਤਹ ਕਰ ਕੇ ਬੇਅੰਤ ਧਨ ਮਾਲ ਲੁੱਟਿਆ ਗਿਆ। ਕਸੂਰ ਦੇ ਹਾਕਮ ਹੁਸੈਨ ਖਾਨ ਨੂੰ ਕਰੜੀ ਸਜ਼ਾ ਦਿੱਤੀ ਗਈ ਤੇ ਹਿੰਦੂ-ਧੀਆਂ ਭੈਣਾਂ ਨੂੰ ਉਸ ਦੀ ਕੈਦ ਵਿੱਚੋਂ ਛੁਡਵਾਇਆ। ਕਸੂਰ ਦੀ ਜਿੱਤ ਵਿਚ ਸਭ ਤੋਂ ਬਹੁਤਾ ਧਨ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਹੱਥ ਆਇਆ ਸੀ। ਨੂਰ ਜਹਾਂ ਦੇ ਸਮੇਂ ਦਾ ਕਰੋੜਾਂ ਰੁਪਿਆ ਹੀਰੇ ਜਵਾਹਰਾਤ, ਸੋਨੇ ,ਚਾਂਦੀ ਆਦਿ ਦੇ ਢੇਰਾਂ ਵਿਚ ਚੰਦਰ ਸੈਣੀ ਹਾਰ ਜਿਹੜਾ ਹਨੇਰੇ ਵਿਚ ਪ੍ਰਕਾਸ਼ ਕਰਨ ਵਾਲਾ ਸੀ ਤੇ ਇਕੱਲਾ ਹੀ ਪੰਜਾਹ ਲੱਖ ਰੁਪਏ ਦਾ ਸੀ, ਰਾਮਗੜ੍ਹੀਆ ਸਰਦਾਰ ਹੱਥ ਆਇਆ ਸੀ। ਇਹ ਸਾਰਾ ਧਨ ਉਨ੍ਹਾਂ ਨੇ ਗ਼ਰੀਬਾਂ ਅਤੇ ਲੋੜਵੰਦਾਂ ਦੀ ਮਦਦ ਲਈ ਵਰਤਿਆ। ਉਹ ਆਪਣੇ ਰਾਜ ਦੀ ਆਰਥਿਕ ਖੁਸ਼ਹਾਲੀ ਲਈ ਪੂਰੀ ਤਰ੍ਹਾਂ ਜ਼ਿੰਮੇਵਾਰਾਨਾ ਕਿਰਦਾਰ ਨਿਭਾਉਣ ਦੇ ਸਮਰੱਥ ਸਨ। ਜੰਗ ਵਿਚ ਜਿੱਤਣਾ ਵੱਖਰੀ ਗੱਲ ਹੈ ਪਰ ਉਸ ਜਿੱਤੇ ਹੋਏ ਇਲਾਕੇ ਨੂੰ ਜਥੇਬੰਦ ਕਰਨਾ ਰਾਜ-ਭਾਗ ਦਾ ਕੰਮ ਚਲਾਉਣ ਦਾ ਉੱਤਮ ਤਰੀਕਾ ਜੋ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਸੀ ਉਹ ਹੋਰ ਮਿਸਲਾਂ ਦੇ ਸਰਦਾਰਾਂ ਵਿਚ

ਘੱਟ ਦੇਖਣ ਨੂੰ ਮਿਲਦਾ ਹੈ। ਉਨ੍ਹਾਂ ਨੇ ਆਪਣੇ ਰਾਜ ਦੀਆਂ ਹੱਦਾਂ ਨੂੰ ਵਧਾਉਣ ਲਈ ਯੋਜਨਾਬੰਦੀ ਨਾਲ ਦਿੱਲੀ ਨੂੰ ਵੀ ਦੋ ਵਾਰ ਫਤਹ ਕੀਤਾ ਅਤੇ ਪ੍ਰਾਪਤ ਧਨ ਦਾ ਵੱਡੀ ਗਿਣਤੀ ਵਿਚ ਲੋਕਾਂ ਦੀਆਂ ਲੋੜਾਂ ਉੱਪਰ ਲਗਾਇਆ।

ਪ੍ਰੋਫੈਸਰ ਪ੍ਰਿਥੀਪਾਲ ਸਿੰਘ ਕਪੂਰ ਉਨ੍ਹਾਂ ਦੇ ਰਾਜ ਦੀਆਂ ਹੱਦਬੰਦੀਆਂ ਅਤੇ ਕੁਸ਼ਲ ਸ਼ਾਸਕ ਪ੍ਰਬੰਧ ਬਾਰੇ ਲਿਖਦੇ ਹਨ, "ਪਹਾੜੀ ਰਿਆਸਤਾਂ ਰਿਆੜਕੀ ਅਤੇ ਦੁਆਬੇ ਦੀ ਜਿੱਤ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਤੇਜ ਪ੍ਰਤਾਪ ਸਿਖ਼ਰਾਂ 'ਤੇ ਪਹੁੰਚਾ ਦਿੱਤਾ ਉਨ੍ਹਾਂ ਨੇ ਪਾਣੀਪਤ ਕਰਨਾਲ, ਮੇਰਠ, ਹਿਸਾਰ ਸ਼ਹਿਰਾਂ ਤਕ ਮੱਲਾਂ ਮਾਰੀਆਂ। ਉਹ ਹਮੇਸ਼ਾ ਰਾਜ ਭਾਗ ਦੇ ਕਾਰਜ ਅਕਾਲ ਪੁਰਖ ਦਾ ਸ਼ੁਕਰਾਨਾ ਕਰ ਕੇ ਕਰਦੇ ਸਨ ਤੇ ਤੰਗੀਆਂ ਤੁਰਸ਼ੀਆਂ ਸਮੇਂ ਵੀ ਘਬਰਾਉਂਦੇ ਨਹੀਂ ਸਨ।"

ਉਨ੍ਹਾਂ ਨੇ ਮੀਰ ਮਨੂੰ, ਅਹਿਮਦ ਸ਼ਾਹ ਅਬਦਾਲੀ, ਤੈਮੂਰ ਸ਼ਾਹ ਵਰਗੇ ਜ਼ਾਲਮ ਮੁਗ਼ਲਾਂ ਦਾ ਡਟ ਕੇ ਮੁਕਾਬਲਾ ਕੀਤਾ। ਅਬਦੁਲ ਸਮਦ ਖਾਨ, ਫਰੁਖ਼ਸੀਅਰ ਆਦਿ ਨੇ ਸਿੱਖਾਂ ਉੱਪਰ ਜ਼ੁਲਮਾਂ ਦੀ ਅੱਤ ਕਰ ਦਿੱਤੀ ਹੋਈ ਸੀ ਪਰ ਹੌਲੀ-ਹੌਲੀ ਸਿੱਖ ਸਰਦਾਰਾਂ ਦੀ ਵੱਧ ਰਹੀ ਤਾਕਤ ਕਰਕੇ ਸਿੱਖ ਇਸ ਕਾਬਲ ਹੋਣ ਲੱਗ ਪਏ ਕਿ ਉਹ ਆਪਣਾ ਸੁਤੰਤਰ ਰਾਜ ਸਥਾਪਿਤ ਕਰ ਸਕਣ।

**ਹਵਾਲੇ** :


੧. ਸੋਹਣ ਸਿੰਘ ਸੀਤਲ, *ਸਿੱਖ ਮਿਸਲਾਂ ਤੇ ਸਰਦਾਰ ਘਰਾਣੇ*, ਪੰਨਾ ੫੭

੨. ਗੰਡਾ ਸਿੰਘ, *ਸਰਦਾਰ ਜੱਸਾ ਸਿੰਘ ਆਹਲੂਵਾਲੀਆ*, ਪੰਨਾ ੭

੩. ਅਹਿਮਦ ਸ਼ਾਹ, *ਤਾਰੀਖ-ਏ-ਪੰਜਾਬ*, ਪੰਨੇ ੫੧-੫੨

੪. ਤਰਸੇਮ ਸਿੰਘ, ਸਿੱਖ ਸੰਘਰਸ਼ ਵਿਚ *ਸਰਦਾਰ ਜੱਸਾ ਸਿੰਘ ਰਾਮਗੜ੍ਹੀਆ*, ਪੰਨਾ ੧੦

੫. ਗੁਰਨਾਮ ਸਿੰਘ ਰਾਏ, *ਜੱਸਾ ਸਿੰਘ ਰਾਮਗੜ੍ਹੀਆ*, ਪੰਨਾ ੮

੬. ਉਹੀ, ਪੰਨਾ ੧੧੬

੭. ਗੰਡਾ ਸਿੰਘ, *ਮਹਾਰਾਜਾ ਕੌੜਾ ਮੱਲ*, ਪੰਨੇ ੨੫-੨੬

੮. ਬਖਸ਼ੀ ਸਿੰਘ ਆਦਿਲ, *ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ*, ਪੰਨਾ ੨੪


■

## ਬਾਬਾ ਬਕਾਲਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਮੈਨੇਜਰ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ, ਬਾਬਾ ਬਕਾਲਾ ਸਾਹਿਬ, ਪੁੱਜੀ ਰਿਪੋਰਟ ਅਨੁਸਾਰ ਉਕਤ ਗੁਰਦੁਆਰਾ ਸਾਹਿਬ ਵਿਖੇ ੮ ਦਸੰਬਰ, ੨੦੨੨ ਈ. ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ੯੪ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

ਖ਼ਬਰਨਾਮਾ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸ. ਨਿਰਮਲ ਸਿੰਘ ਹਰਿਆਓ ਦੇ ਅਕਾਲ ਚਲਾਣੇ 'ਤੇ ਐਡਵੋਕੇਟ ਧਾਮੀ ਵੱਲੋਂ ਦੁੱਖ ਪ੍ਰਗਟ

ਸ੍ਰੀ ਅੰਮ੍ਰਿਤਸਰ, ੯ ਅਪ੍ਰੈਲ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸ. ਨਿਰਮਲ ਸਿੰਘ ਹਰਿਆਓ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ. ਹਰਿਆਓ ਪਿਛਲੇ ਲੰਮੇ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਉਨ੍ਹਾਂ ਕਿਹਾ ਕਿ ਸ. ਨਿਰਮਲ ਸਿੰਘ ਨੇ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਸ਼ਲਾਘਾਯੋਗ ਕਾਰਜ ਕੀਤੇ। ਉਨ੍ਹਾਂ ਕਿਹਾ ਕਿ ਸ. ਨਿਰਮਲ ਸਿੰਘ ਹਰਿਆਓ ਦੇ ਅਕਾਲ ਚਲਾਣੇ ਨਾਲ ਉਨ੍ਹਾਂ ਦੇ ਪਰਵਾਰ ਦੇ ਨਾਲ-ਨਾਲ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਵੱਡਾ ਘਾਟਾ ਪਿਆ ਹੈ। ਐਡਵੋਕੇਟ ਧਾਮੀ ਨੇ ਸ. ਨਿਰਮਲ ਸਿੰਘ ਦੇ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਦੇਣ।

## ਖ਼ਾਲਸਾ ਸਾਜਣਾ ਦਿਵਸ ਮੌਕੇ ਗੁਰੂ-ਘਰਾਂ ਅੰਦਰ ਪੁਲਿਸ ਦਾ ਬੇਲੋੜਾ ਦਖਲ ਬਰਦਾਸ਼ਤ ਨਹੀਂ -ਐਡਵੋਕੇਟ ਧਾਮੀ

ਸ੍ਰੀ ਅੰਮ੍ਰਿਤਸਰ, ੧੩ ਅਪ੍ਰੈਲ - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੂੰ ਖ਼ਾਲਸੇ ਦੇ ਸਾਜਣਾ ਦਿਵਸ ਮੌਕੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਅੰਦਰ ਬੇਲੋੜੇ ਦਖ਼ਲ ਬੰਦ ਕਰਨ ਅਤੇ ਆਪਣੇ ਜਾਬਤੇ ਅੰਦਰ ਰਹਿਣ ਨੂੰ ਕਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਅੱਜ ਜਦੋਂ ਸਿੱਖ ਕੌਮ ਖ਼ਾਲਸੇ ਦਾ ਸਾਜਣਾ ਦਿਵਸ ਕੌਮੀ ਰਵਾਇਤਾਂ ਅਨੁਸਾਰ ਮਨਾ ਰਹੀ ਹੈ ਤਾਂ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਗੁਰੂ-ਘਰਾਂ ਅੰਦਰ ਬੇਲੋੜੀ ਦਖ਼ਲਅੰਦਾਜ਼ੀ ਨਾਲ ਸੰਗਤ ਅੰਦਰ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਗਤ 'ਤੇ ਪੁਲਿਸ ਪ੍ਰਸਾਸ਼ਨ ਵੱਲੋਂ ਮਨਮਰਜ਼ੀ ਦੀਆਂ ਪਾਬੰਦੀਆਂ ਆਇਦ ਕੀਤੀਆਂ ਜਾ ਰਹੀਆਂ ਹਨ, ਜਿਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਸੂਚਨਾਵਾਂ ਪ੍ਰਾਪਤ ਹੋ ਰਹੀਆਂ ਹਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰ ਦੀ ਇਹ ਕਾਰਵਾਈ ਬੇਹੱਦ ਮਾੜੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ

ਸਕਦਾ। ਉਨ੍ਹਾਂ ਕਿਹਾ ਕਿ ਖ਼ਾਲਸਾ ਸਾਜਣਾ ਦਿਵਸ ਸਿੱਖ ਕੌਮ ਲਈ ਬੇਹੱਦ ਮਹੱਤਵਪੂਰਨ ਅਤੇ ਸ਼ਰਧਾ ਭਰਪੂਰ ਹੋਣ ਕਰਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਭਰਵੀਂ ਗਿਣਤੀ ਵਿਚ ਸੰਗਤ ਪੁੱਜਦੀ ਹੈ, ਪਰੰਤੂ ਪੁਲਿਸ ਦੀ ਬਿਨਾਂ ਵਜ੍ਹਾ ਤਾਇਨਾਤੀ ਕਰਕੇ ਉਨ੍ਹਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਕਿਹਾ ਕਿ ਪੁਲਿਸ ਵੱਲੋਂ ਜਾਣਬੁੱਝ ਕੇ ਸਿੱਖ ਸੰਗਤ ਅੰਦਰ ਡਰ ਅਤੇ ਦਹਿਸ਼ਤ ਦਾ ਮਹੌਲ ਬਣਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬਾਨ ਅੰਦਰ ਪੁਲਿਸਕਰਮੀ ਪ੍ਰਬੰਧਕਾਂ ਨੂੰ ਵੀ ਆਪਣੀ ਇੱਛਾ ਅਨੁਸਾਰ ਚੱਲਣ ਲਈ ਦਬਾਅ ਪਾ ਰਹੇ ਹਨ। ਇਹ ਬਰਦਾਸ਼ਤ ਤੋਂ ਬਾਹਰ ਦੀ ਕਾਰਵਾਈ ਹੈ ਅਤੇ ਪੁਲਿਸ ਵੱਲੋਂ ਮਰਯਾਦਾ ਨੂੰ ਵੀ ਸਿੱਧੀ ਚੁਣੌਤੀ ਵਾਂਗ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਤੋਂ ਇਹ ਰਿਪੋਰਟਾਂ ਵੀ ਮਿਲ ਰਹੀਆਂ ਹਨ ਕਿ ਗੁਰੂ-ਘਰਾਂ ਅੰਦਰ ਸਿਵਲ ਪਹਿਰਾਵੇ ਵਿਚ ਮੌਜੂਦ ਪੁਲਿਸ ਬੇਪਛਾਣ ਹੋ ਕੇ ਸੰਗਤ ਉੱਤੇ ਨਿਗਾਹ ਰੱਖਦਿਆਂ ਪਰੇਸ਼ਾਨ ਕਰ ਰਹੀ ਹੈ, ਜਿਸ ਦੇ ਸੰਗਤ ਵੱਲੋਂ ਭਾਰੀ ਇਤਰਾਜ਼ ਜਤਾਏ ਜਾ ਰਹੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਇਨ੍ਹਾਂ ਕਾਰਵਾਈਆਂ ਲਈ ਸ. ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਸਿੱਧੀ ਸਵਾਲਾਂ ਦੇ ਘੇਰੇ ਵਿਚ ਹੈ, ਜਿਸ ਤੋਂ ਉਹ ਬਰੀ ਨਹੀਂ ਹੋ ਸਕਦੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਸਰਕਾਰ ਤੁਰੰਤ ਗੁਰੂ-ਘਰਾਂ ਤੋਂ ਪੁਲਿਸ ਨੂੰ ਬਾਹਰ ਕਰੇ। ਉਨ੍ਹਾਂ ਸੰਗਤ ਨੂੰ ਵੀ ਅਪੀਲ ਕੀਤੀ ਕਿ ਉਹ ਪੁਲਿਸ ਵੱਲੋਂ ਪੈਦਾ ਕੀਤੇ ਜਾ ਰਹੇ ਭੈ ਨੂੰ ਨਕਾਰ ਕੇ ਗੁਰੂ-ਘਰ ਸ਼ਰਧਾ ਪ੍ਰਗਟਾਉਣ ਲਈ ਪੁੱਜੇ। ਉਨ੍ਹਾਂ ਕਿਹਾ ਕਿ ਜੇ ਕਿਤੇ ਸਰਕਾਰ ਜਾਂ ਪੁਲਿਸ ਪ੍ਰਸ਼ਾਸਨ ਸੰਗਤ ਨੂੰ ਤੰਗ-ਪਰੇਸ਼ਾਨ ਕਰਦਾ ਹੈ ਤਾਂ ਉਸ ਦੀ ਸੂਚਨਾ ਤੁਰੰਤ ਸਥਾਨਕ ਅਤੇ ਸੰਬੰਧਿਤ ਗੁਰਦੁਆਰਾ ਸਾਹਿਬਾਨ ਦੇ ਮੈਨੇਜਰਾਂ ਨੂੰ ਦਿੱਤੀ ਜਾਵੇ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ ਦੇ ਸਮਾਗਮ ਖ਼ਾਲਸਾ ਫ਼ਤਹ ਮਾਰਚ ਨਾਲ ਅਰੰਭ

ਸ੍ਰੀ ਅੰਮ੍ਰਿਤਸਰ, ੧੯ ਅਪ੍ਰੈਲ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਕੌਮ ਦੇ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ੩੦੦ ਸਾਲਾ ਜਨਮ ਦਿਹਾੜੇ ਸੰਬੰਧੀ ਸ਼ਤਾਬਦੀ ਸਮਾਗਮ ਦਿੱਲੀ ਸਥਿਤ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਤੋਂ ਖ਼ਾਲਸਾ ਫ਼ਤਹ ਮਾਰਚ ਨਾਲ ਅਰੰਭ ਹੋਏ। ਸਿੱਖ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੇ ਸਾਥੀ ਜਰਨੈਲਾਂ ਨਾਲ ਦਿੱਲੀ ਫ਼ਤਹ ਕਰ ਕੇ ਲਾਲ ਕਿਲ੍ਹੇ 'ਤੇ ਖਾਲਸਈ ਨਿਸ਼ਾਨ ਝੁਲਾਇਆ ਸੀ ਅਤੇ ਮੁਗ਼ਲ ਸਾਮਰਾਜ ਦਾ ਤਖ਼ਤ-ਏ-ਤਾਊਸ ਹਾਥੀਆਂ ਮਗਰ ਬੰਨ੍ਹ ਕੇ ਗੁਰੂ-ਚਰਨਾਂ ਵਿਚ ਸ੍ਰੀ ਦਰਬਾਰ ਸਾਹਿਬ ਬੁੰਗਾ ਰਾਮਗੜ੍ਹੀਆ ਵਿਖੇ ਸਥਾਪਿਤ ਕੀਤਾ ਸੀ। ਇਤਿਹਾਸ ਦੇ ਇਸ ਵਾਕਿਆਤ ਕਰਕੇ ਹੀ ਸ੍ਰੀ ਅੰਮ੍ਰਿਤਸਰ ਲਈ ਦਿੱਲੀ

ਤੋਂ ਪੰਥਕ ਜਾਹੋ ਜਲਾਲ ਨਾਲ ਖਾਲਸਾ ਫ਼ਤਹ ਮਾਰਚ ਸ਼ੁਰੂ ਕੀਤਾ ਗਿਆ ਹੈ। ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਵਿਖੇ ਖ਼ਾਲਸਾ ਫ਼ਤਹ ਮਾਰਚ ਦੀ ਅਰੰਭਤਾ ਤੋਂ ਪਹਿਲਾਂ ਗੁਰਬਾਣੀ ਕੀਰਤਨ ਹੋਇਆ ਅਤੇ ਅਰਦਾਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਪਾਲਕੀ ਸਾਹਿਬ 'ਚ ਸੁਸ਼ੋਭਿਤ ਕੀਤਾ। ਅਰੰਭਤਾ ਸਮੇਂ ਪ੍ਰਬੰਧਕਾਂ ਨੇ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਸਿੰਘਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੱਤੇ। ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਤੋਂ ਅਰੰਭ ਹੋਇਆ ਖ਼ਾਲਸਾ ਫ਼ਤਹ ਮਾਰਚ ਦਿੱਲੀ ਦੇ ਸ਼ੰਕਰ ਰੋਡ, ਪਟੇਲ ਨਗਰ, ਸ਼ਾਦੀਪੁਰ, ਮੋਤੀ ਨਗਰ, ਰਾਮੇਸ਼ ਨਗਰ, ਰਾਜਾ ਗਾਰਡਨ, ਰਜੌਰੀ ਗਾਰਡਨ, ਟੈਗੋਰ ਗਾਰਡਨ, ਸੁਭਾਸ਼ ਨਗਰ, ਤਿਲਕ ਨਗਰ, ਜੇਲ੍ਹ ਰੋਡ, ਹਰੀ ਨਗਰ ਤੋਂ ਹੁੰਦਾ ਹੋਇਆ ਗੁਰਦੁਆਰਾ ਛੋਟੇ ਸਾਹਿਬਜ਼ਾਦੇ, ਫ਼ਤਹਿ ਨਗਰ ਪੁੱਜਾ। ਰਸਤੇ ਵਿਚ ਸੰਗਤ ਨੇ ਉਤਸ਼ਾਹ ਨਾਲ ਨਗਰ ਕੀਰਤਨ ਵਿਚ ਹਾਜ਼ਰੀ ਭਰੀ ਅਤੇ ਕਈ ਥਾਵਾਂ 'ਤੇ ਲੰਗਰ ਆਦਿ ਦੇ ਪ੍ਰਬੰਧ ਵੀ ਕੀਤੇ। ਸੰਗਤ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸਾਹਿਬ ਨੂੰ ਸਤਿਕਾਰ ਭੇਟ ਕੀਤਾ ਅਤੇ ਪੰਜ ਪਿਆਰੇ ਤੇ ਨਿਸ਼ਾਨਚੀ ਸਿੰਘਾਂ ਨੂੰ ਗੁਰੂ ਬਖਸ਼ਿਸ਼ ਸਿਰੋਪਾਓ ਦਿੱਤੇ ਗਏ। ਖ਼ਾਲਸਾ ਫ਼ਤਹ ਮਾਰਚ ਦੌਰਾਨ ਸਿੱਖ ਜਰਨੈਲਾਂ ਦੇ ਇਤਿਹਾਸਿਕ ਸ਼ਸਤਰਾਂ ਵਾਲੀ ਬੱਸ ਸੰਗਤ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ। ਖ਼ਾਲਸਾ ਫ਼ਤਹ ਮਾਰਚ ਦੀ ਅਰੰਭਤਾ ਸਮੇਂ ਪੁੱਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਿੱਖ ਸੰਗਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਹਾਨ ਸਿੱਖ ਜਨਰੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਯਾਦ ਕਰਦਿਆਂ ਉਨ੍ਹਾਂ ਦੀ ੩੦੦ ਸਾਲਾ ਜਨਮ ਸ਼ਤਾਬਦੀ ਦੇ ਸਮਾਗਮਾਂ ਦੀ ਸ਼ੁਰੂਆਤ ਦਿੱਲੀ ਤੋਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਖ਼ਾਲਸਾ ਪੰਥ ਵੱਲੋਂ ਦਿੱਲੀ ਫਤਹ ਸਮੇਂ ਸਰਦਾਰ ਜੱਸਾ ਸਿੰਘ ਦੀ ਭੂਮਿਕਾ ਸਿੱਖ ਇਤਿਹਾਸ ਦਾ ਹਾਸਲ ਹੈ ਇਸੇ ਲਈ ਦਿੱਲੀ ਨੂੰ ਵਿਸ਼ੇਸ਼ ਸਮਾਗਮਾਂ ਲਈ ਚੁਣਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸੇ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਲੀ ਵਿਖੇ ਤਿੰਨ ਦਿਨਾਂ ਸਮਾਗਮ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਨੌਜੁਆਨਾਂ ਨੂੰ ਸਿੱਖ ਇਤਿਹਾਸ ਅਤੇ ਵਿਰਸੇ ਨਾਲ ਜੋੜਿਆ ਜਾਵੇ, ਜਿਸ ਲਈ ਸ਼ਤਾਬਦੀ ਸਮਾਗਮ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਅਰੰਭ ਹੋਏ ਖ਼ਾਲਸਾ ਫ਼ਤਹ ਮਾਰਚ ਵਿਚ ਦਿੱਲੀ ਦੀਆਂ ਵੱਖ-ਵੱਖ ਸਿੱਖ ਜਥੇਬੰਦੀਆਂ ਅਤੇ ਸੰਗਤ ਵੱਲੋਂ ਭਰਵਾਂ ਸਹਿਯੋਗ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਇਹ ਫ਼ਤਹ ਮਾਰਚ ੪ ਮਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜ ਕੇ ਸੰਪੰਨ ਹੋਵੇਗਾ। ਫ਼ਤਹ

ਮਾਰਚ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਰਾਮ ਸਿੰਘ, ਸੀਨੀਅਰ ਅਕਾਲੀ ਆਗੂ ਸ. ਬਲਵਿੰਦਰ ਸਿੰਘ ਭੂੰਦੜ, ਸ. ਹੀਰਾ ਸਿੰਘ ਗਾਬੜੀਆ, ਸ. ਪਰਮਜੀਤ ਸਿੰਘ ਸਰਨਾ, ਜਾਗੋ ਪਾਰਟੀ ਦੇ ਪ੍ਰਧਾਨ ਸ. ਮਨਜੀਤ ਸਿੰਘ ਜੀ.ਕੇ, ਦਿੱਲੀ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ, ਦਿੱਲੀ ਕਮੇਟੀ ਮੈਂਬਰ ਬੀਬੀ ਰਣਜੀਤ ਕੌਰ, ਸ. ਸੁਖਵਿੰਦਰ ਸਿੰਘ ਬੱਬਰ, ਸ. ਕੁਲਦੀਪ ਸਿੰਘ ਭੋਗਲ, ਸ. ਸੁਖਦੇਵ ਸਿੰਘ ਰਿਆਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਬਿਜੈ ਸਿੰਘ, ਸ. ਸਿਮਰਜੀਤ ਸਿੰਘ, ਮੀਤ ਸਕੱਤਰ ਸ. ਤੇਜਿੰਦਰ ਸਿੰਘ ਪੱਡਾ, ਸ. ਕੁਲਦੀਪ ਸਿੰਘ ਰੋਡੇ, ਦਿੱਲੀ ਸਿੱਖ ਮਿਸ਼ਨ ਦੇ ਇੰਚਾਰਜ ਸ. ਸੁਰਿੰਦਰਪਾਲ ਸਿੰਘ ਸੁਮਾਨਾ, ਸ. ਜਸਵੀਰ ਸਿੰਘ ਜੱਸੀ, ਮੈਨੇਜਰ ਸ. ਸੁਖਰਾਜ ਸਿੰਘ, ਇੰਚਾਰਜ ਸ. ਮੇਜਰ ਸਿੰਘ, ਸ. ਮਨਜੀਤ ਸਿੰਘ, ਸ. ਕਰਤਾਰ ਸਿੰਘ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ ਆਦਿ ਮੌਜੂਦ ਸਨ। ਖ਼ਾਲਸਾ ਫ਼ਤਹ ਮਾਰਚ ਅੰਦਰ ਸਹਿਯੋਗੀ ਸਿੱਖ ਜਥੇਬੰਦੀਆਂ ਵੱਲੋਂ ਤਿਆਰ ਕੀਤੀਆਂ ਦੋ ਪ੍ਰਦਰਸ਼ਨੀਆਂ ਸੰਗਤ ਲਈ ਖਿੱਚ ਦਾ ਕੇਂਦਰ ਰਹੀਆਂ। ਇਹ ਪ੍ਰਦਰਸ਼ਨੀਆਂ ਵਿਸ਼ੇਸ਼ ਗੱਡੀਆਂ ’ਤੇ ਸਜਾ ਕੇ ਨਗਰ ਕੀਰਤਨ ਵਿਚ ਸ਼ਾਮਲ ਕੀਤੀਆਂ ਗਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਇਨ੍ਹਾਂ ਪ੍ਰਦਰਸ਼ਨੀਆਂ ਬਾਰੇ ਦੱਸਿਆ ਕਿ ਖ਼ਾਲਸਾ ਫ਼ਤਹ ਮਾਰਚ ਵਿਚ ਸਿੱਖ ਜਰਨੈਲਾਂ ਦੇ ਇਤਿਹਾਸ ਤੋਂ ਸੰਗਤ ਨੂੰ ਜਾਣੂ ਕਰਵਾਉਣ ਦੇ ਯਤਨ ਕੀਤੇ ਗਏ ਹਨ। ਪ੍ਰਦਰਸ਼ਨੀਆਂ ਜ਼ਰੀਏ ਦਰਸਾਇਆ ਗਿਆ ਕਿ ਕਿਵੇਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਸਾਥੀ ਸਿੱਖ ਜਰਨੈਲ ਦਿੱਲੀ ਫ਼ਤਹ ਕਰਨ ਉਪਰੰਤ ਮੁਗਲ ਸਾਮਰਾਜ ਦੇ ਤਖ਼ਤ-ਏ-ਤਾਊਸ ਨੂੰ ਧੂਹ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਲੈ ਗਏ ਸਨ। ਉਨ੍ਹਾਂ ਕਿਹਾ ਕਿ ਇਹ ਸਿੱਖ ਇਤਿਹਾਸ ਦਾ ਹਾਸਲ ਹੈ ਕਿ ਸਿੱਖਾਂ ਨੇ ਮੁਗ਼ਲ ਸਾਮਰਾਜ ਦਾ ਉਹ ਤਖ਼ਤ-ਏ-ਤਾਊਸ ਪੁੱਟਿਆ ਜਿਸ ਉੱਤੇ ਬੈਠ ਕੇ ਜਾਬਰ ਬਾਦਸ਼ਾਹ ਹੁਕਮ ਜਾਰੀ ਕਰਦੇ ਸਨ। ਇਹ ਤਖ਼ਤ-ਏ-ਤਾਊਸ ਦੀ ਸਿਲ ਅੱਜ ਵੀ ਸ੍ਰੀ ਦਰਬਾਰ ਸਾਹਿਬ ਸਥਿਤ ਬੁੰਗਾ ਰਾਮਗੜ੍ਹੀਆ ਵਿਖੇ ਮੌਜੂਦ ਹੈ। ■

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ
ਪਰਕਰਮਾ ਵਿਚ ਸਥਿਤ ਰਾਮਗੜ੍ਹੀਆ ਬੁੰਗੇ ਦੀ ਬਾਹਰੀ ਤਸਵੀਰ।
ਤਸਵੀਰ ਵਿਚ ਪਿੱਛੇ ਗੁਰੂ ਰਾਮਦਾਸ ਜੀ ਲੰਗਰ
ਦੀ ਇਮਾਰਤ ਦਿੱਸ ਰਹੀ ਹੈ।




Registered with Registrar of Newspaper at No. 354/57

Postal Regd.No.L-I/PB-ASR/007/2022-2024 Without Pre-payment of Postage under License no. PB/370/2022-2024

# GURMAT PARKASH May 2023

Dharam Parchar Committee, Shiromani Gurdwara Parbandhak Committee, Sri Amritsar Sahib



ਦਿੱਲੀ ਫ਼ਤਹ ਕਰਨ ਸਮੇਂ
ਮੈਦਾਨ-ਏ-ਜੰਗ ਵਿਚ ਜੂਝਦੇ ਹੋਏ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh

Date: 2-5-2023